ਕੇਂਦਰ ਸਰਕਾਰ,
ਪੰਜਾਬ ਸਰਕਾਰ,
ਹਰਿਆਣਾ ਸਰਕਾਰ
ਤੋਂ ਹਰ ਤਰ੍ਹਾਂ ਦੇ ਸਰਕਾਰੀ
ਇਸ਼ਤਿਹਾਰਾਂ ਲਈ ਮਨਜ਼ੂਰ।
ਇਸ਼ਤਿਹਾਰ ਪ੍ਰਕਾਸ਼ਿਤ
ਕਰਵਾਉਣ ਲਈ ਸੰਪਰਕ ਕਰੋ।
email: advtdeshpardesh.com

ਰੋਜ਼ਾਨਾ
ਦੇਸ਼ ਪ੍ਰਦੇਸ਼
ਸੱਚੀ ਖ਼ਬਰ, ਸਹੀ ਡਗਰ, ਸਦਾ ਨਿਡਰ
ਪ੍ਰਕਾਸ਼ਨ ਦਾ 35ਵਾਂ ਸਾਲ
ਚੰਡੀਗੜ੍ਹ-ਹਰਿਆਣਾ ਐਡੀਸ਼ਨ
CHANDIGARH-HARYANA EDITION
Email - deshpardeshchd@gmail.com
ਮੁੱਖ ਸੰਪਾਦਕ
ਸ਼ਸ਼ੀ ਪਾਲ ਜੈਨ
Des Pardes

'ਵੋਟਾਂ ਦੀ ਸਿਹਤ ਤੇ ਹੱਕ ਸਭ ਤੋਂ ਪਹਿਲਾਂ' ਕੁਲਜੀਤ ਸਿੰਘ ਬੇਦੀ ਦੀ ਚੋਣ ਕਮਿਸ਼ਨ ਨੂੰ ਵੱਡੀ ਅਪੀਲ 03

ਸਾਲ 1, ਅੰਕ 235 | Ph (Mohali Office) : 0160-2990739; (M) : +91-98156-16078 | ਸ਼ੁੱਕਰਵਾਰ, 22 ਮਈ 2026 (8 ਜੇਠ, ਨਾਨਕਸ਼ਾਹੀ ਸੰਮਤ 558) | RNI NO. CHPUN/25/A1263. | ਸਫ਼ੇ - 8 | ਮੁੱਲ : ₹ 2

ਮਾਨ ਸਰਕਾਰ ਨੇ ਸਪੱਸ਼ਟ ਕੀਤਾ ਬੇਅਦਬੀ ਕਾਨੂੰਨ 'ਚ ਕੋਈ ਬਦਲਾਅ ਨਹੀਂ

ਸ਼੍ਰੋਮਣੀ ਕਮੇਟੀ ਤੇ ਸਿੱਖ ਸੰਗਠਨਾਂ ਦੇ ਦਬਾਅ ਦੇ ਬਾਵਜੂਦ ਮੁੱਖ ਮੰਤਰੀ ਦ੍ਰਿੜ

ਦੇਸ਼ ਪ੍ਰਦੇਸ਼

ਚੰਡੀਗੜ੍ਹ, 21 ਮਈ (ਦੇਸ਼ ਪ੍ਰਦੇਸ਼ ਬਿਊਰੋ) : ਪੰਜਾਬ ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਬੇਅਦਬੀ ਦੀਆਂ ਕਾਰਵਾਈਆਂ ਨੂੰ ਹੱਲ ਕਰਨ ਲਈ ਬਣਾਏ ਗਏ ਕਾਨੂੰਨ 'ਜਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਾਰ (ਸੋਧ) ਬਿੱਲ-2026' ਵਿੱਚ ਕੋਈ ਬਦਲਾਅ ਨਹੀਂ ਕੀਤਾ ਜਾਵੇਗਾ। ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲਿਆਂ ਵਿਰੁੱਧ ਕੇਸ ਦਰਜ ਕੀਤੇ ਜਾਣਗੇ ਅਤੇ ਮੁਕੱਦਮੇ ਇਸੇ ਕਾਨੂੰਨ ਦੇ ਉਪਬੰਧਾਂ ਤਹਿਤ ਹੀ ਚਲਾਏ ਜਾਣਗੇ। ਸਰਕਾਰ ਨੇ ਆਪਣਾ ਰੁਖ਼ ਅਜਿਹੇ ਸਮੇਂ ਸਪੱਸ਼ਟ ਕੀਤਾ ਹੈ ਜਦੋਂ ਸ਼੍ਰੋਮਣੀ ਕਮੇਟੀ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਕੁਝ ਸਿੱਖ ਸੰਗਠਨ ਇਸ ਕਾਨੂੰਨ ਦਾ ਵਿਰੋਧ ਕਰ ਰਹੇ ਹਨ। ਪ੍ਰਦਰਸ਼ਨਕਾਰੀ ਸੰਗਠਨਾਂ ਦਾ ਦੋਸ਼ ਹੈ ਕਿ ਬਿੱਲ ਦਾ ਖਰੜਾ ਤਿਆਰ ਕਰਨ ਤੋਂ ਪਹਿਲਾਂ ਉਨ੍ਹਾਂ ਨਾਲ ਨਾ ਤਾਂ ਸਲਾਹ-ਮਸ਼ਵਰਾ ਕੀਤਾ ਗਿਆ ਸੀ ਅਤੇ ਨਾ ਹੀ ਉਨ੍ਹਾਂ ਨੂੰ ਵਿਸ਼ਵਾਸ ਵਿੱਚ ਲਿਆ ਗਿਆ ਸੀ। ਕੁਝ ਸੰਗਠਨਾਂ ਨੇ ਤਾਂ ਇਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ 'ਸੰਗਤ' (ਸੰਗਤ) ਨੂੰ ਦੂਰ ਕਰਨ ਦੀ ਸਾਜ਼ਿਸ਼ ਬਾਕੀ ਸਫ਼ਾ 7 'ਤੇ

ਪੰਜਾਬ ਸਰਕਾਰ ਨਾਲ ਗੱਲਬਾਤ ਉਪਰੰਤ ਸਫਾਈ ਕਰਮਚਾਰੀਆਂ ਨੇ ਵਾਪਸ ਲਈ ਹੜਤਾਲ : ਹਰਪਾਲ ਚੀਮਾ

ਦੇਸ਼ ਪ੍ਰਦੇਸ਼

ਚੰਡੀਗੜ੍ਹ, 21 ਮਈ (ਵਰਿੰਦਰ) : ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਪੰਜਾਬ ਭਰ ਦੀਆਂ ਵੱਖ-ਵੱਖ ਸ਼ਹਿਰੀ ਸਥਾਨਕ ਇਕਾਈਆਂ, ਨਗਰ ਕੌਂਸਲਾਂ, ਨਗਰ ਕਮੇਟੀਆਂ ਅਤੇ ਨਗਰ ਪੰਚਾਇਤਾਂ ਦੇ ਸਫਾਈ ਕਰਮਚਾਰੀਆਂ ਨੇ ਪੰਜਾਬ ਸਰਕਾਰ ਨਾਲ ਸਫਲ ਗੱਲਬਾਤ ਤੋਂ ਬਾਅਦ ਆਪਣੀ ਚੱਲ ਰਹੀ ਹੜਤਾਲ ਵਾਪਸ ਲੈਣ ਦਾ ਫੈਸਲਾ ਕੀਤਾ ਹੈ। ਸਫਾਈ ਕਰਮਚਾਰੀਆਂ ਦੀਆਂ ਯੂਨੀਅਨਾਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਤੋਂ ਬਾਅਦ ਮੀਡੀਆ ਨੂੰ ਸੰਬੋਧਨ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਕਰਮਚਾਰੀਆਂ ਦੀ 35 ਮੈਂਬਰੀ ਕਮੇਟੀ ਦੇ ਪੰਜ ਮੈਂਬਰੀ ਵਫ਼ਦ ਨੇ ਕੈਬਨਿਟ ਮੰਤਰੀ ਹਰਜੋਤ ਬੈਂਸ, ਸਰਕਾਰ ਦੇ ਸੀਨੀਅਰ ਅਧਿਕਾਰੀਆਂ ਅਤੇ ਮੇਰੇ ਨਾਲ ਕਰਮਚਾਰੀਆਂ ਦੀਆਂ ਮੰਗਾਂ ਸਬੰਧੀ ਵਿਸਥਾਰਪੂਰਵਕ ਚਰਚਾ ਕੀਤੀ। ਉਨ੍ਹਾਂ ਸਾਂਝਾ ਕੀਤਾ ਕਿ ਗੱਲਬਾਤ ਦੌਰਾਨ ਕਈ ਮੰਗਾਂ ਦਾ ਹੱਲ ਕਰ ਲਿਆ ਗਿਆ, ਜਦੋਂ ਕਿ ਕਾਨੂੰਨੀ ਅਤੇ ਚੋਣ ਜ਼ਾਬਤੇ ਨਾਲ ਸਬੰਧਤ ਕੁਝ ਮੁੱਦਿਆਂ 'ਤੇ ਅਗਲੇਰੀ ਪ੍ਰਕਿਰਿਆਤਮਕ ਵਿਚਾਰ ਵਟਾਂਦਰੇ ਦੀ ਲੋੜ ਹੈ। ਸਰਕਾਰ ਅਤੇ ਯੂਨੀਅਨ ਦੇ ਨੁਮਾਇੰਦਿਆਂ ਨੇ ਆਪਸੀ ਸਹਿਮਤੀ ਨਾਲ ਇੱਕ ਕਮੇਟੀ ਬਣਾਉਣ ਦਾ ਫੈਸਲਾ ਕੀਤਾ ਹੈ ਜੋ ਸਾਰੀਆਂ ਲੰਬਿਤ ਮੰਗਾਂ ਦੀ ਜਾਂਚ ਕਰੇਗੀ ਅਤੇ ਇੱਕ ਸਥਾਈ ਤੇ ਵਿਵਹਾਰਕ ਹੱਲ ਲਈ ਕੰਮ ਕਰੇਗੀ। ਮੰਤਰੀ ਨੇ ਕਿਹਾ ਕਿ ਸਰਕਾਰ ਨੇ ਬਾਕੀ ਰਹਿੰਦੇ ਮੁੱਦਿਆਂ 'ਤੇ ਹਮਦਰਦੀ ਨਾਲ ਵਿਚਾਰ ਕਰਨ ਅਤੇ ਉਨ੍ਹਾਂ ਨੂੰ ਹੱਲ ਕਰਨ ਲਈ ਬਾਕੀ ਸਫ਼ਾ 7 'ਤੇ

ਪੁਲਵਾਮਾ ਦੇ ਮਾਸਟਰਮਾਈਂਡ ਅੱਤਵਾਦੀ ਦਾ ਪਾਕਿਸਤਾਨ 'ਚ ਕਤਲ; ਮੁਜ਼ੱਫਰਾਬਾਦ 'ਚ ਅਣਪਛਾਤੇ ਹਮਲਾਵਰਾਂ ਨੇ ਮਾਰੀ ਗੋਲੀ

ਦੇਸ਼ ਪ੍ਰਦੇਸ਼

ਸ੍ਰੀਨਗਰ, 21 ਮਈ (ਦੇਸ਼ ਪ੍ਰਦੇਸ਼ ਬਿਊਰੋ) : ਪੁਲਵਾਮਾ ਹਮਲੇ ਦਾ ਮਾਸਟਰਮਾਈਂਡ ਅੱਤਵਾਦੀ ਪਾਕਿਸਤਾਨ ਵਿੱਚ ਮਾਰਿਆ ਗਿਆ ਹੈ। ਉਸਨੂੰ ਮੁਜ਼ੱਫਰਾਬਾਦ ਵਿੱਚ ਅਣਪਛਾਤੇ ਹਮਲਾਵਰਾਂ ਨੇ ਗੋਲੀ ਮਾਰ ਦਿੱਤੀ। ਸੂਤਰਾਂ ਦਾ ਕਹਿਣਾ ਹੈ ਕਿ ਇਸ ਹਮਲੇ ਵਿੱਚ ਉਸਦੀ ਮੌਤ ਹੋ ਗਈ। ਉਹ ਪਾਕਿਸਤਾਨ ਦਾ ਸਭ ਤੋਂ ਵੱਧ ਲੋੜੀਂਦਾ ਅੱਤਵਾਦੀ ਸੀ। ਇਸ ਅੱਤਵਾਦੀ ਦੀ ਮੌਤ ਨਾਲ ਜੰਮੂ-ਕਸ਼ਮੀਰ ਵਿੱਚ ਕੰਮ ਕਰ ਰਹੇ ਅੱਤਵਾਦੀ ਨੈੱਟਵਰਕ ਨੂੰ ਇੱਕ ਹੋਰ ਵੱਡਾ ਝਟਕਾ ਲੱਗਾ ਹੈ। ਅਰਜਮੰਦ ਗੁਲਜ਼ਾਰ ਉਰਫ਼ ਬੁਰਹਾਨ ਹਮਜ਼ਾ ਪਾਬੰਦੀਸ਼ੁਦਾ ਅੱਤਵਾਦੀ ਸੰਗਠਨ ਅਲ-ਬਦਰ ਦੇ ਮੁੱਖ ਕਮਾਂਡਰਾਂ ਵਿੱਚੋਂ ਇੱਕ ਸੀ। ਸੁਰੱਖਿਆ ਏਜੰਸੀਆਂ ਦੇ ਅਨੁਸਾਰ, ਉਹ ਲੰਬੇ ਸਮੇਂ ਤੋਂ ਭਾਰਤ ਵਿਰੋਧੀ ਅੱਤਵਾਦੀ ਗਤੀਵਿਧੀਆਂ ਵਿੱਚ ਸ਼ਾਮਲ ਸੀ ਅਤੇ ਦੱਖਣੀ ਕਸ਼ਮੀਰ ਵਿੱਚ ਨੌਜਵਾਨਾਂ ਨੂੰ ਕੱਟੜਪੰਥੀ ਬਣਾਉਣ ਵਿੱਚ ਇੱਕ ਮੁੱਖ ਸ਼ਖ਼ਸੀਅਤ ਮੰਨਿਆ ਜਾਂਦਾ ਸੀ। ਅਰਜਮੰਦ ਗੁਲਜ਼ਾਰ ਮੂਲ ਰੂਪ ਵਿੱਚ ਜੰਮੂ-ਕਸ਼ਮੀਰ ਦੇ ਪੁਲਵਾਮਾ ਜ਼ਿਲ੍ਹੇ ਦੇ ਰਤਨੀਪੋਰਾ ਖੇਤਰ ਦਾ ਰਹਿਣ ਵਾਲਾ ਸੀ। ਕਥਿਤ ਤੌਰ 'ਤੇ ਉਹ ਲਗਭਗ ਸੱਤ ਸਾਲ ਪਹਿਲਾਂ ਜਾਇਜ਼ ਦਸਤਾਵੇਜ਼ਾਂ ਦੀ ਵਰਤੋਂ ਕਰਕੇ ਪਾਕਿਸਤਾਨ ਗਿਆ ਸੀ ਅਤੇ ਅੱਤਵਾਦੀ ਸੰਗਠਨ ਅਲ-ਬਦਰ ਵਿੱਚ ਸ਼ਾਮਲ ਹੋ ਗਿਆ ਸੀ। ਬਾਅਦ ਵਿੱਚ, ਉਹ ਸੰਗਠਨ ਦਾ ਸੰਚਾਲਨ ਕਮਾਂਡਰ ਬਣ ਗਿਆ ਅਤੇ ਪਾਕਿਸਤਾਨ ਤੋਂ, ਕਸ਼ਮੀਰ ਵਿੱਚ ਅੱਤਵਾਦੀ ਭਰਤੀ, ਫੰਡਿੰਗ ਅਤੇ ਹਥਿਆਰਾਂ ਦੀ ਸਪਲਾਈ ਦਾ ਨੈੱਟਵਰਕ ਚਲਾਉਣਾ ਸ਼ੁਰੂ ਕਰ ਦਿੱਤਾ। ਭਾਰਤੀ ਸੁਰੱਖਿਆ ਏਜੰਸੀਆਂ ਨੇ ਉਸਨੂੰ ਲੰਬੇ ਸਮੇਂ ਤੋਂ 'ਮੋਸਟ ਵਾਂਟੇਡ' ਸੂਚੀ ਵਿੱਚ ਰੱਖਿਆ ਹੋਇਆ ਸੀ। ਭਾਰਤੀ ਗ੍ਰਹਿ ਮੰਤਰਾਲੇ ਨੇ 2022 ਵਿੱਚ ਉਸਨੂੰ ਅਧਿਕਾਰਤ ਤੌਰ 'ਤੇ ਅੱਤਵਾਦੀ ਨਾਮਜ਼ਦ ਕੀਤਾ ਸੀ। ਮੰਤਰਾਲੇ ਦੇ ਅਨੁਸਾਰ, ਉਹ ਪੁਲਵਾਮਾ ਅਤੇ ਦੱਖਣੀ ਕਸ਼ਮੀਰ ਵਿੱਚ ਅੱਤਵਾਦ ਫੈਲਾਉਣ, ਨੌਜਵਾਨਾਂ ਨੂੰ ਅੱਤਵਾਦੀ ਸੰਗਠਨਾਂ ਵਿੱਚ ਭਰਤੀ ਕਰਨ ਅਤੇ ਬਾਕੀ ਸਫ਼ਾ 7 'ਤੇ

ਨਗਰ ਕੌਂਸਲ ਚੋਣਾਂ ਦੇ ਪ੍ਰਚਾਰ ਲਈ ਆਏ ਕੈਬਨਿਟ ਮੰਤਰੀ ਅਮਨ ਅਰੋੜਾ ਕਿਸਾਨ ਜਥੇਬੰਦੀਆਂ ਦੇ ਸਵਾਲਾਂ ਤੋਂ ਭੱਜੇ

ਲੌਂਗੋਵਾਲ, 21 ਮਈ (ਰਵੀ ਗਰਗ) : ਭਾਰਤੀ ਕਿਸਾਨ ਯੂਨੀਅਨ ਏਕਤਾ ਆਜਾਦ ਦੇ ਵੱਲੋਂ ਅੱਜ ਪਿੰਡ ਲੌਂਗੋਵਾਲ ਵਿੱਚ ਚੋਣਾਂ ਦਾ ਪ੍ਰਚਾਰ ਕਰਨ ਲਈ ਆਏ। ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਤੇ ਕੈਬਨਿਟ ਮੰਤਰੀ ਅਮਨ ਅਰੋੜਾ ਤੋਂ ਕਿਸਾਨ ਮਜ਼ਦੂਰ ਮੋਰਚੇ ਦੇ ਸੱਦੇ ਤਹਿਤ ਸਵਾਲ ਜਵਾਬ ਪੁੱਛਣ ਲਈ ਗੁੱਗਾ ਮਾੜੀ ਲੌਂਗੋਵਾਲ ਵਿਖੇ ਇਕੱਤਰਤਾ ਕੀਤੀ ਗਈ ਪਰ ਤਹਿ ਸਮੇਂ ਤੋਂ ਪਹਿਲਾਂ ਹੀ ਅਮਨ ਅਰੋੜਾ ਦੇ ਆਉਣ ਤੇ ਪੁਲਿਸ ਦੀਆਂ ਵੱਡੀਆਂ ਧਾੜਾਂ ਗੁੱਗਾ ਮਾੜੀ ਵਿਖੇ ਕਿਸਾਨ ਭਰਾਵਾਂ ਨੂੰ ਰੋਕਣ ਲਈ ਸਾਰੇ ਇਲਾਕੇ ਨੂੰ ਪੁਲਿਸ ਬਾਕੀ ਸਫ਼ਾ 7 'ਤੇ

ਕਾਕਰੋਚ ਜਨਤਾ ਪਾਰਟੀ ਦਾ ਐਕਸ ਅਕਾਊਂਟ ਬੈਨ, ਸੀਜੇਆਈ ਸੂਰਿਆ ਕਾਂਤ ਦੇ ਬਿਆਨ ਨੇ ਮਚਾਇਆ ਹੰਗਾਮਾ

ਇੰਸਟਾਗ੍ਰਾਮ 'ਤੇ ਕਰੋੜਾਂ ਫਾਲੋਅਰਜ਼

ਦੇਸ਼ ਪ੍ਰਦੇਸ਼

ਨਵੀਂ ਦਿੱਲੀ, 21 ਮਈ (ਦੇਸ਼ ਪ੍ਰਦੇਸ਼ ਬਿਊਰੋ) : ਚੀਫ ਜਸਟਿਸ ਸੂਰਿਆ ਕਾਂਤ ਦੇ ਇੱਕ ਬਿਆਨ ਦੇ ਆਲੇ-ਦੁਆਲੇ ਹੋਏ ਵਿਵਾਦ ਤੋਂ ਬਾਅਦ ਬਣੀ ਕਾਕਰੋਚ ਜਨਤਾ ਪਾਰਟੀ ਦੇ ਐਕਸ ਖਾਤੇ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ। ਪਿਛਲੇ ਹਫ਼ਤੇ, ਸੁਪਰੀਮ ਕੋਰਟ ਵਿੱਚ ਇੱਕ ਸੁਣਵਾਈ ਦੌਰਾਨ, ਸੀਜੇਆਈ ਸੂਰਿਆ ਕਾਂਤ ਨੇ ਕਥਿਤ ਤੌਰ 'ਤੇ ਦੇਸ਼ ਦੇ ਬੇਰੁਜ਼ਗਾਰ ਨੌਜਵਾਨਾਂ ਦੀ ਤੁਲਨਾ ਕਾਕਰੋਚਾਂ ਨਾਲ ਕੀਤੀ ਸੀ। ਵਿਵਾਦ ਵਧਣ ਤੋਂ ਬਾਅਦ ਉਨ੍ਹਾਂ ਨੇ ਆਪਣੇ ਬਿਆਨ 'ਤੇ ਸਪੱਸ਼ਟੀਕਰਨ ਦਿੱਤਾ। ਹਾਲਾਂਕਿ, ਨੌਜਵਾਨਾਂ ਨੇ ਇਸ ਬਿਆਨ ਦਾ ਸਖ਼ਤ ਵਿਰੋਧ ਕੀਤਾ, ਅਤੇ ਨਤੀਜੇ ਵਜੋਂ, ਕਾਕਰੋਚ ਜਨਤਾ ਪਾਰਟੀ ਦੀ ਸ਼ੁਰੂਆਤ ਕੀਤੀ ਗਈ। ਇੱਕ ਮਜ਼ਾਕ ਵਜੋਂ ਸ਼ੁਰੂ ਹੋਈ ਇਸ ਪਾਰਟੀ ਨੇ ਸੋਸ਼ਲ ਮੀਡੀਆ 'ਤੇ ਜਲਦੀ ਹੀ ਲੱਖਾਂ ਫਾਲੋਅਰਜ਼ ਪ੍ਰਾਪਤ ਕਰ ਲਏ। ਵਿਅੰਗਮਈ ਰਾਜਨੀਤਿਕ ਸੰਗਠਨ 'ਕਾਕਰੋਚ ਜਨਤਾ ਪਾਰਟੀ' ਦੇ 'ਐਕਸ' ਅਕਾਊਂਟ ਨੂੰ ਭਾਰਤ ਵਿੱਚ ਬਲਾਕ ਕਰ ਦਿੱਤਾ ਗਿਆ ਹੈ। ਇਹ ਕਾਰਵਾਈ ਉਦੋਂ ਹੋਈ ਜਦੋਂ ਕੁਝ ਹੀ ਦਿਨਾਂ ਵਿੱਚ ਇਸ ਸੰਗਠਨ ਨੇ ਸੋਸ਼ਲ ਮੀਡੀਆ 'ਤੇ ਭਾਰੀ ਪ੍ਰਸਿੱਧੀ ਪ੍ਰਾਪਤ ਹਾਸਲ ਕੀਤੀ। ਹਾਲਾਂਕਿ, ਇੰਸਟਾਗ੍ਰਾਮ 'ਤੇ ਇਸ ਅਕਾਊਂਟ ਨੇ 13 ਮਿਲੀਅਨ ਤੋਂ ਵੱਧ ਫਾਲੋਅਰਜ਼ ਇਕੱਠੇ ਕਰ ਲਏ ਹਨ। ਇਸ ਤਰ੍ਹਾਂ ਇੰਸਟਾ 'ਤੇ ਫਾਲੋਅਰਜ਼ ਮਾਮਲੇ ਵਿੱਚ ਇਹ ਅਕਾਊਂਟ ਨੇ ਭਾਰਤੀ ਜਨਤਾ ਪਾਰਟੀ ਨੂੰ ਵੀ ਪਿੱਛੇ ਛੱਡ ਦਿੱਤਾ ਸੀ। 'ਕਾਕਰੋਚ ਜਨਤਾ ਪਾਰਟੀ' ਦੇ ਸੰਸਥਾਪਕ ਅਭਿਜੀਤ ਦੀਪਕੇ ਨੇ ਸੋਸ਼ਲ ਮੀਡੀਆ 'ਤੇ ਇੱਕ ਸਕ੍ਰੀਨਸ਼ਾਟ ਸਾਂਝਾ ਕਰਕੇ ਇਸ ਗੱਲ ਦੀ ਪੁਸ਼ਟੀ ਕੀਤੀ। ਉਸਨੇ ਲਿਖਿਆ, 'ਜਿਵੇਂ ਕਿ ਉਮੀਦ ਕੀਤੀ ਗਈ ਸੀ, ਕਾਕਰੋਚ ਜਨਤਾ ਪਾਰਟੀ ਦਾ ਅਕਾਊਂਟ ਰੋਕ ਦਿੱਤਾ ਗਿਆ ਹੈ।' ਇਸ ਵਿਅੰਗਮਈ ਸੰਗਠਨ ਦੀ ਪ੍ਰਸਿੱਧੀ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਇਸਨੇ ਸੋਸ਼ਲ ਮੀਡੀਆ ਦੇ ਸਾਰੇ ਪੁਰਾਣੇ ਰਿਕਾਰਡਾਂ ਨੂੰ ਤੋੜ ਦਿੱਤਾ ਹੈ। ਸਿਰਫ਼ ਚਾਰ ਦਿਨਾਂ ਅੰਦਰ ਕਾਕਰੋਚ ਜਨਤਾ ਪਾਰਟੀ ਦੇ ਫਾਲੋਅਰਜ਼ ਦੀ ਗਿਣਤੀ 16 ਮਿਲੀਅਨ (1.60 ਕਰੋੜ) ਤੋਂ ਵੱਧ ਹੋ ਗਈ ਹੈ। ਇਸ ਦੇ ਮੁਕਾਬਲ ਭਾਰਤੀ ਜਨਤਾ ਪਾਰਟੀ ਦੇ ਅਧਿਕਾਰਤ ਇੰਸਟਾਗ੍ਰਾਮ ਖਾਤੇ ਦੇ ਵਰਤਮਾਨ ਵਿੱਚ ਬਾਕੀ ਸਫ਼ਾ 7 'ਤੇ

ਜਲੰਧਰ ਸਮੇਤ ਕਈ ਜ਼ਿਲ੍ਹਿਆਂ ਵਿੱਚ ਪੈਟਰੋਲ ਪੰਪ ਸੁੱਕੇ; ਵਿਧਾਇਕ ਪਰਗਟ ਸਿੰਘ ਨੇ ਕੇਂਦਰ ਦੀ ਕੀਤੀ ਨਿਖੇਧੀ

ਦੇਸ਼ ਪ੍ਰਦੇਸ਼

ਜਲੰਧਰ, 21 ਮਈ (ਦੇਸ਼ ਪ੍ਰਦੇਸ਼ ਬਿਊਰੋ) : ਪੈਟਰੋਲ ਅਤੇ ਡੀਜ਼ਲ ਦੀ ਭਾਰੀ ਘਾਟ ਕਾਰਨ ਜਲੰਧਰ ਸਮੇਤ ਪੰਜਾਬ ਭਰ ਵਿੱਚ ਜਨਤਾ ਨੂੰ ਦਰਪੇਸ਼ ਮੁਸ਼ਕਲਾਂ ਲਗਾਤਾਰ ਵੱਧ ਰਹੀਆਂ ਹਨ। ਕਈ ਜ਼ਿਲ੍ਹਿਆਂ ਵਿੱਚ, ਸਥਿਤੀ ਇੱਕ ਨਾਜ਼ੁਕ ਬਿੰਦੂ 'ਤੇ ਪਹੁੰਚ ਗਈ ਹੈ ਜਿੱਥੇ ਪੈਟਰੋਲ ਪੰਪਾਂ ਵਿੱਚ ਈਂਧਨ ਪੂਰੀ ਤਰ੍ਹਾਂ ਖਤਮ ਹੋ ਗਿਆ ਹੈ। ਇਸ ਗੰਭੀਰ ਸੰਕਟ ਨੂੰ ਸੰਬੋਧਿਤ ਕਰਦੇ ਹੋਏ, ਪੈਟਰੋਲ ਪੰਪ ਡੀਲਰਜ਼ ਐਸੋਸੀਏਸ਼ਨ ਆਫ ਪੰਜਾਬ ਨੇ ਪੰਜਾਬ ਦੇ ਮੁੱਖ ਸਕੱਤਰ ਨੂੰ ਪੱਤਰ ਲਿਖ ਕੇ ਤੁਰੰਤ ਦਖਲ ਦੇਣ ਦੀ ਮੰਗ ਕੀਤੀ ਹੈ। ਐਸੋਸੀਏਸ਼ਨ ਦੇ ਜਨਰਲ ਸਕੱਤਰ, ਮਨਜੀਤ ਸਿੰਘ, ਅਤੇ ਇਸਦੇ ਜਲੰਧਰ ਪ੍ਰਧਾਨ, ਸੁਖ ਮੋਹਨ ਸਿੰਘ, ਨੇ ਕਿਹਾ ਕਿ ਤੇਲ ਮਾਰਕੀਟਿੰਗ ਕੰਪਨੀਆਂ ਸਮੇਂ ਸਿਰ ਸਪਲਾਈ ਪ੍ਰਦਾਨ ਕਰਨ ਵਿੱਚ ਅਸਫਲ ਰਹੀਆਂ ਹਨ, ਜਿਸਦੇ ਨਤੀਜੇ ਵਜੋਂ ਕਈ ਪੰਪਾਂ 'ਤੇ ਸਟਾਕ ਪੂਰੀ ਤਰ੍ਹਾਂ ਖਤਮ ਹੋ ਗਿਆ ਹੈ। ਡੀਲਰਾਂ ਨੇ ਅੱਗੇ ਦੋਸ਼ ਲਗਾਇਆ ਕਿ ਉਨ੍ਹਾਂ ਨੂੰ ਨਿਯਮਤ ਪੈਟਰੋਲ ਅਤੇ ਡੀਜ਼ਲ ਦੀ ਸਪਲਾਈ ਕਰਨ ਤੋਂ ਪਹਿਲਾਂ ਮਹਿੰਗੇ ਪ੍ਰੀਮੀਅਮ ਈਂਧਨ ਖਰੀਦਣ ਲਈ ਮਜਬੂਰ ਕੀਤਾ ਜਾ ਰਿਹਾ ਹੈ। ਇਸ ਮੁੱਦੇ 'ਤੇ ਵਿਚਾਰ ਕਰਦੇ ਹੋਏ, ਕਾਂਗਰਸੀ ਵਿਧਾਇਕ ਪਰਗਟ ਸਿੰਘ ਨੇ ਕੇਂਦਰ ਸਰਕਾਰ ਅਤੇ ਪ੍ਰਧਾਨ ਮੰਤਰੀ 'ਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ ਦੇਸ਼ ਨੂੰ ਘੇਰ ਰਹੇ ਈਂਧਨ ਸੰਕਟ ਦੀ ਵਿਸ਼ਾਲਤਾ ਦੇ ਬਾਵਜੂਦ, ਸਰਕਾਰ ਇਸ ਮਾਮਲੇ ਨੂੰ ਗੰਭੀਰਤਾ ਨਾਲ ਨਹੀਂ ਲੈ ਰਹੀ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ, ਅੰਤਰਰਾਸ਼ਟਰੀ ਦੌਰਿਆਂ ਅਤੇ ਵਿਦੇਸ਼ ਨੀਤੀ ਦੀਆਂ ਬਾਕੀ ਸਫ਼ਾ 7 'ਤੇ

ਛੱਤਬੀੜ ਚਿੜੀਆਘਰ ਵਲੋਂ ਜਾਨਵਰਾਂ ਲਈ ਗਰਮੀਆਂ ਦੀ ਭੋਜਨ ਸੂਚੀ ਜਾਰੀ

ਚੰਡੀਗੜ੍ਹ, 21 ਮਈ (ਦੇਸ਼ ਪ੍ਰਦੇਸ਼ ਬਿਊਰੋ) : ਵਧਦੇ ਤਾਪਮਾਨ ਨੂੰ ਦੇਖਦਿਆਂ, ਮਹਿੰਦਰ ਚੌਧਰੀ ਜ਼ੂਆਲੋਜੀਕਲ ਪਾਰਕ, ਛੱਤਬੀੜ ਵੱਲੋਂ ਆਪਣੇ ਜਾਨਵਰਾਂ ਦੀ ਸਿਹਤ ਦੇਖਭਾਲ ਅਤੇ ਸੁਵਿਧਾ ਨੂੰ ਯਕੀਨੀ ਬਣਾਉਣ ਲਈ ਗਰਮੀਆਂ ਲਈ ਵਿਆਪਕ ਖ਼ੁਰਾਕ ਯੋਜਨਾ ਲਾਗੂ ਕੀਤੀ ਗਈ ਹੈ। ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਲਾਲ ਚੰਦ ਕਟਾਰੂਚੱਕ ਦੀ ਅਗਵਾਈ ਹੇਠ, ਵਧ ਰਹੀ ਗਰਮੀ ਨਾਲ ਨਜਿੱਠਣ ਲਈ ਚਿੜੀਆਘਰ ਵੱਲੋਂ ਗਰਮੀਆਂ ਦੇ ਮੌਸਮ ਦੌਰਾਨ ਹਰੇਕ ਰਿੱਛ ਨੂੰ ਰੋਜ਼ਾਨਾ 100 ਬਾਕੀ ਸਫ਼ਾ 7 'ਤੇ

ਹੀਟਵੇਵ 'ਚ ਪਾਵਰਕਾਮ ਸਿਸਟਮ 'ਓਵਰਹੀਟ', ਝੋਨੇ ਦੇ ਸੀਜ਼ਨ ਤੋਂ ਪਹਿਲਾਂ ਮੰਗ ਨੇ ਤੋੜੇ ਰਿਕਾਰਡ; ਮੁਲਾਜ਼ਮਾਂ ਵਲੋਂ 'ਓਵਰ ਟਾਈਮ' ਤੋਂ ਇਨਕਾਰ

ਦੇਸ਼ ਪ੍ਰਦੇਸ਼

ਪਟਿਆਲਾ, 21 ਮਈ (ਰਾਜਿੰਦਰ ਸਿੰਘ ਥਿੰਦ) : ਅੱਤ ਦੀ ਗਰਮੀ ਤੇ 47 ਡਿਗਰੀ ਸੈਲਸੀਅਸ ਤੋਂ ਪਾਰ ਹੋਏ ਤਾਪਮਾਨ ਤੇ ਵਿਚਾਲੇ ਨੇ ਪੰਜਾਬ ਦੇ ਬਿਜਲੀ ਢਾਂਚੇ ਨੂੰ ਹਿਲਾ ਕੇ ਰੱਖ ਦਿੱਤਾ ਹੈ। ਹੀਟਵੇਵ ਵਿਚਾਲੇ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਡ (ਪੀਐੱਸਪੀਸੀਐੱਲ) ਦਾ ਸਿਸਟਮ 'ਓਵਰਹੀਟ' ਹੋ ਗਿਆ। ਝੋਨੇ ਦੀ ਬਿਜਾਈ ਤੋਂ ਪਹਿਲਾਂ ਹੀ, ਸੂਬੇ 'ਚ ਬਿਜਲੀ ਦੀ ਮੰਗ ਨੇ ਬੁੱਧਵਾਰ ਨੂੰ 14,335 ਮੈਗਾਵਾਟ ਤੱਕ ਪੁੱਜ ਕੇ ਇਸ ਸੀਜ਼ਨ ਦੇ ਸਾਰੇ ਰਿਕਾਰਡ ਤੋੜ ਦਿੱਤੇ। ਇਹ ਪਿਛਲੇ ਸਾਲ ਇਸੇ ਦਿਨ ਦੀ ਮੰਗ 14,026 ਮੈਗਾਵਾਟ ਨਾਲੋਂ ਵੀ ਕਿਤੇ ਵੱਧ ਹੈ। ਸਭ ਤੋਂ ਚਿੰਤਾਜਨਕ ਗੱਲ ਇਹ ਹੈ ਕਿ ਮਾਹਰਾਂ ਮੁਤਾਬਕ ਝੋਨੇ ਦੀ ਲਵਾਈ ਸ਼ੁਰੂ ਹੋਣ 'ਤੇ ਇਹ ਮੰਗ 18,000 ਮੈਗਾਵਾਟ ਦੇ ਇਤਿਹਾਸਕ ਪੱਧਰ ਨੂੰ ਵੀ ਪਾਰ ਕਰ ਸਕਦੀ ਹੈ, ਜਦਕਿ ਪਿਛਲੇ ਸਾਲ ਇਹ ਵੱਧ ਤੋਂ ਵੱਧ 17,200 ਮੈਗਾਵਾਟ ਰਹੀ ਸੀ। ਇਸੇ ਵਿਚਾਲੇ ਪਾਵਰ ਗਰਿੱਡਾਂ 'ਤੇ ਲੋਡ ਲਗਾਤਾਰ ਵਧ ਰਿਹਾ ਹੈ, ਉੱਥੇ ਹੀ ਦੂਜੇ ਪਾਸੇ ਪਾਵਰਕਾਮ ਦੇ ਅੰਦਰੂਨੀ ਹਾਲਾਤ ਤੇ ਮੁਲਾਜ਼ਮਾਂ ਦੇ ਫ਼ੈਸਲਿਆਂ ਨੇ ਪਾਵਰ ਸੈਕਟਰ ਨੂੰ ਘੁੰਮਣ ਘੇਰੀ 'ਚ ਪਾ ਦਿੱਤਾ ਹੈ। ਪਹਿਲੀ ਜੂਨ ਤੋਂ ਸੂਬੇ ਦੇ 13.94 ਲੱਖ ਤੋਂ ਵੱਧ ਟਿਊਬਵੈੱਲ ਚੱਲਣੇ ਸ਼ੁਰੂ ਹੋ ਜਾਣਗੇ। ਸਰਕਾਰ ਨੇ ਕਿਸਾਨਾਂ ਨੂੰ ਰੋਜ਼ਾਨਾ 8 ਘੰਟੇ ਨਿਰਵਿਘਨ ਬਿਜਲੀ ਸਪਲਾਈ ਦਾ ਵਾਅਦਾ ਕੀਤਾ ਹੈ। ਆਗਾਮੀ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਮੌਜੂਦਾ ਸਰਕਾਰ ਲਈ ਇਹ ਝੋਨੇ ਦਾ ਆਖ਼ਰੀ ਮੁੱਖ ਸੀਜ਼ਨ ਹੈ, ਇਸ ਲਈ ਸਿਆਸੀ ਤੇ ਪ੍ਰਸ਼ਾਸਨਿਕ ਤੌਰ 'ਤੇ ਇਹ ਬਿਜਲੀ ਸਪਲਾਈ ਬਰਕਰਾਰ ਰੱਖਣਾ ਸਰਕਾਰ ਲਈ ਨੱਕ ਦਾ ਸਵਾਲ ਬਣਿਆ ਹੋਇਆ ਹੈ। ਪਰ ਮੌਸਮ ਵਿਭਾਗ ਦੇ ਅੰਦਾਜ਼ਿਆਂ ਮੁਤਾਬਕ ਜੇਕਰ ਇਸ ਵਾਰ ਮੌਨਸੂਨ ਆਮ ਨਾਲੋਂ ਘੱਟ ਰਹਿੰਦਾ ਹੈ, ਤਾਂ ਬਿਜਲੀ ਦੇ ਬੁਨਿਆਦੀ ਢਾਂਚੇ 'ਤੇ ਬੋਝ ਸਾਰੇ ਪੁਰਾਣੇ ਰਿਕਾਰਡ ਤੋੜ ਦੇਵੇਗਾ।

ਚੰਡੀਗੜ੍ਹ ਸਮੇਤ ਪੰਜਾਬ ਦੇ ਸਕੂਲਾਂ ਅਤੇ ਹਰਿਆਣਾ ਸੀਐੱਮਓ ਨੂੰ ਉਡਾਉਣ ਦੀ ਧਮਕੀ

ਦੇਸ਼ ਪ੍ਰਦੇਸ਼

ਚੰਡੀਗੜ੍ਹ, 21 ਮਈ (ਦੇਸ਼ ਪ੍ਰਦੇਸ਼ ਬਿਊਰੋ) : ਚੰਡੀਗੜ੍ਹ ਦੇ ਸਕੂਲਾਂ ਨੂੰ ਦੁਬਾਰਾ ਨਿਸ਼ਾਨਾ ਬਣਾਉਣ ਦੀ ਧਮਕੀ ਦਿੱਤੀ ਗਈ ਸੀ। ਹਰਿਆਣਾ ਦੇ ਮੁੱਖ ਮੰਤਰੀ ਦਫ਼ਤਰ ਦਾ ਵੀ ਜ਼ਿਕਰ ਕੀਤਾ 6 ਜੂਨ ਤੱਕ ਅੰਬਾਲਾ-ਦਿੱਲੀ ਰੇਲਵੇ ਟਰੈਕ 'ਤੇ ਇੱਕ ਆਈਈਡੀ ਵਿਸਫੋਟ ਕਰਨ ਦੀ ਧਮਕੀ ਵੀ ਦਿੱਤੀ ਗਈ। ਇਸ ਹਾਈ-ਪ੍ਰੋਫਾਈਲ ਧਮਕੀ ਭਰੇ ਮੈਸੇਜ ਦੇ ਸਾਹਮਣੇ ਆਉਣ ਤੋਂ ਤੁਰੰਤ ਬਾਅਦ ਪੁਲਿਸ ਪ੍ਰਸ਼ਾਸਨ, ਸਥਾਨਕ ਪੁਲਿਸ ਅਤੇ ਦੇਸ਼ ਦੀਆਂ ਪ੍ਰਮੁੱਖ ਸੁਰੱਖਿਆ ਏਜੰਸੀਆਂ ਨੇ ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਡੀਟੇਲਡ ਇਨਵੈਸਟੀਗੇਸ਼ਨ ਯਾਨੀ ਜਾਂਚ ਸ਼ੁਰੂ ਕਰ ਦਿੱਤੀ ਹੈ। ਰੇਲਵੇ ਸਟੇਸ਼ਨਾਂ, ਟ ?ਰੈਕਾਂ ਅਤੇ ਮੁੱਖ ਸਰਕਾਰੀ ਬਿਲਡਿੰਗਾਂ ਦੇ ਆਲੇ-ਦੁਆਲੇ ਸਿਕਿਊਰਿਟੀ ਚੈਕਿੰਗ ਕਾਫ਼ੀ ਸਖ਼ਤ ਕਰ ਦਿੱਤੀ ਗਈ ਹੈ ਅਤੇ ਸ਼ੱਕੀ ਲੋਕਾਂ 'ਤੇ ਤਿੱਖੀ ਨਜ਼ਰ ਰੱਖੀ ਜਾ ਰਹੀ ਹੈ। ਪੁਲਿਸ ਦੇ ਸਾਈਬਰ ਸੈੱਲ ਦੀਆਂ ਟੀਮਾਂ ਇਸ ਧਮਕੀ ਦੇ ਸੋਰਸ ਯਾਨੀ ਆਈਪੀ ਐਡਰੈੱਸ ਅਤੇ ਮੈਸੇਜ ਭੇਜਣ ਵਾਲੇ ਦੇ ਲੋਕੇਸ਼ਨ ਟਰੈਕਿੰਗ ਦੇ ਕੰਮ ਵਿੱਚ ਜੁਟ ਗਈਆਂ ਹਨ ਤਾਂ ਜੋ ਇਸ ਸਾਜ਼ਿਸ਼ ਦੇ ਪਿੱਛੇ ਮੌਜੂਦ ਅਸਲੀ ਚਿਹਰੇ ਨੂੰ ਜਲਦ ਤੋਂ ਜਲਦ ਬੇਨਕਾਬ ਕੀਤਾ ਜਾ ਸਕੇ।

ਪੰਜਾਬ ਦੇ ਰਾਜਪਾਲ ਨੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਤੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨਾਲ ਕੀਤੀ ਮੁਲਾਕਾਤ

ਦੇਸ਼ ਪ੍ਰਦੇਸ਼

ਅੰਮ੍ਰਿਤਸਰ , 21 ਮਈ (ਦੇਸ਼ ਪ੍ਰਦੇਸ਼ ਬਿਊਰੋ) : ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨਾਲ ਮੁਲਾਕਾਤ ਕੀਤੀ, ਜਿਸ ਦੌਰਾਨ ਤਿੰਨੇ ਆਗੂਆਂ ਨੇ ਪੰਜਾਬ ਸਰਕਾਰ ਵੱਲੋਂ ਪਾਸ ਕੀਤੇ ਗਏ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ 2026 ਬਾਰੇ ਗੰਭੀਰ ਵਿਚਾਰ ਚਰਚਾ ਕੀਤੀ। ਮੁਲਾਕਾਤ ਲੁਧਿਆਣਾ ਦੇ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਪਾਤਸ਼ਾਹੀ ਦਸਵੀਂ, ਆਲਮਗੀਰ ਵਿਖੇ ਹੋਈ, ਜਿੱਥੇ ਰਾਜਪਾਲ ਕਟਾਰੀਆ ਅੱਜ ਨਤਮਸਤਕ ਹੋਣ ਲਈ ਪੁੱਜੇ ਸਨ। ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਧਾਮੀ ਨੇ ਰਾਜਪਾਲ ਕਟਾਰੀਆ ਦਾ ਸਵਾਗਤ ਕੀਤਾ। ਸ਼੍ਰੋਮਣੀ ਕਮੇਟੀ ਪ੍ਰਧਾਨ ਵੱਲੋਂ ਗੁਰਦੁਆਰਾ ਮੈਨੇਜਰ ਦੇ ਦਫ਼ਤਰ ਵਿਖੇ ਰਾਜਪਾਲ ਨੂੰ ਸਿਰੋਪਾਓ ਤੇ ਸਨਮਾਨ ਦਿੱਤਾ ਗਿਆ। ਜਾਣਕਾਰੀ ਅਨੁਸਾਰ ਇਸ ਦੌਰਾਨ ਜਥੇਦਾਰ ਗੜਗੱਜ, ਰਾਜਪਾਲ ਕਟਾਰੀਆ ਅਤੇ ਐਡਵੋਕੇਟ ਧਾਮੀ ਵਿਚਕਾਰ ਤਕਰੀਬਨ 20 ਮਿੰਟ ਸਤਿਕਾਰ ਸੋਧ ਐਕਟ ਸਬੰਧੀ ਗੰਭੀਰ ਵਿਚਾਰ ਹੋਈ। ਜਥੇਦਾਰ ਗੜਗੱਜ ਅਤੇ ਐਡਵੋਕੇਟ ਧਾਮੀ ਨੇ ਰਾਜਪਾਲ ਪੰਜਾਬ ਨੂੰ ਕਾਨੂੰਨੀ ਸੋਧ ਵਿੱਚ ਸਰਕਾਰ ਵੱਲੋਂ ਪਾਈਆਂ ਗਈਆਂ ਇਤਰਾਜ਼ਯੋਗ ਮੱਦਾਂ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ। ਜਥੇਦਾਰ ਗੜਗੱਜ ਵੱਲੋਂ ਰਾਜਪਾਲ ਕਟਾਰੀਆ ਨੂੰ ਇੱਕ ਬਾਕੀ ਸਫ਼ਾ 7 'ਤੇ

ਸੀਐਮ ਸੈਣੀ ਨੇ ਲਾਡਵਾ 'ਚ ਜਨਸੰਵਾਦ ਪ੍ਰੋਗਰਾਮ ਦੌਰਾਨ 338 ਸ਼ਿਕਾਇਤਾਂ ਨੂੰ ਸੁਣਿਆ

ਨਾਗਰਿਕਾਂ ਦੇ ਵਾਰ-ਵਾਰ ਚੱਕਰ ਲਗਵਾਉਣ ਵਾਲੇ ਅਧਿਕਾਰੀ-ਕਰਮਚਾਰੀ 'ਤੇ ਕਾਰਵਾਈ ਅਮਲ 'ਚ ਲਿਆਵੇਗੀ ਸਰਕਾਰ

■ ਸਰਕਾਰ ਨੇ ਲਾਡਵਾ ਵਿਧਾਨ ਸਭਾ ਖੇਤਰ 'ਚ ਵਿਕਾਸ ਕਾਰਜਾਂ 'ਤੇ ਪਿਛਲੇ ਸਾਢੇ 11 ਸਾਲਾਂ ਵਿੱਚ ਖ਼ਰਚ ਕੀਤੇ 807 ਕਰੋੜ ਰੁਪਏ

ਚੰਡੀਗੜ੍ਹ, 21 ਮਈ (ਰਾਜਿੰਦਰ ਸਿੰਘ ਜਾਦੋਂ) : ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਜਿਸ ਐਸਡੀਓ ਨੇ ਪਿੰਡ ਬਕਾਲੀ ਵਿੱਚ ਖੇਤ ਦੇ ਰਸਤੇ ਦੇ ਵਿਚਕਾਰ ਖੰਭੇ ਅਤੇ ਟ ?ਰਾਂਸਫਾਰਮਰ ਲਗਾਏ, ਉਸ ਖ਼ਿਲਾਫ਼ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ। ਇਸ ਮਾਮਲੇ ਦੀ ਐਸਡੀਐਮ ਲਾਡਵਾ ਜਾਂਚ ਕਰਨਗੇ। ਇਸ ਦੇ ਨਾਲ ਹੀ ਪੁਲਿਸ ਨੂੰ ਨਿਰਦੇਸ਼ ਦਿੱਤੇ ਕਿ ਸ਼ਿਕਾਇਤਕਰਤਾ ਨੂੰ ਧਮਕੀ ਦੇਣ ਵਾਲਿਆਂ ਖ਼ਿਲਾਫ਼ ਕੇਸ ਦਰਜ ਕੀਤਾ ਜਾਵੇ। ਇੰਨਾ ਹੀ ਨਹੀਂ ਆਮ ਨਾਗਰਿਕਾਂ ਨੂੰ ਦਫ਼ਤਰਾਂ ਦੇ ਵਾਰ-ਵਾਰ ਚੱਕਰ ਲਗਵਾਉਣ ਵਾਲੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਕਿਸੇ ਵੀ ਕੀਮਤ 'ਤੇ ਬਖ਼ਸ਼ਿਆ ਨਹੀਂ ਜਾਵੇਗਾ। ਸਰਕਾਰ ਦਾ ਉਦੇਸ਼ ਹੈ ਕਿ ਪ੍ਰਦੇਸ਼ ਦਾ ਵਿਕਾਸ ਹੋਵੇ ਅਤੇ ਹਰ ਨਾਗਰਿਕ ਤੱਕ ਯੋਜਨਾਵਾਂ ਦਾ ਲਾਭ ਪਹੁੰਚੇ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਵੀਰਵਾਰ ਨੂੰ ਕੁਰੂਕਸ਼ੇਤਰ ਦੇ ਲਾਡਵਾ ਦੇ ਸ਼ਿਵਾਲਾ ਰਾਮਕੁੰਡੀ ਵਿੱਚ ਆਯੋਜਿਤ ਜਨਸੰਵਾਦ ਪ੍ਰੋਗਰਾਮ ਵਿੱਚ ਆਮ ਲੋਕਾਂ ਦੇ ਵਿਚਕਾਰ ਪਹੁੰਚ ਕੇ ਸਿੱਧਾ ਸੰਵਾਦ ਕਰ ਰਹੇ ਸਨ। ਇਸ ਮੌਕੇ 'ਤੇ ਸਾਬਕਾ ਰਾਜ ਮੰਤਰੀ ਸੁਭਾਸ਼ ਸੁਧਾ ਮੌਜੂਦ ਰਹੇ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਨਾਗਰਿਕਾਂ ਨੂੰ ਕਿਹਾ ਕਿ ਸਾਰੇ ਨਾਗਰਿਕ ਸ਼ਿਕਾਇਤ ਪੱਤਰ 'ਤੇ ਆਪਣਾ ਮੋਬਾਈਲ ਨੰਬਰ ਜ਼ਰੂਰ ਲਿਖਣ, ਤਾਂ ਜੋ ਵਿਭਾਗ ਉਨ੍ਹਾਂ ਨਾਲ ਸੰਪਰਕ ਕਰ ਸਕੇ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਜਨਸੰਵਾਦ ਪ੍ਰੋਗਰਾਮ ਦੌਰਾਨ 338 ਸ਼ਿਕਾਇਤਾਂ ਨੂੰ ਸੁਣਿਆ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਜਨਸੰਵਾਦ ਪ੍ਰੋਗਰਾਮ ਦਾ ਇਹ ਮੰਚ ਸਾਡੇ ਖੇਤਰ ਦੇ ਲਗਾਤਾਰ ਵਿਕਾਸ, ਜਨ-ਕਲਿਆਣ ਅਤੇ ਉੱਜਵਲ ਭਵਿੱਖ ਦੇ ਸੰਕਲਪ ਦਾ ਪ੍ਰਤੀਕ ਹੈ। ਲਾਡਵਾ ਵਿਧਾਨ ਸਭਾ ਖੇਤਰ ਵਿੱਚ ਬੀਤੇ ਸਮੇਂ ਦੌਰਾਨ ਜੋ ਵਿਕਾਸ ਕਾਰਜ ਹੋਏ ਹਨ, ਉਹ ਇਹ ਸਿੱਧ ਕਰਦੇ ਹਨ ਕਿ ਸਰਕਾਰ ਦੀ ਨੀਤੀ ਅਤੇ ਨੀਅਤ ਦੋਵੇਂ ਬਾਕੀ ਸਫ਼ਾ 7 'ਤੇ

ਹਰਿਆਣਾ ਸਰਕਾਰ ਵਲੋਂ ਇਲੈਕਟ੍ਰਿਕ ਟਰੈਕਟਰ ਖਰੀਦਣ ਲਈ 5 ਲੱਖ ਰੁਪਏ ਤੱਕ ਦੀ ਸਬਸਿਡੀ ਦਾ ਐਲਾਨ

➢ **ਚੰਡੀਗੜ੍ਹ, 21 ਮਈ (ਦੇਸ਼ ਪ੍ਰਦੇਸ਼ ਬਿਊਰੋ) :** ਹਰਿਆਣਾ ਸਰਕਾਰ ਨੇ ਕਿਸਾਨਾਂ ਨੂੰ ਸਸ਼ਕਤ ਬਣਾਉਣ ਅਤੇ ਵਧ ਰਹੇ ਡੀਜ਼ਲ ਸੰਕਟ ਤੋਂ ਰਾਹਤ ਦਿਵਾਉਣ ਵੱਲ ਇੱਕ ਵੱਡਾ ਕਦਮ ਚੁੱਕਿਆ ਹੈ। ਰਾਜ ਸਰਕਾਰ ਹੁਣ ਕਿਸਾਨਾਂ ਨੂੰ ਇਲੈਕਟ੍ਰਿਕ ਟਰੈਕਟਰ ਖਰੀਦਣ ਲਈ 5 ਲੱਖ ਰੁਪਏ ਤੱਕ ਦੀ ਸਬਸਿਡੀ ਪ੍ਰਦਾਨ ਕਰੇਗੀ। ਸਰਕਾਰ ਦਾ ਉਦੇਸ਼ ਖੇਤੀ ਲਾਗਤਾਂ ਨੂੰ ਘਟਾਉਣਾ, ਪ੍ਰਦੂਸ਼ਣ ਘਟਾਉਣਾ ਅਤੇ ਕਿਸਾਨਾਂ ਨੂੰ ਆਧੁਨਿਕ ਤਕਨਾਲੋਜੀ ਨਾਲ ਜੋੜਨਾ ਹੈ। ਇਸ ਨਵੀਂ ਪਹਿਲਕਦਮੀ ਨੂੰ ਅੱਗੇ ਵਧਾਉਣ ਲਈ ਰਾਓ ਨਰਬੀਰ ਸਿੰਘ ਨੇ ਕਈ ਇਲੈਕਟ੍ਰਿਕ ਟਰੈਕਟਰ ਨਿਰਮਾਣ ਕੰਪਨੀਆਂ ਦੇ ਅਧਿਕਾਰੀਆਂ ਨਾਲ ਇੱਕ ਮੀਟਿੰਗ ਕੀਤੀ। ਇਸ ਦੌਰਾਨ 45-ਹਾਰਸਪਾਵਰ ਵਾਲੇ ਇਲੈਕਟ੍ਰਿਕ ਟਰੈਕਟਰ ਦਾ ਲਾਈਵ ਪ੍ਰਦਰਸ਼ਨ ਵੀ ਪੇਸ਼ ਕੀਤਾ ਗਿਆ। ਡੈਮੋ ਵਿੱਚ ਟਰੈਕਟਰ ਨੇ ਰੋਟਾਵੇਟਰ ਲਗਾ ਕੇ ਖੇਤ ਨੂੰ ਸਫਲਤਾਪੂਰਵਕ ਵਾਹੁਣ ਦੀ ਕੋਸ਼ਿਸ਼ ਕੀਤੀ। ਲੰਬੇ ਸਮੇਂ ਤੋਂ ਕਿਸਾਨਾਂ ਵਿੱਚ ਇਹ ਸ਼ੱਕ ਸੀ ਕਿ ਇਲੈਕਟ੍ਰਿਕ ਟਰੈਕਟਰ ਹਲ, ਰੋਟਾਵੇਟਰ ਅਤੇ ਟਰਾਲੀ ਵਰਗੇ ਭਾਰੀ ਖੇਤੀਬਾੜੀ ਸੰਦਾਂ ਦਾ ਭਾਰ ਨਹੀਂ ਚੁੱਕ ਸਕਣਗੇ ਪਰ ਪ੍ਰਦਰਸ਼ਨ ਦੌਰਾਨ ਟਰੈਕਟਰ ਨੇ ਇਨ੍ਹਾਂ ਡਰਾਂ ਨੂੰ ਗਲਤ ਸਾਬਤ ਕਰ ਦਿੱਤਾ। ਜਾਣਕਾਰੀ ਅਨੁਸਾਰ, ਇੱਕ 45-ਹਾਰਸਪਾਵਰ ਈ-ਟਰੈਕਟਰ ਦੀ ਕੀਮਤ ਲਗਭਗ 15 ਲੱਖ ਰੁਪਏ ਹੈ। ਸਰਕਾਰ ਇਸਦੀ ਕੀਮਤ ਦੋ ਲੱਖ ਰੁਪਏ ਘਟਾਉਣ ਲਈ ਕੰਮ ਕਰ ਰਹੀ ਹੈ। ਇਸ ਟਰੈਕਟਰ ਦੀ ਕੀਮਤ ਕਿਸਾਨਾਂ ਨੂੰ 13 ਲੱਖ ਰੁਪਏ ਹੋਵੇਗੀ, ਜਿਸ ਤੋਂ ਬਾਅਦ ਸਰਕਾਰ 5 ਲੱਖ ਰੁਪਏ ਦੀ ਸਬਸਿਡੀ ਦੇਵੇਗੀ ਅਤੇ ਕਿਸਾਨ ਨੂੰ ਸਿਰਫ਼ 8 ਲੱਖ ਰੁਪਏ ਦੇਣੇ ਪੈਣਗੇ।

ੴ ਸਤਿਗੁਰ ਪ੍ਰਸਾਦਿ
ਤੇਰਾ ਕੀਆ ਮੀਠਾ ਲਾਗੈ ॥ ਹਰਿ ਨਾਮੁ ਪਦਾਰਥੁ ਨਾਨਕੁ ਮਾਗੈ ॥

With deep sorrow, we inform you of the peaceful passing of our beloved father,
COL. BALDEV SINGH
on 12 May, 2026
A Decorated Officer Of The Indian Army, Col. Baldev Singh Lived A Life Marked By Service, Honor, Humility, And Devotion To His Family.
He Was A Loving Husband, Father, Grandfather And Great Grandfather.
And His Memory Will Remain Forever In Our Hearts.
We Humbly Request Your Presence To Join Us In Prayers And To Pay Your Final Respects.
The Bhog Of Sri Akhand Path For The Departed Soul Will Be Held At Our Residence, Village Lakhnaur Near Kurali.
Followed By Shabad Kirtan And Antim Ardas At
SINGH SABHA GURDWARA SAHIB VILLAGE LAKNAUR NEAR KURALI.
DATE: SATURDAY, 23 MAY, 2026
TIME: 12:00 NOON TO 1:00 PM.
In Grief And Loving Remembrance,
Contact: +1 734-262-6638; +91 90414 40178

ਇੱਕ ਨਜ਼ਰ ...

ਵਿਧਾਇਕ ਬਲਕਾਰ ਸਿੱਧੂ ਨੇ ਸਰਕਾਰ ਵਲੋਂ ਨਿਯੁਕਤ ਸਖੀਆਂ ਨੂੰ ਆਈਡੀ ਨੰਬਰ ਜਾਰੀ ਕਰਕੇ ਫਾਰਮ ਭਰਨ ਦੀ ਕਰਵਾਈ ਸ਼ੁਰੂਆਤ

ਬਠਿੰਡਾ, 21 ਮਈ (ਰਾਣਾ ਸ਼ਰਮਾ):- ਵਿਧਾਇਕ ਬਲਕਾਰ ਸਿੱਧੂ ਨੇ ਮਾਂਵਾਂ ਭੈਣਾਂ ਸਤਿਕਾਰ ਯੋਜਨਾ ਤਹਿਤ ਹਲਕਾ ਰਾਮਪੁਰਾ ਫੂਲ ਵਿੱਚ ਯੋਜਨਾ ਦੀ ਸ਼ੁਰੂਆਤ ਕਰਦਿਆਂ ਸਰਕਾਰ ਵੱਲੋਂ ਨਿਯੁਕਤ ਸਖੀਆਂ ਨੂੰ ਆਈਡੀ ਨੰਬਰ ਜਾਰੀ ਕਰਕੇ ਫਾਰਮ ਭਰਨ ਦੀ ਸ਼ੁਰੂਆਤ ਕਰਵਾਈ। ਇਸ ਮੌਕੇ ਉਨ੍ਹਾਂ ਕਿਹਾ ਕਿ ਪੰਜਾਬ ਦੀ ਮਾਨ ਸਰਕਾਰ ਵੱਲੋਂ ਮਹਿਲਾਵਾਂ ਦੇ ਸਤਿਕਾਰ, ਆਰਥਿਕ ਸੁਰੱਖਿਆ ਅਤੇ ਖੁਦਮੁਖਤਿਆਰੀ ਨੂੰ ਯਕੀਨੀ ਬਣਾਉਣ ਲਈ ਇਹ ਇੱਕ ਇਤਿਹਾਸਕ ਕਦਮ ਚੁੱਕਿਆ ਗਿਆ ਹੈ। ਵਿਧਾਇਕ ਬਲਕਾਰ ਸਿੱਧੂ ਨੇ ਕਿਹਾ ਕਿ ਸਤਿਕਾਰ ਸਖੀ ਯੋਜਨਾ ਸਿਰਫ਼ ਇੱਕ ਆਰਥਿਕ ਮਦਦ ਨਹੀਂ, ਸਗੋਂ ਪੰਜਾਬ ਦੀਆਂ ਮਾਵਾਂ, ਭੈਣਾਂ ਅਤੇ ਧੀਆਂ ਦੇ ਸਨਮਾਨ ਨਾਲ ਜੁੜੀ ਹੋਈ ਯੋਜਨਾ ਹੈ। ਉਨ੍ਹਾਂ ਕਿਹਾ ਕਿ ਜਨਰਲ ਵਰਗ ਦੀਆਂ ਮਹਿਲਾਵਾਂ ਨੂੰ ਹਰ ਮਹੀਨੇ 1000 ਰੁਪਏ ਅਤੇ ਅਨੁਸੂਚਿਤ ਵਰਗਾਂ ਦੀਆਂ ਮਹਿਲਾਵਾਂ ਨੂੰ 1500 ਰੁਪਏ ਦੀ ਸਹਾਇਤਾ ਰਾਸ਼ੀ ਦੇ ਕੇ ਸਰਕਾਰ ਉਨ੍ਹਾਂ ਦੇ ਘਰੇਲੂ ਜੀਵਨ ਨੂੰ ਮਜ਼ਬੂਤ ਕਰਨ ਦਾ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਆਮ ਪਰਿਵਾਰਾਂ ਦੀਆਂ ਮਹਿਲਾਵਾਂ ਘਰ ਦੀ ਰੀੜ੍ਹ ਦੀ ਹੱਡੀ ਹੁੰਦੀਆਂ ਹਨ। ਉਹ ਘਰ ਦਾ ਖਰਚਾ ਚਲਾਉਣ ਤੋਂ ਲੈ ਕੇ ਬੱਚਿਆਂ ਦੀ ਪੜ੍ਹਾਈ, ਬਜ਼ੁਰਗਾਂ ਦੀ ਸੰਭਾਲ ਅਤੇ ਰੋਜ਼ਾਨਾ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਅਜਿਹੇ ਵਿੱਚ ਇਹ ਰਾਸ਼ੀ ਉਨ੍ਹਾਂ ਲਈ ਵੱਡਾ ਸਹਾਰਾ ਸਾਬਤ ਹੋਵੇਗੀ। ਇਸ ਨਾਲ ਮਹਿਲਾਵਾਂ ਨੂੰ ਆਪਣੇ ਛੋਟੇ-ਮੋਟੇ ਖਰਚਿਆਂ ਲਈ ਕਿਸੇ ਹੋਰ ਉੱਤੇ ਨਿਰਭਰ ਨਹੀਂ ਰਹਿਣਾ ਪਵੇਗਾ ਅਤੇ ਉਹ ਆਤਮ ਵਿਸ਼ਵਾਸ ਨਾਲ ਆਪਣੀ ਜ਼ਿੰਦਗੀ ਦੇ ਫੈਸਲੇ ਲੈ ਸਕਣਗੀਆਂ। ਵਿਧਾਇਕ ਬਲਕਾਰ ਸਿੱਧੂ ਨੇ ਕਿਹਾ ਕਿ ਸਰਕਾਰ ਦੀ ਸੋਚ ਹੈ ਕਿ ਹਰ ਘਰ ਦੀ ਮਹਿਲਾ ਨੂੰ ਸਨਮਾਨ ਅਤੇ ਆਰਥਿਕ ਸੁਰੱਖਿਆ ਮਿਲੇ। ਇਹ ਯੋਜਨਾ ਖਾਸ ਕਰਕੇ ਮੱਧਵਰਗੀ ਅਤੇ ਆਮ ਪਰਿਵਾਰਾਂ ਲਈ ਬਹੁਤ ਲਾਭਦਾਇਕ ਸਾਬਤ ਹੋਵੇਗੀ, ਜਿੱਥੇ ਘਰੇਲੂ ਖਰਚੇ ਪੂਰੇ ਕਰਨ ਲਈ ਹਰ ਰੁਪਏ ਦੀ ਮਹੱਤਤਾ ਹੁੰਦੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਲੋਕਾਂ ਨਾਲ ਕੀਤੇ ਹਰ ਵਾਅਦੇ ਨੂੰ ਪੂਰਾ ਕਰਨ ਲਈ ਵਚਨਬੱਧ ਹੈ ਅਤੇ ਪੰਜਾਬ ਦੀ ਤਰੱਕੀ ਵਿੱਚ ਮਹਿਲਾਵਾਂ ਦੀ ਭਾਗੀਦਾਰੀ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ। ਇਸ ਮੌਕੇ ਵੱਡੀ ਗਿਣਤੀ ਵਿੱਚ ਸਖੀਆਂ, ਮਹਿਲਾਵਾਂ ਅਤੇ ਇਲਾਕੇ ਦੇ ਪਤਵੰਤੇ ਹਾਜ਼ਰ ਸਨ।

ਜਨਤਕ ਗਤੀਵਿਧੀਆਂ ਦੌਰਾਨ ਲੂ ਅਤੇ ਤੇਜ਼ ਗਰਮੀ ਤੋਂ ਬਚਾਅ ਲਈ ਵਰਤੀ ਜਾਣ ਵਾਲੀ ਸਾਵਧਾਨੀਆਂ ਦੀ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਦਿੱਤੀਆ ਜਾ ਰਹੀਆ ਸਿਹਤ ਸੇਵਾਵਾਂ

ਫ਼ਤਹਿਗੜ੍ਹ ਸਾਹਿਬ, 21 ਮਈ (ਅਭਿਸ਼ੇਕ ਮਲਹੋਤਰਾ) ਸਿਵਲ ਸਰਜਨ ਫ਼ਤਹਿਗੜ੍ਹ ਸਾਹਿਬ ਡਾਕਟਰ ਅਰਵਿੰਦ ਪਾਲ ਸਿੰਘ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸੀਨੀਅਰ ਮੈਡੀਕਲ ਅਫਸਰ ਡਾਕਟਰ ਨਵਦੀਪ ਕੌਰ ਜੀ ਵਲੋਂ ਦਸਿਆ ਗਿਆ ਕਿ ਵਿਭਾਗ ਪੰਜਾਬ ਸਿਹਤ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਪੀ.ਐਚ.ਸੀ ਨੰਦਪੁਰ ਕਲੌੜ ਦੇ ਆਯੁਸ਼ਮਾਨ ਅਰੋਗਿਆ ਕੇਂਦਰਾਂ ਵਿੱਚ ਜਨਤਕ ਗਤੀਵਿਧੀਆਂ ਦੌਰਾਨ ਲੂ ਅਤੇ ਤੇਜ਼ ਗਰਮੀ ਤੋਂ ਬਚਾਅ ਲਈ ਵਰਤੀ ਜਾਣ ਵਾਲੀ ਸਾਵਧਾਨੀਆਂ ਦੀ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਸਿਹਤ ਸੇਵਾਵਾਂ ਦਿੱਤੀਆ ਜਾ ਰਹੀਆ ਹਨ।ਇਸ ਮੌਕੇ ਉਨਾਂ ਦਸਿਆ ਕਿ ਅੱਜ ਆਯੁਸ਼ਮਾਨ ਅਰੋਗਿਆ ਕੇਂਦਰਾਂ ਵਿਖੇ ਮਮਤਾ ਦਿਵਸ ਅਧੀਨ ਟੀਕਾਕਰਨ ਅਤੇ ਵਿਸ਼ਵ ਹਾਈਪਰਟੈਨਸ਼ਨ ਜਾਗਰੂਕਤਾ ਹਫਤਾ ਅਧੀਨ ਅੱਜ ਗੈਰ ਸੰਚਾਰੀ ਰੋਗ ਕੈਂਪ ਵੀ ਲਗਾਇਆ ਗਿਆ ਜਿਸ ਵਿਚ ਹਾਈ ਬਲੱਡ ਪ੍ਰੈਸ਼ਰ ਦੀ ਜਾਂਚ ਇਲਾਜ ਅਤੇ ਪਰਹੇਜ਼ ਬਾਰੇ ਜਾਗਰੂਕ ਕੀਤਾ ਗਿਆ ਤਾਂ ਜੋ ਕਿ ਮਰੀਜ਼ ਬਲੱਡ ਪ੍ਰੈਸ਼ਰ ਦੀ ਸਮੇਂ ਸਿਰ ਦਵਾਈ ਖਾ ਸਕੇ ਅਤੇ ਉਚਿਤ ਪਰਹੇਜ ਰੱਖ ਸਕੇ। ਉਨਾਂ ਦਸਿਆ ਕਿ ਫ਼ੀਲਡ ਸਟਾਫ਼ ਵਲੋ ਸਿਹਤ ਵਿਭਾਗ ਦੁਆਰਾ ਦੱਸਿਆ ਗਈਆ ਹਦਾਇਤਾਂ ਅਨੁਸਾਰ ਲੋਕਾ ਨੂੰ ਸੂਰਜ ਨਿਕਲਣ ਤੋਂ ਪਹਿਲਾਂ ਹੀ ਯੋਗਾ, ਸੈਰ, ਕਸਰਤ ਅਤੇ ਸਾਈਕਲਿੰਗ ਕਰਕੇ ਆਪਣੇ ਸ਼ਰੀਰ ਨੂੰ ਚੁਸਤ ਦਰੁਸਤ ਰੱਖੇ ਜਾਣ ਦੀ ਸਲਾਹ ਦਿਤੀ ਗਈ ਜਿਸ ਨਾਲ ਕਿਸੇ ਵੱਡੀ ਬਿਮਾਰੀ ਦਾ ਸ਼ਿਕਾਰ ਹੋਣ ਤੋਂ ਵੀ ਬਚਿਆ ਜਾ ਸਕਦਾ ਹੈ।ਇਸ ਮੌਕੇ ਤੇ ਪਹੁੰਚੇ ਹੋਏ ਲਾਭਪਾਤਰੀਆਂ ਨੂੰ ਤੇਜ਼ ਗਰਮੀ ਅਤੇ ਲੂ ਤੋਂ ਬਚਾਅ ਲਈ ਪ੍ਰਾਪਤ ਹੋਈ ਹਦਾਇਤਾਂ ਜਿਵੇਂ ਕਿ 11 ਤੋਂ 4 ਵਜੇ ਤੱਕ ਬਿਨਾ ਕਿਸੇ ਕੰਮ ਤੋਂ ਬਾਹਰ ਨਾ ਨਿਕਲਣ ਅਤੇ ਬਾਹਰ ਜਾਣ ਵੇਲੇ ਪਾਣੀ ਨਾਲ ਰੱਖਣਾ ਯਕੀਨੀ ਬਣਾਉਣ ਸੰਬੰਧੀ ਅਤੇ ਮੌਸਮੀ ਫਲ ਸਬਜੀਆਂ ਜਿਵੇਂ ਕਿ ਖੀਰਾ, ਟਮਾਟਰ,ਤਰਬੂਜ,ਖਰਬੂਜਾ ਆਦਿ ਦਾ ਸੇਵਨ ਕਰਨ ਲਈ ਅਪੀਲ ਕੀਤੀ ਗਈ।

ਹਨੀ ਡੇ ਮੌਕੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਕਾਂਗੜ ਵਿਖੇ ਸ਼ੁੱਧ ਸ਼ਹਿਦ ਵੰਡ ਕੈਂਪ ਆਯੋਜਿਤ

ਨੂਰਪੁਰਬੇਦੀ 21 ਮਈ (ਮਨਦੀਪ ਬਾਲੀ) ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਕਾਂਗੜ ਵਿਖੇ ਹਨੀ ਡੇ ਦੇ ਮੌਕੇ 'ਤੇ ਤ੍ਰਿਫਲਾ ਅਰਥ ਪ੍ਰਾਈਵੇਟ ਲਿਮਿਟੇਡ ਵੱਲੋਂ ਲੋਕਾਂ ਵਿੱਚ ਸ਼ੁੱਧ ਅਤੇ ਕੁਦਰਤੀ ਸ਼ਹਿਦ ਦੀ ਵੰਡ ਕਰਦੇ ਹੋਏ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਕੈਂਪ ਦਾ ਆਯੋਜਨ ਤ੍ਰਿਫਲਾ ਦੇ ਮਾਲਕ ਪ੍ਰੇਮਜੀਤ ਸਿੰਘ ਚੋਪੜਾ ਦੀ ਅਗਵਾਈ ਹੇਠ ਟੀਮ ਮੈਂਬਰ ਨਰੇਸ਼ ਕੁਮਾਰ ਕਾਂਗੜ ਅਤੇ ਮੋਹਣ ਲਾਲ ਜੱਗਾ ਕਾਂਗੜ ਵੱਲੋਂ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਸੰਸਥਾ ਦੇ ਪ੍ਰਤਿਨਿਧੀਆਂ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਤਿਆਰ ਕੀਤਾ ਗਿਆ ਸ਼ਹਿਦ ਆਪਣੀ ਉੱਚ ਗੁਣਵੱਤਾ, ਸ਼ੁੱਧਤਾ ਅਤੇ ਕੁਦਰਤੀ ਮਿੱਠਾਸ ਕਰਕੇ ਪੈਰਿਸ ਅਤੇ ਲੰਡਨ ਵਰਗੇ ਅੰਤਰਰਾਸ਼ਟਰੀ ਮੰਚਾਂ 'ਤੇ ਸੋਨੇ ਦਾ ਤਗਮਾ ਹਾਸਲ ਕਰ ਚੁੱਕਾ ਹੈ। ਉਨ੍ਹਾਂ ਕਿਹਾ ਕਿ ਲੋਕਾਂ ਤੱਕ ਖ਼ਾਲਿਸ ਅਤੇ ਸਿਹਤਮੰਦ ਸ਼ਹਿਦ ਪਹੁੰਚਾਉਣਾ ਹੀ ਸੰਸਥਾ ਦਾ ਮੁੱਖ ਉਦੇਸ਼ ਹੈ।ਕੈਂਪ ਦੌਰਾਨ ਸੇਵ ਹਨੀ ਬੀ ਦਾ ਵਿਸ਼ੇਸ਼ ਸੰਦੇਸ਼ ਵੀ ਦਿੱਤਾ ਗਿਆ। ਬੋਲਣ ਵਾਲਿਆਂ ਨੇ ਕਿਹਾ ਕਿ ਮੱਖੀਆਂ ਸਿਰਫ਼ ਸ਼ਹਿਦ ਹੀ ਨਹੀਂ ਦਿੰਦੀਆਂ, ਸਗੋਂ ਖੇਤੀਬਾੜੀ ਅਤੇ ਪਰਿਆਵਰਨ ਦੇ ਸੰਤੁਲਨ ਨੂੰ ਕਾਇਮ ਰੱਖਣ ਵਿੱਚ ਵੀ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਜੇ ਮੱਖੀਆਂ ਦੀ ਗਿਣਤੀ ਘਟਦੀ ਹੈ ਤਾਂ ਇਸ ਦਾ ਸਿੱਧਾ ਪ੍ਰਭਾਵ ਫਸਲਾਂ ਅਤੇ ਕੁਦਰਤੀ ਜੀਵਨ 'ਤੇ ਪੈਂਦਾ ਹੈ। ਉਨ੍ਹਾਂ ਲੋਕਾਂ ਨੂੰ ਰਸਾਇਣਕ ਦਵਾਈਆਂ ਦੀ ਘੱਟ ਵਰਤੋਂ ਕਰਨ, ਫੁੱਲਦਾਰ ਪੌਦੇ ਲਗਾਉਣ ਅਤੇ ਮੱਖੀਆਂ ਦੀ ਸੁਰੱਖਿਆ ਲਈ ਵੱਧ ਤੋਂ ਵੱਧ ਜਾਗਰੂਕਤਾ ਫੈਲਾਉਣ ਦੀ ਅਪੀਲ ਕੀਤੀ।ਇਸ ਮੌਕੇ ਲੋਕਾਂ ਨੂੰ ਸ਼ੁੱਧ ਸ਼ਹਿਦ ਦੇ ਫਾਇਦਿਆਂ, ਕੁਦਰਤੀ ਜੀਵਨ ਸ਼ੈਲੀ ਅਤੇ ਪਰਿਆਵਰਨ ਸੰਭਾਲ ਬਾਰੇ ਵੀ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਹਾਜ਼ਰ ਲੋਕਾਂ ਨੇ ਇਸ ਉਪਰਾਲੇ ਦੀ ਪ੍ਰਸ਼ੰਸਾ ਕਰਦਿਆਂ ਇਸਨੂੰ ਸਿਹਤ ਅਤੇ ਕੁਦਰਤ ਨਾਲ ਜੋੜਨ ਵਾਲੀ ਸਰਾਹਣਯੋਗ ਪਹਿਲ ਦੱਸਿਆ।ਸਕੂਲ ਪ੍ਰਿੰਸੀਪਲ ਸ. ਪਾਖਰ ਸਿੰਘ ਨੇ ਆਏ ਪਤਵੰਤੇ ਸੱਜਣਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਜਿਹੇ ਜਾਗਰੂਕਤਾ ਕੈਂਪ ਵਿਦਿਆਰਥੀਆਂ ਅਤੇ ਸਮਾਜ ਲਈ ਬਹੁਤ ਲਾਹੇਵੰਦ ਸਾਬਤ ਹੁੰਦੇ ਹਨ। ਇਸ ਮੌਕੇ ਦਿਪੰਕਰ ਕੌਸ਼ਲ, ਸੁਖਦੇਵ ਸਿੰਘ ਰੰਧਾਵਾ, ਦਵਿੰਦਰ ਸਿੰਘ, ਕੋਮਲਪ੍ਰੀਤ ਸਿੰਘ, ਅਰਪਨ ਕੁਮਾਰ, ਦਵਿੰਦਰ ਕਲਰਕ, ਮਨਪ੍ਰੀਤ ਸਿੰਘ, ਬਲਵਿੰਦਰ ਸਿੰਘ, ਰਾਮ ਪਾਲ, ਭੁਵਨੇਸ਼ ਰਾਣਾ, ਮੈਡਮ ਮਮਤਾ ਰਾਣੀ, ਮੈਡਮ ਸੁਮਨ ਦੇਵੀ, ਮੈਡਮ ਹਿਨਾ, ਸ. ਬਲਵੰਤ ਸਿੰਘ ਕੈਂਪਸ ਮੈਨੇਜਰ, ਮਾਸਟਰ ਦਵਿੰਦਰ ਬਾਲੇਵਾਲ, ਕਮਲੇਸ਼ ਰਾਣੀ ਅਤੇ ਸਿਮਰਨ ਸਮੇਤ ਹੋਰ ਹਾਜ਼ਰ ਸਨ।

ਵੋਟਰ ਸੂਚੀਆਂ ਦੀ ਸਪੈਸ਼ਲ ਇੰਟੈਂਸਿਵ ਰਿਵੀਜ਼ਨ ਪੂਰੀ ਪਾਰਦਰਸ਼ਤਾ ਨਾਲ ਕਰਵਾਈ ਜਾਵੇਗੀ-ਡਿਪਟੀ ਕਮਿਸ਼ਨਰ

ਫ਼ਤਹਿਗੜ੍ਹ ਸਾਹਿਬ, 21 ਮਈ (ਅਭਿਸ਼ੇਕ ਮਲਹੋਤਰਾ) ਭਾਰਤ ਚੋਣ ਕਮਿਸ਼ਨ, ਨਵੀਂ ਦਿੱਲੀ ਵੱਲੋਂ ਪੰਜਾਬ ਰਾਜ ਵਿੱਚ ਵੋਟਰ ਸੂਚੀਆਂ ਦੀ ਸਪੈਸ਼ਲ ਇੰਟੈਂਸਿਵ ਰਵੀਜ਼ਨ (SIR) ਸਬੰਧੀ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ ਹੈ। ਇਸ ਅਧੀਨ ਪੰਜਾਬ ਰਾਜ ਵਿੱਚ 25 ਜੂਨ 2026 ਤੋਂ 24 ਜੁਲਾਈ 2026 ਤੱਕ ਬੀ.ਐਲ.ਓਜ਼ ਘਰ-ਘਰ ਜਾ ਕੇ ਫਾਰਮ ਭਰਵਾਉਣਗੇ। ਇਹ ਪ੍ਰਗਟਾਵਾ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਫ਼ਤਹਿਗੜ੍ਹ ਸਾਹਿਬ ਡਾ. ਸੋਨਾ ਥਿੰਦ ਨੇ ਅੱਜ ਪ੍ਰਬੰਧਕੀ ਕੰਪਲੈਕਸ ਦੇ ਕਾਨਫਰੰਸ ਰੂਮ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਫ਼ਤਹਿਗੜ੍ਹ ਵਿੱਚ ਐਸ.ਆਈ.ਆਰ ਕਰਵਾਉਣ ਸਬੰਧੀ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ ਅਤੇ ਇਸ ਕੰਮ ਨੂੰ ਪੂਰੇ ਪਾਰਦਰਸ਼ੀ ਤਰੀਕੇ ਨਾਲ ਨੇਪਰੇ ਚਾੜ੍ਹਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਕੰਮ ਲਈ ਜ਼ਿਲ੍ਹਾ ਫ਼ਤਹਿਗੜ੍ਹ ਵਿੱਚ 544 ਬੂਥਾਂ @ਤੇ 544 ਬੀ.ਐਲ.ਓਜ਼, 55 ਸੁਪਰਵਾਈਜ਼ਰ, 03 ਚੋਣਕਾਰ ਰਜਿਸਟਰੇਸ਼ਨ ਅਫ਼ਸਰ ਤੇ 06 ਸਹਾਇਕ ਚੋਣਕਾਰ ਰਜਿਸਟਰੇਸ਼ਨ ਅਫ਼ਸਰ ਲਗਾਏ ਗਏ ਹਨ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਵਿੱਚ 04 ਲੱਖ 55 ਹਜਾਰ 206 ਵੋਟਰਾਂ ਵਿੱਚੋਂ 03 ਲੱਖ 96 ਹਜਾਰ 292 ਵੋਟਰ ਮੈਪ ਕਰ ਦਿੱਤੇ ਗਏ ਹਨ, ਜੋ ਕਿ 87 ਫੀਸਦੀ ਬਣਦਾ ਹੈ। ਉਨ੍ਹਾਂ ਕਿਹਾ ਕਿ ਭਾਵੇਂ ਕਿ ਸਾਰੇ ਵੋਟਰਾਂ ਨੂੰ ਐਸ.ਆਈ.ਆਰ ਅਧੀਨ ਫਾਰਮ ਭਰਨਾ ਜਰੂਰੀ ਹੈ, ਫਿਰ ਵੀ ਮੈਪ ਕੀਤੇ ਹੋਏ ਵੋਟਰਾਂ ਲਈ ਐਸ.ਆਈ.ਆਰ ਦੀ ਪ੍ਰਕਿਰਿਆ ਕਾਫੀ ਆਸਾਨ ਹੋਵੇਗੀ। ਜੇਕਰ ਕੋਈ ਵੋਟਰ ਐਸ.ਆਈ.ਆਰ ਅਧੀਨ ਇਨੂਮੀਰੇਸ਼ਨ ਫਾਰਮ ਨਹੀਂ ਭਰਦਾ ਹੈ ਤਾਂ ਉਸ ਨੂੰ ਡਰਾਫਟ ਵੋਟਰ ਸੂਚੀ ਵਿੱਚ ਸ਼ਾਮਿਲ ਨਹੀਂ ਕੀਤਾ ਜਾਵੇਗਾ, ਜੋ ਮਿਤੀ 31 ਜੁਲਾਈ 2026 ਨੂੰ ਪ੍ਰਕਾਸ਼ਿਤ ਕੀਤੀ ਜਾਵੇਗੀ। ਦਾਅਵੇ ਅਤੇ ਇਤਰਾਜ਼ ਮਿਤੀ 31 ਜੁਲਾਈ 2026 ਤੋਂ 30 ਅਗਸਤ 2026 ਤੱਕ ਲਏ ਜਾਣਗੇ ਜਿਨਾਂ ਦਾ ਨਿਪਟਾਰਾ ਮਿਤੀ 28 ਸਤੰਬਰ 2026 ਤੱਕ ਕਰਦੇ ਹੋਏ ਮਿਤੀ 1 ਅਕਤੂਬਰ 2026 ਨੂੰ ਵੋਟਰ ਸੂਚੀ ਦੀ ਅੰਤਿਮ ਪ੍ਰਕਾਸ਼ਨਾ ਕੀਤੀ ਜਾਵੇਗੀ। ਐਸ.ਆਈ.ਆਰ ਅਧੀਨ ਹੀ ਪੋਲਿੰਗ ਸਟੇਸ਼ਨਾਂ ਨੂੰ ਤਰਕ ਸੰਗਤ ਕਰਨ ਦਾ ਕਾਰਜ ਮਿਤੀ 24 ਜੁਲਾਈ 2026 ਤੱਕ ਕੀਤਾ ਜਾਵੇਗਾ ਅਤੇ ਇਹ ਯਕੀਨੀ ਬਣਾਇਆ ਜਾਵੇਗਾ ਕਿ ਕਿਸੇ ਪੋਲਿੰਗ ਸਟੇਸ਼ਨ @ਤੇ ਵੋਟਰਾਂ ਦੀ ਗਿਣਤੀ 1200 ਤੋਂ ਵੱਧ ਨਾ ਹੋਵੇ। ਉਨ੍ਹਾਂ ਸਮੂਹ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ ਵੋਟਰ ਸੂਚੀਆਂ ਦੀ ਸਪੈਸ਼ਲ ਇੰਟੈਂਸਿਵ ਰਵੀਜ਼ਨ ਵਿੱਚ ਬੀ.ਐਲ.ਓਜ਼ ਨੂੰ ਪੂਰਾ ਸਹਿਯੋਗ ਦੇਣ। ਉਹਨਾਂ ਦੱਸਿਆ ਕਿ ਮਿਤੀ 15 ਜੂਨ 2026 ਤੋਂ ਮਿਤੀ 24 ਜੂਨ 2026 ਤੱਕ ਐਸ.ਆਈ.ਆਰ ਸ਼ਬੰਧੀ ਬੀ.ਐਲ.ਓਜ ਨੂੰ ਟ੍ਰੇਨਿੰਗ ਦੇਣ ਅਤੇ ਹੋਰ ਤਿਆਰੀਆਂ ਦਾ ਸਾਰਾ ਕੰਮ ਮੁਕੰਮਲ ਕਰ ਲਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਰਾਜਨੀਤਿਕ ਪਾਰਟੀਆਂ ਨਾਲ ਮੀਟਿੰਗ ਕਰਕੇ ਉਨ੍ਹਾਂ ਨੂੰ ਬੂਥ ਲੈਵਲ ਏਜੰਟ ਨਿਯੁਕਤ ਕਰਨ ਲਈ ਅਪੀਲ ਕੀਤੀ। ਉਨ੍ਹਾਂ ਜ਼ਿਲ੍ਹੇ ਦੇ ਸਮੂਹ ਵੋਟਰਾਂ ਨੂੰ ਯਕੀਨ ਦਿਵਾਇਆ ਕਿ ਐਸ.ਆਈ.ਆਰ ਪਾਰਦਰਸ਼ੀ ਢੰਗ ਨਾਲ ਕਰਵਾਈ ਜਾਵੇਗੀ। ਇਸ ਅਨੁਸਾਰ ਮੀਡੀਆ ਅਤੇ ਸਮੂਹ ਰਾਜਨੀਤਕ ਪਾਰਟੀਆਂ ਨਾਲ ਸਮੇਂ- ਸਮੇਂ @ਤੇ ਵਿਚਾਰ-ਵਟਾਂਦਰਾ ਕਰਕੇ ਵੋਟਰਾਂ ਦੀਆਂ ਮੁਸ਼ਕਲਾਂ ਹੱਲ ਕੀਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਵੋਟਰ 1950 ਹੈਲਪਲਾਈਨ ਤੇ ਕਾਲ ਕਰਕੇ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਸਾਡਾ ਉਦੇਸ਼ ਜ਼ਿਲ੍ਹੇ ਦੇ ਹਰੇਕ ਨਾਗਰਿਕ ਨੂੰ ਵੋਟਰ ਸੂਚੀ ਵਿੱਚ ਸ਼ਾਮਿਲ ਕਰਨਾ ਅਤੇ ਅਯੋਗ ਵਿਅਕਤੀਆਂ ਨੂੰ ਵੋਟਰ ਸੂਚੀ ਵਿੱਚੋਂ ਬਾਹਰ ਕਰਨਾ ਹੋਵੇਗਾ। ਇਸ ਮੌਕੇ ਤਹਿਸੀਲਦਾਰ ਚੋਣਾਂ ਨਿਰਮਲਾ ਰਾਣੀ ਵੀ ਮੌਜੂਦ ਸਨ।

ਡਬਲ-ਤਿਹਰੀਆਂ ਡਿਊਟੀਆਂ ਅਤੇ ਨੋਟਿਸਾਂ ਖ਼ਿਲਾਫ਼ ਅਧਿਆਪਕਾਂ ਦਾ ਡੀ.ਸੀ. ਦਫ਼ਤਰ ਸੰਗਰੂਰ ਅੱਗੇ ਧਰਨਾ

ਸੰਗਰੂਰ 21 ਮਈ :-(ਜਸਪਾਲ ਸਰਾਓ) ਭਾਰਤ ਅਤੇ ਪੰਜਾਬ ਸਰਕਾਰ ਵੱਲੋਂ ਆਪਣੇ ਰਾਜਨੀਤਿਕ ਮਨੋਰਥ ਨੂੰ ਪੂਰਾ ਕਰਨ ਦੇ ਮੰਤਵ ਨਾਲ ਸ਼ੁਰੂ ਕੀਤੀ ਗਈ ਜਨਗਣਨਾ ਅਤੇ ਸਮਾਜਿਕ ਆਰਥਿਕ ਸਰਵੇਖਣ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਸੰਗਰੂਰ ਵੱਲੋਂ ਬਹੁਤਾਤ ਵਿੱਚ ਸਕੂਲ ਸਿੱਖਿਆ ਵਿਭਾਗ ਦੇ ਅਧਿਆਪਕ ਅਤੇ ਗੈਰ ਅਧਿਆਪਨ ਕਰਮਚਾਰੀਆਂ ਨੂੰ ਨਿਯੁਕਤ ਕੀਤਾ ਗਿਆ ਹੈ । ਡਬੱਲ ਸੈਂਸਸ ਡਿਊਟੀ ਅਤੇ ਜਨਗਣਨਾ ਡਿਊਟੀ ਦੇ ਰਹੇ ਬਹੁਤ ਸਾਰੇ ਅਧਿਆਪਕਾਂ ਦੀ ਜੂਨ ਵਿੱਚ ਡਿਊਟੀ ਵੀ ਲਗਾ ਦਿੱਤੀ ਗਈ ਹੈ, ਇਹ ਅਧਿਆਪਕ ਆਪਣੇ ਇੱਕ ਸਮੇਂ ਦੂਸਰੀ ਤਿਹਰੀ ਡਿਊਟੀ ਦੇਣ ਤੋਂ ਅਸਮਰੱਥ ਹੋਣ ਕਾਰਨ , ਉਹਨਾਂ ਨੂੰ ਕਾਰਨ ਦੱਸੋ ਨੋਟਿਸ ਕੱਢ ਕੇ ਮਾਨਸਿਕ ਤੌਰ ਤੇ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ । ਇਸੇ ਮਸਲੇ ਨੂੰ ਲੈਕੇ ਸੰਗਰੂਰ ਜ਼ਿਲ੍ਹੇ ਵਿੱਚ ਸੰਘਰਸ਼ ਕਰਦੀਆਂ ਦੋ ਅਧਿਆਪਕ ਜੱਥੇਬੰਦੀਆਂ ਡੈਮੋਕਰੇਟਿਕ ਟੀਚਰਜ਼ ਫਰੰਟ (ਵਿਕਰਮਦੇਵ) ਅਤੇ ਡੈਮੋਕਰੇਟਿਕ ਟੀਚਰਜ਼ ਫਰੰਟ (ਦਿਗਵਿਜੈਪਾਲ) ਵੱਲੋਂ ਸਾਂਝੇ ਰੂਪ ਵਿੱਚ ਡੀ.ਸੀ.ਦਫ਼ਤਰ ਸੰਗਰੂਰ ਵਿਖੇ ਧਰਨਾ ਦਿੱਤਾ ਗਿਆ । ਜ਼ਿਕਰਯੋਗ ਹੈ ਕਿ ਉਪਰੋਕਤ ਮੰਗਾਂ ਨੂੰ ਲੈਕੇ 18 ਮਈ ਨੂੰ ਦੋਨੋਂ ਜੱਥੇਬੰਦੀਆਂ ਦੇ ਆਗੂਆਂ ਨੇ ਡੀ.ਸੀ.ਸੰਗਰੂਰ ਨੂੰ ਮੰਗ ਪੱਤਰ ਵੀ ਦਿੱਤਾ ਸੀ ਪਰ ਡੀ.ਸੀ.ਸੰਗਰੂਰ ਨੇ ਮੰਗਾਂ ਮੰਨਣ ਦੀ ਬਜਾਏ ਅੜੀਅਲ ਰਵਈਆ ਦਿਖਾਉਂਦੇ ਹੋਏ ਮੰਗਾਂ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ । ਇਸ ਕਾਰਨ ਅੱਜ ਦੇ ਧਰਨੇ ਵਿੱਚ ਡੀ.ਸੀ.ਸੰਗਰੂਰ ਦੇ ਖ਼ਿਲਾਫ਼ ਵੀ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ । ਅਧਿਆਪਕਾਂ ਵੱਲੋਂ ਡੀ.ਸੀ.ਦਫ਼ਤਰ ਅੰਦਰ ਲਗਾਏ ਧਰਨੇ ਦੇ ਦਬਾਅ ਸਦਕਾ ਏ. ਡੀ.ਸੀ (ਜਨਰਲ) ਸੰਗਰੂਰ ਨੇ ਆਗੂਆਂ ਨਾਲ ਮੀਟਿੰਗ ਕੀਤੀ । ਮੀਟਿੰਗ ਵਿੱਚ ਉਪਰੋਕਤ ਮੰਗਾਂ ਤੇ ਵਿਚਾਰ ਕਰਨ ਦੀ ਗੱਲ ਕਹੀ ਗਈ ।ਪਰ ਮੰਗਾਂ ਪੂਰੀਆਂ ਕਰਨ ਲਈ ਏ ਡੀ ਸੀ ਵੱਲੋਂ ਹਾਮੀ ਨਾ ਭਰਨ ਕਰਕੇ ਏ ਡੀ ਸੀ (ਜਨਰਲ) ਧਰਨੇ ਦੌਰਾਨ ਦਫ਼ਤਰ ਵਿੱਚੋਂ ਉੱਠ ਕੇ ਚਲੇ ਗਏ । ਇਸ ਉਪਰੰਤ ਰੋਸ ਵਿੱਚ ਆਏ ਅਧਿਆਪਕਾਂ ਨੇ ਜ਼ੋਰਦਾਰ ਨਾਅਰੇਬਾਜ਼ੀ ਕਰਦੇ ਹੋਏ ਮੁੱਖ ਡੀ ਸੀ ਦਫ਼ਤਰ ਦੀ ਮੁੱਖ ਬਿਲਡਿੰਗ ਦਾ ਘੇਰਾਓ ਕਰਨ ਦੇ ਮਨਸੂਬੇ ਨਾਲ ਡੀ ਸੀ ਦਫ਼ਤਰ ਵੱਲ ਕੂਚ ਆਰੰਭ ਕੀਤਾ ਅਤੇ ਪ੍ਰਸ਼ਾਸਨ ਨਾਲ ਹੋਈ ਟਕਰਾਅਬਾਜ਼ੀ ਉਪਰੰਤ ਅਧਿਆਪਕਾਂ ਨੇ ਦਫ਼ਤਰ ਦਾ ਮੁੱਖ ਗੇਟ ਬੰਦ ਕਰਕੇ ਮੁੱਖ ਸੜਕ ਨੂੰ ਬੰਦ ਕਰ ਦਿੱਤਾ । ਅਧਿਆਪਕਾਂ ਦੇ ਵੱਧਦੇ ਰੋਹ ਨੂੰ ਦੇਖਦਿਆਂ ਐਸ ਡੀ ਐਮ ਸੰਗਰੂਰ ਨੇ ਅਧਿਆਪਕ ਆਗੂਆਂ ਨਾਲ ਮੀਟਿੰਗ ਕਰਨ ਤੋਂ ਬਾਅਦ ਧਰਨੇ ਵਿੱਚ ਆਕੇ ਮੰਗਾਂ ਪੂਰੀਆਂ ਕਰਨ ਦਾ ਭਰੋਸਾ ਦਿੰਦਿਆਂ ਕਿਹਾ ਕੀ ਜਨਗਣਨਾ ਕਰ ਰਹੇ ਅਧਿਆਪਕਾਂ ਨੂੰ ਸਕੂਲ ਸਮੇਂ ਤੋਂ ਫਾਰਗ ਕਰਨ ਦੇ ਲੈਟਰ ਜ਼ਿਲ੍ਹੇ ਦੇ ਸਮੂਹ ਐਸ ਡੀ ਐਮ ਵੱਲੋਂ ਜਾਰੀ ਕਰ ਦਿੱਤੇ ਜਾਣਗੇ, ਅਧਿਆਪਕਾਂ ਨੂੰ ਕੱਢੇ ਗਏ ਕਾਰਨ ਦੱਸੋ ਨੋਟਿਸ ਰੱਦ ਕੀਤੇ ਜਾਣਗੇ ,ਅਧਿਆਪਕਾਂ ਦੀਆਂ ਡਬਲ ਡਿਊਟੀਆਂ ਰੱਦ ਕੀਤੀਆਂ ਜਾਣਗੀਆਂ ਜੱਥੇਬੰਦੀ ਦੇ ਆਗੂਆਂ ਨੇ ਕਿਹਾ ਕਿ ਜੇਕਰ ਕੱਲ ਤੱਕ ਮੰਗਾਂ ਨਾ ਮੰਨੀਆਂ ਗਈਆਂ ਤਾਂ ਮੁੜ ਸੰਘਰਸ਼ ਕੀਤਾ ਜਾਵੇਗਾ । ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁਖਵਿੰਦਰ ਗਿਰ,ਦਾਤਾ ਸਿੰਘ ਨਮੋਲ,ਮੰਗਵਾਲ ਸਿੰਘ,ਹਰਭਗਵਾਨ ਗੁਰਨੇ,ਅਮਨ ਵਸ਼ਿਸ਼ਟ,ਦਲਜੀਤ ਸਫ਼ੀਪੁਰ,ਸੁਖਜਿੰਦਰ ਸਿੰਘ,ਕਰਮਜੀਤ ਨਦਾਮਪੁਰ ਆਦਿ ਹਾਜ਼ਰ ਸਨ । ਭਰਾਤਰੀ ਜੱਥੇਬੰਦੀਆਂ ਵਜੋਂ ਜੁਝਾਰ ਸਿੰਘ,ਮਨਧੀਰ ਸਿੰਘ ਬਸੈਸਰ ਰਾਮ,ਸੁਖਵਿੰਦਰ ਸਿੰਘ ਢਿੱਲਵਾ ਨੇ ਵੀਂ ਸਮੂਲੀਅਤ ਕੀਤੀ

ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਬੁੱਢਾ ਦਰਿਆ ਦੀ ਸਫਾਈ ਲਈ ਉਦਯੋਗਪਤੀਆਂ ਨੂੰ ਸਮਰਥਨ ਦੇਣ ਦੀ ਕੀਤੀ ਅਪੀਲ

- ਰਾਜਪਾਲ ਨੇ ਉਦਯੋਗਿਕ ਭਾਈਚਾਰੇ ਦੀ ਨਵੀਨਤਾ ਅਤੇ ਤਕਨੀਕੀ ਹੁਨਰ ਦੀ ਕੀਤੀ ਪ੍ਰਸ਼ੰਸਾ
- ਰਾਜਪਾਲ ਕੇਵਲ ਤਿੰਨ ਸਰਕਾਰੀ ਗੱਡੀਆਂ ਨਾਲ ਪੁੱਜੇ ਲੁਧਿਆਣਾ

ਲੁਧਿਆਣਾ, 21 ਮਈ (ਸੁਰਮਾ) ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਉਦਯੋਗਿਕ ਵਿਕਾਸ ਅਤੇ ਵਾਤਾਵਰਣ ਸੁਰੱਖਿਆ ਵਿਚਕਾਰ ਸੰਤੁਲਨ ਬਣਾਈ ਰੱਖਣ ਦੀ ਜ਼ਰੂਰਤ @ਤੇ ਜ਼ੋਰ ਦਿੰਦੇ ਹੋਏ ਉਦਯੋਗ ਨੂੰ ਦੇਸ਼ ਦੀ ਰੀੜ੍ਹ ਦੀ ਹੱਡੀ ਦੱਸਿਆ ਅਤੇ ਉਦਯੋਗਪਤੀਆਂ ਨੂੰ ਜਨਤਕ ਸਿਹਤ ਅਤੇ ਵਾਤਾਵਰਣ ਨੂੰ ਬਿਹਤਰ ਬਣਾਉਣ ਲਈ ਬੁੱਢਾ ਦਰਿਆ ਦੀ ਸਫਾਈ ਲਈ ਸਮਰਥਨ ਕਰਨ ਦੀ ਅਪੀਲ ਕੀਤੀ। ਹੋਟਲ ਪਾਰਕ ਪਲਾਜ਼ਾ ਵਿਖੇ ਸਮਾਗਮ 4.0 ਲੀਡਰਜ਼ ਕਨਕਲੇਵ 2026 ਫੈਸ਼ਨ ਅਤੇ ਟੈਕਸਟਾਈਲ ਨੂੰ ਸੰਬੋਧਨ ਕਰਦੇ ਹੋਏ ਸ੍ਰੀ ਗੁਲਾਬ ਚੰਦ ਕਟਾਰੀਆ ਨੇ ਲੁਧਿਆਣਾ ਦੇ ਉਦਯੋਗਿਕ ਭਾਈਚਾਰੇ ਦੀ ਤਕਨੀਕੀ ਮੁਹਾਰਤ ਅਤੇ ਨਵੀਨਤਾਕਾਰੀ ਮਾਨਸਿਕਤਾ ਲਈ ਪ੍ਰਸ਼ੰਸਾ ਕੀਤੀ। ਉਨ੍ਹਾਂ ਨੇ ਉਜਾਗਰ ਕੀਤਾ ਕਿ ਕਿਵੇਂ ਪੰਜਾਬੀ ਉੱਦਮੀਆਂ ਨੇ ਚੁਣੌਤੀਪੂਰਨ ਸਮੇਂ ਦੌਰਾਨ ਲਗਾਤਾਰ ਵਿਹਾਰਕ ਹੱਲ ਪ੍ਰਦਾਨ ਕੀਤੇ ਹਨ, ਜਿਸ ਦੌਰਾਨ ਪੰਜਾਬ ਵਿੱਚ ਹੜ੍ਹਾਂ ਦੌਰਾਨ ਲੋਕਾਂ ਨੂੰ ਬਚਾਉਣ ਵਿੱਚ ਮਦਦ ਕਰਨ ਵਾਲੇ ਉਭਰੀ ਆਲ-ਟੇਰੇਨ ਵਾਹਨਾਂ ਦਾ ਵਿਕਾਸ ਸ਼ਾਮਲ ਹੈ। ਬੁੱਢਾ ਦਰਿਆ ਦੀ ਸਫਾਈ ਨੂੰ ਆਪਣਾ ÷ਸੁਪਨੇ ਦਾ ਪ੍ਰੋਜੈਕਟ÷ ਦੱਸਦੇ ਹੋਏ, ਰਾਜਪਾਲ ਨੇ ਕਿਹਾ ਕਿ ਪ੍ਰਦੂਸ਼ਣ ਨਿਵਾਸੀਆਂ ਲਈ ਇੱਕ ਵੱਡੀ ਸਿਹਤ ਚਿੰਤਾ ਬਣ ਗਿਆ ਹੈ। ਉਨ੍ਹਾਂ ਉਦਯੋਗਪਤੀਆਂ ਨੂੰ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ - ÷ਪਵਨ ਗੁਰੂ, ਪਾਣੀ ਪਿਤਾ, ਮਾਤਾ ਧਰਤਿ ਮਹੱਤ÷ ਅਤੇ ÷ਸਰਬੱਤ ਦਾ ਭਲਾ÷ ਤੋਂ ਪ੍ਰੇਰਨਾ ਲੈਂਦੇ ਹੋਏ, ਮਿਸ਼ਨ ਵਿੱਚ ਸਮੂਹਿਕ ਤੌਰ @ਤੇ ਸ਼ਾਮਲ ਹੋਣ ਦੀ ਅਪੀਲ ਕੀਤੀ। ਗੁਲਾਬ ਚੰਦ ਕਟਾਰੀਆ ਨੇ ਪੰਜਾਬ ਵਿੱਚ ਸਟਾਰਟਅੱਪਸ ਅਤੇ ਨਵੀਨਤਾ ਸੰਚਾਲਿਤ ਉੱਦਮਤਾ ਨੂੰ ਉਤਸ਼ਾਹਿਤ ਕਰਨ ਦੀ ਜ਼ੋਰਦਾਰ ਵਕਾਲਤ ਕੀਤੀ। ਉਨ੍ਹਾਂ ਕਿਹਾ ਕਿ ਸਟਾਰਟਅੱਪਸ ਵਿੱਚ ਨੌਜਵਾਨਾਂ ਲਈ ਨਵੇਂ ਮੌਕੇ ਪੈਦਾ ਕਰਕੇ ਅਤੇ ਸਵੈ-ਨਿਰਭਰਤਾ ਨੂੰ ਉਤਸ਼ਾਹਿਤ ਕਰਕੇ ਬੇਰੁਜ਼ਗਾਰੀ ਨਾਲ ਨਜਿੱਠਣ ਵਿੱਚ ਇੱਕ ਵੱਡੀ ਸ਼ਕਤੀ ਬਣਨ ਦੀ ਸਮਰੱਥਾ ਹੈ। ਨਿਰੰਤਰ ਵਿੱਤੀ ਸਹਾਇਤਾ, ਸਲਾਹ ਅਤੇ ਇਨਕਿਊਬੇਸ਼ਨ ਸਹਾਇਤਾ ਦੀ ਜ਼ਰੂਰਤ @ਤੇ ਜ਼ੋਰ ਦਿੰਦੇ ਹੋਏ, ਉਨ੍ਹਾਂ ਨੇ ਵੱਡੇ ਉਦਯੋਗਿਕ ਘਰਾਣਿਆਂ ਅਤੇ ਸਥਾਪਿਤ ਵਪਾਰਕ ਨੇਤਾਵਾਂ ਨੂੰ ਨੌਜਵਾਨ ਉੱਦਮੀਆਂ ਨੂੰ ਸਰਗਰਮੀ ਨਾਲ ਮਾਰਗਦਰਸ਼ਨ ਅਤੇ ਨਿਵੇਸ਼ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਨੌਜਵਾਨਾਂ ਕੋਲ ਅਥਾਹ ਪ੍ਰਤਿਭਾ, ਤਕਨੀਕੀ ਹੁਨਰ ਅਤੇ ਉੱਦਮੀ ਭਾਵਨਾ ਹੈ, ਪਰ ਵਿਚਾਰਾਂ ਨੂੰ ਸਫਲ ਉੱਦਮਾਂ ਵਿੱਚ ਬਦਲਣ ਲਈ ਇੱਕ ਸਹਾਇਕ ਵਾਤਾਵਰਣ ਦੀ ਲੋੜ ਹੈ। ਰਾਜਪਾਲ ਨੇ ਵਿਦਿਅਕ ਸੰਸਥਾਵਾਂ, ਉਦਯੋਗਾਂ ਅਤੇ ਸਰਕਾਰੀ ਸੰਸਥਾਵਾਂ ਨੂੰ ਨਵੀਨਤਾ ਕੇਂਦਰਾਂ ਅਤੇ ਸਟਾਰਟਅੱਪ ਅਨੁਕੂਲ ਨੀਤੀਆਂ ਬਣਾਉਣ ਵਿੱਚ ਇਕੱਠੇ ਕੰਮ ਕਰਨ ਲਈ ਉਤਸ਼ਾਹਿਤ ਕੀਤਾ ਤਾਂ ਜੋ ਪੰਜਾਬ ਨੂੰ ਤਕਨਾਲੋਜੀ, ਨਿਰਮਾਣ ਅਤੇ ਟਿਕਾਊ ਉੱਦਮਾਂ ਲਈ ਇੱਕ ਮੋਹਰੀ ਮੰਜ਼ਿਲ ਵਜੋਂ ਉਭਰਨ ਵਿੱਚ ਮਦਦ ਕਰ ਸਕਦੀਆਂ ਹਨ। ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਜੋ ਸਿਰਫ਼ ਤਿੰਨ ਸਰਕਾਰੀ ਵਾਹਨਾਂ ਦੇ ਕਾਫ਼ਲੇ ਨਾਲ ਲੁਧਿਆਣਾ ਆਏ ਸਨ ਨੇ ਨੌਜਵਾਨ ਉੱਦਮੀਆਂ ਨੂੰ ਪੈਟਰੋਲ ਅਤੇ ਡੀਜ਼ਲ ਦੇ ਟਿਕਾਊ ਵਿਕਲਪ ਵਿਕਸਤ ਕਰਨ @ਤੇ ਧਿਆਨ ਕੇਂਦਰਿਤ ਕਰਨ ਲਈ ਉਤਸ਼ਾਹਿਤ ਕੀਤਾ। ਉਨ੍ਹਾਂ ਇਸ ਗੱਲ @ਤੇ ਜ਼ੋਰ ਦਿੱਤਾ ਕਿ ਦੁਨੀਆ ਇੱਕ ਗੰਭੀਰ ਊਰਜਾ ਸੰਕਟ ਦਾ ਸਾਹਮਣਾ ਕਰ ਰਹੀ ਹੈ। ਸਾਫ਼ ਅਤੇ ਨਵਿਆਉਣਯੋਗ ਊਰਜਾ ਵਿੱਚ ਨਵੀਨਤਾ ਸਮੇਂ ਦੀ ਲੋੜ ਹੈ। ਭਵਿੱਖ ਦੀਆਂ ਚੁਣੌਤੀਆਂ ਨੂੰ ਉਜਾਗਰ ਕਰਦੇ ਹੋਏ, ਉਨ੍ਹਾਂ ਨੇ ਨੌਜਵਾਨ ਨਵੀਨਤਾਕਾਰਾਂ ਨੂੰ ਪੈਟਰੋਲ ਅਤੇ ਡੀਜ਼ਲ ਦੇ ਵਿਕਲਪਾਂ ਦੀ ਖੋਜ ਕਰਨ ਅਤੇ ਹਰੀ ਤਕਨਾਲੋਜੀਆਂ, ਨਵਿਆਉਣਯੋਗ ਊਰਜਾ ਅਤੇ ਵਾਤਾਵਰਣ ਪੱਖੋਂ ਟਿਕਾਊ ਉਦਯੋਗਿਕ ਅਭਿਆਸਾਂ @ਤੇ ਧਿਆਨ ਕੇਂਦਰਿਤ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਆਉਣ ਵਾਲਾ ਦਹਾਕਾ ਉਨ੍ਹਾਂ ਉੱਦਮੀਆਂ ਦਾ ਹੋਵੇਗਾ ਜੋ ਨਵੀਨਤਾ ਨੂੰ ਸਥਿਰਤਾ ਨਾਲ ਜੋੜਦੇ ਹਨ। ਰਾਜਪਾਲ ਨੇ ਅੱਗੇ ਕਿਹਾ ਕਿ ਜਿੱਥੇ ਪੰਜਾਬ ਨੂੰ ਭਾਰਤ ਦੇ ਭੋਜਨ ਕਟੋਰੇ ਵਜੋਂ ਜਾਣਿਆ ਜਾਂਦਾ ਹੈ, ਉੱਥੇ ਰਾਜ ਨੂੰ ਹੁਣ ਪੌਸ਼ਟਿਕ ਅਤੇ ਸਿਹਤਮੰਦ ਭੋਜਨ ਉਤਪਾਦਨ ਦਾ ਕੇਂਦਰ ਬਣਨ ਲਈ ਵੀ ਯਤਨਸ਼ੀਲ ਰਹਿਣਾ ਚਾਹੀਦਾ ਹੈ। ਸੰਮੇਲਨ ਵਿੱਚ ਪੁਰਸਕਾਰ ਜੇਤੂਆਂ ਨੂੰ ਵਧਾਈ ਦਿੰਦੇ ਹੋਏ, ਉਨ੍ਹਾਂ ਨੇ ਉਨ੍ਹਾਂ ਨੂੰ ਪੰਜਾਬ ਅਤੇ ਭਾਰਤ ਨੂੰ ਆਰਥਿਕ ਤੌਰ @ਤੇ ਮਜ਼ਬੂਤ ਅਤੇ ਵਿਸ਼ਵ ਪੱਧਰ @ਤੇ ਪ੍ਰਤੀਯੋਗੀ ਬਣਾਉਣ ਵਿੱਚ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ।

ਆਸਾ ਰਾਮ ਨੂੰ ਵੱਖ ਵੱਖ ਆਗੂਆਂ ਵੱਲੋਂ ਕੀਤੀ ਗਈ ਸ਼ਰਧਾਂਜਲੀ ਭੇਟ

ਪਾਤੜਾਂ 21 ਮਈ (ਗਗਨ ਗਰਗ) ਸਰਦਾਰ ਕਰਨ ਸਿੰਘ ਡੀ ਟੀ ਓ ਹਲਕਾ ਸੇਵਾਦਾਰ ਜੀ ਵੱਲੋਂ ਮੋਹਨ ਲਾਲ ਸਿੰਗਲਾ ਉੱਘੇ ਸਮਾਜ ਸੇਵੀ ਕਾਰ ਬਜ਼ਾਰ ਪਾਤੜਾਂ ਅਤੇ ਪ੍ਰੋਪਰਟੀ ਡੀਲਰ ਐਸੋਸ਼ੀਏਸ਼ਨ ਪਾਤੜਾਂ ਦੇ ਸਾਬਕਾ ਪ੍ਰਧਾਨ ਦੇ ਜੀਜਾ ਆਸਾ ਰਾਮ ਜੀ ਦੇ ਅਕਾਲ ਚਲਾਣਾ ਕਰ ਗਏ ਸਨ, ਦੇ ਨਮਿਤ ਅੱਜ ਅੰਤਿਮ ਅਰਦਾਸ ਚ ਹਾਜ਼ਰੀ ਲਗਵਾਈ ਅਤੇ ਪਰਿਵਾਰ ਨਾਲ ਡੂੰਘਾਂ ਦੁੱਖ ਪ੍ਰਗਟ ਕੀਤਾ । ਭੋਗ ਦੀ ਰਸਮ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਨ ਦੌਰਾਨ ਉਹਨਾਂ ਆਖਿਆ ਕੀ ਉਹ ਸਮੁੱਚੇ ਪਾਤੜਾਂ ਸ਼ਹਿਰ ਨਿਵਾਸੀਆਂ ਦੇ ਦੁੱਖ ਸੁੱਖ ਦੇ ਸਾਥੀ ਹਨ ਅਤੇ ਚੱਟਾਨ ਵਾਂਗ ਆਪਣੇ ਸ਼ਹਿਰ ਨਿਵਾਸੀਆਂ ਨਾਲ ਖੜੇ ਹਨ । ਉਹਨਾਂ ਆਖਿਆ ਕੀ ਹਲਕੇ ਸੁਤਰਾਣੇ ਨੂੰ ਸੰਗਤ ਦੇ ਆਸ਼ੀਰਵਾਦ ਸਦਕਾ ਸੂਬੇ ਦਾ ਨੰਬਰ ਇੱਕ ਵਿਕਸਿਤ ਹਲਕਾ ਬਣਾਇਆ ਜਾਵੇਗਾ ਅਤੇ ਸਾਫ ਸੁੱਥਰੀ ਇਮਾਨਦਾਰੀ ਦੀ ਅਗਵਾਈ ਹਲਕੇ ਸੁਤਰਾਣੇ ਨੂੰ ਦਿੱਤੀ ਜਾਵੇਗੀ । ਇਸ ਮੌਕੇ ਉਹਨਾਂ ਨਾਲ ਸਾਬਕਾ ਐਮ ਸੀ ਮੋਹਨ ਲਾਲ ਸਿੰਗਲਾ, ਕੁਲਦੀਪ ਸਿੰਘ ਰੇਡੂ, ਜਗਜੀਤ ਭੰਗੂ, ਵਿਜੈ ਕਾਕਾ, ਵਰੁਣ ਕਾਂਸਲ, ਨਵੀ ਯੂਥ ਆਗੂ, ਸਿਆਸੀ ਸੈਕਟਰੀ ਮਸਤਾਨ ਸਿੰਘ ਆਦਿ ਹਾਜ਼ਰ ਸਨ ।

ਪੰਜਾਬ ਯੂਨੀਵਰਸਿਟੀ ਦੀ ਮੈਰਿਟ ਸੂਚੀ ਵਿੱਚ ਗੁਰੂ ਗੋਬਿੰਦ ਸਿੰਘ ਲਾਅ ਕਾਲਜ ਦਾ ਦਬਦਬਾ

ਗਿੱਦੜਬਾਹਾ, 21 ਮਈ (ਕੁਲਦੀਪ ਜਿੰਦਲ) - ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਐਲਾਨੇ ਗਏ ਬੀ.ਏ. ਐਲ.ਐਲ.ਬੀ. (ਆਨਰਜ਼) ਦੇ ਤੀਜੇ ਅਤੇ ਪੰਜਵੇਂ ਸਮੈਸਟਰ ਦੇ ਪ੍ਰੀਖਿਆ ਨਤੀਜਿਆਂ ਵਿੱਚ ਗੁਰੂ ਗੋਬਿੰਦ ਸਿੰਘ ਲਾਅ ਕਾਲਜ ਗਿੱਦੜਬਾਹਾ ਦੇ ਵਿਦਿਆਰਥੀਆਂ ਨੇ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਦਿਆਂ 100 ਪ੍ਰਤੀਸ਼ਤ ਨਤੀਜਾ ਹਾਸਲ ਕੀਤਾ ਹੈ। ਪ੍ਰਿੰਸੀਪਲ ਡਾ. ਆਰ.ਪੀ. ਵਰਮਾ ਨੇ ਦੱਸਿਆ ਕਿ ਇਸ ਨਤੀਜੇ ਦੀ ਸਭ ਤੋਂ ਵੱਡੀ ਉਪਲਬਧੀ ਇਹ ਰਹੀ ਕਿ ਤੀਜੇ ਸਮੈਸਟਰ ਵਿੱਚ ਕਾਲਜ ਵਿਦਿਆਰਥਣ ਅਕਸ਼ਿਤਾ ਪੁੱਤਰੀ ਮੋਹਿੰਦਰ ਕੁਮਾਰ ਨੇ ਪੂਰੀ ਪੰਜਾਬ ਯੂਨੀਵਰਸਿਟੀ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ, ਜਦਕਿ ਬਲਜਿੰਦਰ ਕੌਰ ਪੁੱਤਰੀ ਸੁਖਮੰਦਰ ਸਿੰਘ ਨੇ ਯੂਨੀਵਰਸਿਟੀ ਵਿੱਚ ਪੰਜਵਾਂ ਸਥਾਨ ਹਾਸਲ ਕਰ ਕਾਲਜ ਦਾ ਨਾਮ ਰੌਸ਼ਨ ਕੀਤਾ। ਕਾਲਜ ਪੱਧਰ 'ਤੇ ਹਰਮਨਦੀਪ ਕੌਰ ਪੁੱਤਰੀ ਗੁਰਜਿੰਦਰ ਸਿੰਘ ਤੀਜੇ ਸਥਾਨ 'ਤੇ ਰਹੀ। ਇਸੇ ਤਰ੍ਹਾਂ ਪੰਜਵੇਂ ਸਮੈਸਟਰ ਵਿੱਚ ਕਰਨਵੀਰ ਕੌਰ ਮਾਨ ਪੁੱਤਰੀ ਐਡਵੋਕੇਟ ਹਰਜਿੰਦਰ ਸਿੰਘ ਮਾਨ ਨੇ ਪਹਿਲਾ, ਤਮੰਨਾ ਪੁੱਤਰੀ ਮੁਕੇਸ਼ ਕੁਮਾਰ ਨੇ ਦੂਜਾ ਅਤੇ ਮਨਜੋਤ ਕੌਰ ਪੁੱਤਰੀ ਗੁਰਮੀਤ ਸਿੰਘ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਪ੍ਰਿੰਸੀਪਲ ਡਾ. ਵਰਮਾ ਨੇ ਇਸ ਸ਼ਾਨਦਾਰ ਨਤੀਜੇ ਨੂੰ ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਸਾਂਝੀ ਮਿਹਨਤ ਦਾ ਨਤੀਜਾ ਦੱਸਦਿਆਂ ਕਿਹਾ ਕਿ ਇਨ੍ਹਾਂ ਹੋਣਹਾਰ ਵਿਦਿਆਰਥੀਆਂ ਨੇ ਨਾ ਸਿਰਫ਼ ਕਾਲਜ ਸਗੋਂ ਆਪਣੇ ਮਾਪਿਆਂ ਦਾ ਨਾਮ ਵੀ ਰੌਸ਼ਨ ਕੀਤਾ ਹੈ। ਉਨ੍ਹਾਂ ਇਹ ਵੀ ਜਾਣਕਾਰੀ ਦਿੱਤੀ ਕਿ ਨਵੇਂ ਵਿਦਿਅਕ ਸੈਸ਼ਨ ਤੋਂ ਕਾਲਜ ਵਿੱਚ ਮਾਨਤਾ ਪ੍ਰਾਪਤ ਬੀ.ਕਾਮ ਐਲ.ਐਲ.ਬੀ. (ਆਨਰਜ਼) ਅਤੇ ਤਿੰਨ ਸਾਲਾ ਐਲ.ਐਲ.ਬੀ. ਕੋਰਸ ਵੀ ਸ਼ੁਰੂ ਕੀਤੇ ਜਾ ਰਹੇ ਹਨ। ਵਿਦਿਆਰਥਣਾ ਦੀ ਇਸ ਸਫਲਤਾ 'ਤੇ ਕਾਰਜਕਾਰੀ ਮੈਂਬਰ ਹਰਕੀਰਤ ਕੌਰ ਬਾਦਲ, ਜਨਰਲ ਸਕੱਤਰ ਗੁਰਚਰਨ ਸਿੰਘ ਅਤੇ ਕੈਂਪਸ ਡਾਇਰੈਕਟਰ ਕਰਨਲ ਸੁਧਾਂਸ਼ੂ ਆਰਿਆ ਨੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।

ਬੁਰਜ ਸੇਮਾ ਵਿਖੇ ਕਿਸਾਨ ਸਿਖਲਾਈ ਕੈਂਪ ਆਯੋਜਿਤ

ਮਿੱਟੀ ਅਤੇ ਪਾਣੀ ਪਰਖ ਦੀ ਰਿਪੋਰਟ ਮੁਤਾਬਕ ਖਾਦਾਂ ਦੀ ਸੁਚੱਜੀ ਵਰਤੋਂ ਕਰਨ ਦੀ ਅਪੀਲ

ਬਠਿੰਡਾ, 21 ਮਈ (ਰਾਣਾ ਸ਼ਰਮਾ): ਡਾਇਰੈਕਟਰ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪੰਜਾਬ ਡਾ. ਗੁਰਜੀਤ ਸਿੰਘ ਬਰਾੜ ਦੇ ਦਿਸ਼ਾ-ਨਿਰਦੇਸ਼ਾਂ ਹੇਠ ਡਾ. ਪ੍ਰਭਜੋਤ ਕੌਰ ਜ਼ਿਲ੍ਹਾ ਸਿਖਲਾਈ ਅਫਸਰ, ਬਠਿੰਡਾ ਦੀ ਅਗਵਾਈ 'ਚ ਪਿੰਡ ਬੁਰਜ ਸੇਮਾ ਵਿਖੇ ਕਿਸਾਨ ਸਿਖਲਾਈ ਕੈਂਪ ਆਯੋਜਿਤ ਕੀਤਾ ਗਿਆ। ਕੈਂਪ ਦੀ ਸ਼ੁਰੂਆਤ ਕਰਦਿਆਂ ਡਾ. ਜਸਵਿੰਦਰ ਕੌਰ ਏਡੀਓ (ਟ੍ਰੇਨਿੰਗ) ਬਠਿੰਡਾ ਨੇ ਖੇਤੀ ਵਿਭਿੰਨਤਾ ਤੇ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਕਿਸਾਨਾਂ ਨਾਲ ਨਰਮੇ ਤੇ ਕਪਾਹ ਦੀ ਬਿਜਾਈ ਲਈ ਵਿਚਾਰ ਸਾਂਝੇ ਕੀਤੇ। ਨਰਮੇ ਦੀ ਸੁਚੱਜੀ ਕਾਸ਼ਤ ਲਈ ਖੇਤਾਂ ਨੂੰ ਡੂੰਘਾ ਵਾਹੁਣ ਅਤੇ ਬਿਜਾਈ ਤੋਂ ਪਹਿਲਾਂ ਭਰਵੀਂ ਰੌਣੀ ਲਾਉਣ ਬਾਰੇ ਦੱਸਿਆ। ਚਿੱਟੀ ਮੱਖੀ ਤੇ ਰਸ ਚੂਸਕ ਕੀੜਿਆਂ ਦੇ ਹਮਲੇ ਤੋਂ ਬਚਣ ਲਈ ਬਿਜਾਈ ਤੋਂ ਪਹਿਲਾਂ ਖਾਲੀ ਥਾਵਾਂ ਅਤੇ ਪੱਤਾ ਮਰੋੜ ਬਿਮਾਰੀ ਦੇ ਬਦਲਵੇਂ ਨਦੀਨ : ਕੰਘੀ ਬੂਟੀ, ਪੀਲੀ ਬੂਟੀ, ਪੁੱਠਕੰਡਾ, ਧਤੂਰਾ ਤੇ ਭੰਗ ਆਦਿ ਨੂੰ ਨਸ਼ਟ ਕਰ ਦਿਓ। ਇਸ ਤੋਂ ਇਲਾਵਾ ਕੱਦੂ ਜਾਤੀ ਦੀਆਂ ਸਬਜ਼ੀਆਂ, ਬੈਂਗਣ, ਮਿਰਚਾਂ, ਟਮਾਟਰ, ਭਿੰਡੀ, ਮੂੰਗੀ ਆਦਿ ਨੂੰ ਨਰਮੇ ਦੇ ਖੇਤ ਨੇੜੇ ਬਿਜਾਈ ਕਰਨ ਤੋਂ ਗਰੇਜ ਕੀਤਾ ਜਾਵੇ। ਗੁਲਾਬੀ ਸੁੰਡੀ ਦੇ ਸਰਵੇਖਣ, ਹਮਲੇ ਤੇ ਰੋਕਥਾਮ ਬਾਰੇ ਜਰੂਰੀ ਨੁਕਤੇ ਸਾਂਝੇ ਕੀਤੇ। ਪੰਜਾਬ ਸਰਕਾਰ ਵੱਲੋਂ ਨਰਮੇ ਦੇ ਬੀਜ ਤੇ ਮਿਲ ਰਹੀ 33% ਸਬਸਿਡੀ ਬਾਰੇ ਦੱਸਿਆ ਅਤੇ ਨਵੀਂ ਰਿਲੀਜ਼ ਹੋਈ ਦੇਸੀ ਕਪਾਹ ਦੀ ਕਿਸਮ ਪੀਬੀਡੀ 88 ਦੀ ਬਿਜਾਈ ਕਰਨ ਦੀ ਸਲਾਹ ਦਿੱਤੀ। ਇਸ ਕੈਂਪ ਦੌਰਾਨ ਡਾ. ਯਾਦਵੀਰ ਕੌਰ ਏਡੀਓ (ਡਿਮਾਂਸਟਰੇਟਰ ਅਫਸਰ ਬਠਿੰਡਾ) ਨੇ ਕਿਸਾਨਾਂ ਨੂੰ ਮਿੱਟੀ ਅਤੇ ਪਾਣੀ ਪਰਖ ਦੀ ਮਹੱਤਤਾ ਦੱਸਦਿਆਂ ਹੋਇਆਂ ਨਮੂਨੇ ਲੈਣ ਦੇ ਢੰਗ ਬਾਰੇ ਵਿਸਤਾਰ ਪੂਰਵਕ ਜਾਣਕਾਰੀ ਦਿੰਦਿਆਂ ਮਿੱਟੀ ਅਤੇ ਪਾਣੀ ਪਰਖ ਦੀ ਰਿਪੋਰਟ ਦੇ ਹਿਸਾਬ ਨਾਲ ਖਾਦਾਂ ਦੀ ਸੁਚੱਜੀ ਵਰਤੋਂ ਕਰਨ ਦੀ ਅਪੀਲ ਕੀਤੀ। ਇਸ ਤੋਂ ਇਲਾਵਾ ਜੈਵਿਕ ਖਾਦਾਂ ਜਿਵੇਂ ਕਿ ਗਲੀ ਸੜੀ ਰੂੜੀ ਖਾਦ, ਹਰੀਆਂ ਖਾਦਾਂ ਮਿੱਟੀ ਵਿੱਚ ਵਾਹੁਣ ਬਾਰੇ ਕਿਹਾ। ਡਾ. ਯਾਦਵੀਰ ਨੇ ਕਿਸਾਨਾਂ ਨੂੰ ਝੋਨੇ ਦੀ ਨਵੀਂ ਆਈ ਕਿਸਮ ਫ੍-133 ਸਬੰਧੀ ਕੈਂਪ ਵਿੱਚ ਚਾਨਣਾ ਪਾਇਆ ਗਿਆ। ਉਨ੍ਹਾਂ ਝੋਨੇ ਦੀ ਪਨੀਰੀ ਦੀ ਬਿਜਾਈ ਦੇ ਸਹੀ ਸਮੇਂ ਅਤੇ ਸਹੀ ਤਰੀਕੇ ਨਾਲ ਪਨੀਰੀ ਤਿਆਰ ਕਰਨ ਦੇ ਢੰਗ ਬਾਰੇ ਕਿਸਾਨਾਂ ਨੂੰ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਇਸ ਤੋਂ ਇਲਾਵਾ ਪਨੀਰੀ ਵਿਰਲੀ ਹਰੀ ਜਾਂ ਪੀਲੀ ਹੋਣ ਤੇ ਮਧਰੇਪਣ ਦੇ ਰੋਗ ਦੇ ਕਾਰਨਾਂ ਅਤੇ ਰੋਕਥਾਮ ਬਾਰੇ ਦੱਸਿਆ। ਡਾ. ਹਰਦੀਪ ਸਿੰਘ, ਵਿਸ਼ਾ ਵਸਤੂ ਮਾਹਰ, ਬਠਿੰਡਾ ਨੇ ਝੋਨੇ ਵਿੱਚ ਖਾਦਾਂ ਦੀ ਸੰਤੁਲਿਤ ਵਰਤੋਂ ਬਾਰੇ ਵਿਸਥਾਰ ਪੂਰਵਕ ਦੱਸਿਆ। ਉਨਾਂ ਨੇ ਝੋਨੇ ਵਿੱਚ ਯੂਰੀਏ ਦੀ ਬਿਜਾਈ ਦੀ ਨਿਖੇਧੀ ਕਰਦਿਆਂ ਯੂਰੀਏ ਨੂੰ ਤਿੰਨ ਵਾਰੀਆਂ ਚ ਵੰਡ ਕੇ ਪਾਉਣ ਬਾਰੇ ਕਿਹਾ। ਡਾ. ਹਰਦੀਪ ਨੇ ਪਕਾਵੀਂ ਮੱਕੀ ਦੇ ਬਿਜਾਈ ਦੇ ਸਮੇਂ ਅਤੇ ਢੰਗ ਬਾਰੇ, ਸਿਫਾਰਿਸ਼ ਖਾਦਾਂ ਬਾਰੇ, ਨਦੀਨਾਂ ਦੀ ਰੋਕਥਾਮ ਅਤੇ ਫਾਲ ਆਰਮੀਵਰਮ ਦੀ ਪਹਿਛਾਣ ਅਤੇ ਰੋਕਥਾਮ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਡਾ ਹਰਦੀਪ ਨੇ ਕਿਸਾਨਾਂ ਨੂੰ ਵਿਭਾਗ ਅਧੀਨ ਚਾਲ ਰਹੀਆਂ ਸਕੀਮਾਂ ਅਤੇ ਪਕਾਵੀਂ ਮੱਕੀ, ਸਿੱਧੀ ਬਿਜਾਈ ਦੀ ਸਰਕਾਰ ਵੱਲੋਂ ਮਿਲ ਰਹੀ ਸਬਸਿਡੀ ਅਤੇ ਆਨਲਾਈਨ ਰਜਿਸਟਰੇਸ਼ਨ ਬਾਰੇ ਦੱਸਿਆ। ਡਾ. ਸਿਮਰਨਜੀਤ ਕੌਰ ਏਡੀਓ ਨੇ ਐਗਰੀ ਸਟੈਕ ਤੇ ਫਾਰਮਰ ਆਈਡੀ ਬਣਾਉਣ ਅਤੇ ਇਸ ਦੀ ਮਹੱਤਤਾ ਬਾਰੇ ਵਿਸਤਾਰ ਪੂਰਵਕ ਜਾਣਕਾਰੀ ਦਿੱਤੀ ਅਤੇ ਕਿਸਾਨਾਂ ਦਾ ਕੈਂਪ ਵਿੱਚ ਆਉਣ ਤੇ ਧੰਨਵਾਦ ਕੀਤਾ।

ਵਿਧਾਇਕ ਵੱਲੋਂ ਲਾਈਨਮੈਨ ਦੇ ਬਦਲੇ ਖਿਲਾਫ ਬਿਜਲੀ ਮੁਲਾਜ਼ਮਾਂ ਨੇ ਖੋਲ੍ਹਿਆ ਮੋਰਚਾ, ਘੁਬਾਇਆ ਤੋਂ ਅੰਦੋਲਨ ਦਾ ਆਗਾਜ਼



ਜਲਾਲਾਬਾਦ 21 ਮਈ (ਸੁਭਾਸ਼ ਸਿੰਘ) ਹਲਕਾ ਵਿਧਾਇਕ ਵੱਲੋਂ ਸਿਆਸੀ ਰੰਜਿਸ਼ ਤਹਿਤ ਇੱਕ ਬਿਜਲੀ ਮੁਲਾਜ਼ਮ ਦੀ ਜਬਰਨ ਬਦਲੀ ਕਰਵਾਉਣ ਦੇ ਦੋਸ਼ ਲਗਾਉਂਦੇ ਹੋਏ ਟੈਕਨੀਕਲ ਸਰਵਿਸਿਜ਼ ਯੂਨੀਅਨ (ਟੀਐਸਯੂ) ਨੇ ਸਰਕਾਰ ਅਤੇ ਸਥਾਨਕ ਵਿਧਾਇਕ ਖਿਲਾਫ ਸਿੱਧੇ ਸੰਘਰਸ਼ ਦਾ ਬਿਗਲ ਫੂਕ ਦਿੱਤਾ ਹੈ। ਇਸ ਸਿਆਸੀ ਫੇਰਬਦਲ ਦੇ ਵਿਰੋਧ ਵਿੱਚ ਸਬ ਡਵੀਜ਼ਨ ਘੁਬਾਇਆ ਵਿਖੇ ਕੁਲਦੀਪ ਸਿੰਘ ਦੀ ਪ੍ਰਧਾਨਗੀ ਹੇਠ ਇੱਕ ਵਿਸ਼ਾਲ ਰੋਸ ਰੈਲੀ ਕਰਕੇ ਅੰਦੋਲਨ ਦੀ ਸ਼ੁਰੂਆਤ ਕੀਤੀ ਗਈ। ਯੂਨੀਅਨ ਦੇ ਪ੍ਰਧਾਨ ਕੁਲਦੀਪ ਸਿੰਘ ਅਤੇ ਸਕੱਤਰ ਸੰਦੀਪ ਸਿੰਘ ਨੇ ਸਖ਼ਤ ਇਤਰਾਜ਼ ਪ੍ਰਗਟ ਕਰਦਿਆਂ ਕਿਹਾ ਕਿ ਘੁਬਾਇਆ ਸਬ ਡਵੀਜ਼ਨ ਵਿੱਚ ਤਾਇਨਾਤ ਸ਼ੇਰ ਸਿੰਘ ਲਾਈਨਮੈਨ ਨੂੰ ਪੂਰੀ ਇਮਾਨਦਾਰੀ ਨਾਲ ਡਿਊਟੀ ਕਰਨ ਦੇ ਬਾਵਜੂਦ ਸਿਆਸੀ ਦਬਾਅ ਹੇਠ ਪ੍ਰੇਸ਼ਾਨ ਕੀਤਾ ਗਿਆ ਹੈ। ਉਨ੍ਹਾਂ ਖ਼ਿਲਾਫ਼ ਵਿਭਾਗ ਵਿੱਚ ਨਾ ਤਾਂ ਕੋਈ ਲਿਖਤੀ ਸ਼ਿਕਾਇਤ ਸੀ ਅਤੇ ਨਾ ਹੀ ਜ਼ੁਬਾਨੀ। ਆਗੂਆਂ ਨੇ ਖੁਲਾਸਾ ਕੀਤਾ ਕਿ ਇਸ ਸਬੰਧੀ ਜਦੋਂ ਵਿਧਾਇਕ ਨਾਲ ਗੱਲ ਕੀਤੀ ਗਈ ਸੀ ਤਾਂ ਉਨ੍ਹਾਂ ਨੇ ਡੇਢ ਮਹੀਨਾ ਪਹਿਲਾਂ ਬਦਲੀ ਰੱਦ ਕਰਨ ਦਾ ਭਰੋਸਾ ਦਿੱਤਾ ਸੀ, ਪਰ ਵਾਅਦਾ ਪੂਰਾ ਨਹੀਂ ਹੋਇਆ। ਆਗੂਆਂ ਨੇ ਚੇਤਾਵਨੀ ਦਿੱਤੀ ਕਿ ਵਾਅਦੇ ਤੋਂ ਮੁਕਰਨ ਵਾਲੀ ਸਰਕਾਰ ਅਤੇ ਵਿਧਾਇਕ ਖ਼ਿਲਾਫ਼ ਇਹ ਪ੍ਰਦਰਸ਼ਨ ਸਿਰਫ਼ ਸ਼ੁਰੂਆਤ ਹੈ। ਰਣਨੀਤੀ ਮੁਤਾਬਕ 22 ਮਈ ਨੂੰ ਜਲਾਲਾਬਾਦ ਅਤੇ 25 ਮਈ ਨੂੰ ਗੁਰੂਹਰਸਹਾਏ ਵਿੱਚ ਰੋਸ ਰੈਲੀਆਂ ਕੀਤੀਆਂ ਜਾਣਗੀਆਂ ਅਤੇ ਜੇਕਰ ਫਿਰ ਵੀ ਮਸਲਾ ਹੱਲ ਨਾ ਹੋਇਆ ਤਾਂ ਅੰਦੋਲਨ ਨੂੰ ਹੋਰ ਤਿੱਖਾ ਕੀਤਾ ਜਾਵੇਗਾ। ਇਸ ਮੌਕੇ ਸੁਖਵਿੰਦਰ ਸਿੰਘ, ਗੁਰਚਰਨ ਸਿੰਘ, ਪਰਵਿੰਦਰ ਪਾਲ ਸਿੰਘ, ਕਰਨ ਸ਼ਰਮਾ, ਰਾਜੇਸ਼ ਕੁਮਾਰ, ਸੁਖਦੇਵ ਸਿੰਘ ਬਿੱਟੂ, ਸ਼ੇਰ ਸਿੰਘ, ਜਸਵਿੰਦਰ ਪਾਲ, ਪੈਨਸ਼ਨਰ ਐਸੋਸੀਏਸ਼ਨ ਦੇ ਇਕਬਾਲ ਜੋਸਨ, ਕ੍ਰਾਂਤੀਕਾਰੀ ਕਿਸਾਨ ਮੋਰਚਾ ਦੇ ਰਾਮ ਕ੍ਰਿਸ਼ਨ ਅਤੇ ਹਰਨਾਮ ਸਿੰਘ ਸਮੇਤ ਕਈ ਸੀਨੀਅਰ ਆਗੂ ਹਾਜ਼ਰ ਸਨ।

ਮਾਣਯੋਗ ਸੁਪਰੀਮ ਕੋਰਟ ਵਿੱਚ ਲੰਬਿਤ ਪਏ ਮਾਮਲਿਆਂ ਦੇ ਨਿਪਟਾਰੇ ਲਈ 21, 22 ਅਤੇ 23 ਅਗਸਤ ਨੂੰ ਲੱਗੇਗੀ ਵਿਸੇਸ ਲੋਕ ਅਦਾਲਤ

ਪਟਿਆਲਾ, 21 ਮਈ:(ਰਾਜਿੰਦਰ ਸਿੰਘ ਥਿੰਦ) ਮਾਣਯੋਗ ਸੁਪਰੀਮ ਕੋਰਟ ਵੱਲੋਂ ਲੰਬੇ ਸਮੇਂ ਤੋਂ ਲੰਬਿਤ ਮਾਮਲਿਆਂ ਦੇ ਨਿਪਟਾਰੇ ਦੇ ਉਦੇਸ਼ ਨਾਲ 21, 22 ਅਤੇ 23 ਅਗਸਤ, 2026 ਨੂੰ ਵਿਸੇਸ ਲੋਕ ਅਦਾਲਤ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਹ ਪਹਿਲ ਮਾਣਯੋਗ ਸੁਪਰੀਮ ਕੋਰਟ ਦੀ ਉਸ ਲਗਾਤਾਰ ਵਚਨਬੱਧਤਾ ਦਾ ਹਿੱਸਾ ਹੈ, ਜਿਸਦਾ ਮਕਸਦ ਅਦਾਲਤਾਂ ਵਿੱਚ ਲੰਬਿਤ ਮਾਮਲਿਆਂ ਦੀ ਗਿਣਤੀ ਘਟਾਉਣਾ ਹੈ ਤਾਂ ਜੋ ਲੋਕਾਂ ਨੂੰ ਸਸਤਾ, ਸੌਖਾ, ਤੇਜ਼ ਅਤੇ ਪ੍ਰਭਾਵਸਾਲੀ ਇਨਸਾਫ ਮਿਲ ਸਕੇ। ਜ਼ਿਲ੍ਹਾ ਅਤੇ ਸ਼ੈਸਨ ਜੱਜ ਕਮ - ਚੇਅਰਪਰਸਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ , ਪਟਿਆਲਾ ਸ਼੍ਰੀ ਅਵਤਾਰ ਸਿੰਘ, ਦੀ ਅਗਵਾਈ ਹੇਠ 21, 22 ਅਤੇ 23 ਅਗਸਤ, 2026 ਨੂੰ ਜ਼ਿਲ੍ਹੇ ਵਿੱਚ ਵਿਸੇਸ ਲੋਕ ਅਦਾਲਤ ਲਗਾਈ ਜਾਵੇਗੀ। ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ੍ਰੀ ਅਸ਼ੋਕ ਕੁਮਾਰ ਚੌਹਾਨ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਵਿਸੇਸ਼ ਲੋਕ ਅਦਾਲਤ ਦੌਰਾਨ ਆਪਸੀ ਸਹਿਮਤੀ, ਰਾਜੀਨਾਮੇ ਅਤੇ ਸਮਝੌਤੇ ਰਾਹੀਂ ਨਿਪਟਾਏ ਜਾ ਸਕਣ ਵਾਲੇ ਯੋਗ ਮਾਮਲਿਆਂ ਨੂੰ ਸੁਣਵਾਈ ਲਈ ਲਿਆ ਜਾਵੇਗਾ। ਇਹਨਾਂ ਵਿੱਚ ਵਿਆਹ ਅਤੇ ਪਰਿਵਾਰਿਕ ਝਗੜੇ, ਮੋਟਰ ਹਾਦਸਾ ਕਲੇਮ ਮਾਮਲੇ, ਸਰਵਿਸ ਮਾਮਲੇ, ਭੂਮੀ ਅਧਿਗ੍ਰਹਿਣ ਮਾਮਲੇ, ਉਪਭੋਗਤਾ ਵਿਵਾਦ, ਬੈਂਕ ਰਿਕਵਰੀ ਮਾਮਲੇ ਨੇਗੋਸ਼ੀਏਬਲ ਇੰਸਟਰੂਮੈਂਟ ਐਕਟ ਦੀ ਧਾਰਾ 138 ਨਾਲ ਸੰਬੰਧਿਤ ਚੈੱਕ ਬਾਊਂਸ ਮਾਮਲੇ ਅਤੇ ਹੋਰ ਸਿਵਲ ਅਤੇ ਸਮਝੌਤਾਯੋਗ ਮਾਮਲੇ ਸਾਮਲ ਹੋ ਸਕਦੇ ਹਨ। ਉਹਨਾਂ ਹੋਰ ਦੱਸਿਆ ਕਿ ਨਿਆਂਇਕ ਅਧਿਕਾਰੀਆਂ ਵਾਲੀਆਂ ਵਿਸੇਸ ਬੈਂਚਾਂ, ਵਕੀਲਾਂ, ਪੱਖਕਾਰਾਂ, ਬੈਂਕਾਂ, ਬੀਮਾ ਕੰਪਨੀਆਂ, ਸਰਕਾਰੀ ਵਿਭਾਗਾਂ ਅਤੇ ਹੋਰ ਸੰਬੰਧਿਤ ਧਿਰਾਂ ਦੇ ਸਹਿਯੋਗ ਨਾਲ ਮਾਮਲਿਆਂ ਦੇ ਨਿਪਟਾਰੇ ਦੀ ਪ੍ਰਕਿਰਿਆ ਨੂੰ ਸੁਗਮ ਬਣਾਉਣਗੀਆਂ। ਪਛਾਣੇ ਗਏ ਮਾਮਲਿਆਂ ਦੇ ਪੱਖਕਾਰਾਂ ਨੂੰ ਪਹਿਲਾਂ ਹੀ ਸੂਚਿਤ ਕੀਤਾ ਜਾ ਰਿਹਾ ਹੈ ਤਾਂ ਜੋ ਕਾਰਵਾਈ ਵਿੱਚ ਸੁਚਾਰੂ ਭਾਗੀਦਾਰੀ ਯਕੀਨੀ ਬਣਾਈ ਜਾ ਸਕੇ। ਇਸ ਵਿਸੇਸ ਲੋਕ ਅਦਾਲਤ ਤੋਂ ਉਮੀਦ ਹੈ ਕਿ ਪੱਖਕਾਰਾਂ ਨੂੰ ਤੇਜ਼ ਅਤੇ ਸਹਿਮਤੀ ਆਧਾਰਿਤ ਰਾਹਤ ਪ੍ਰਾਪਤ ਕਰਨ ਲਈ ਇੱਕ ਪ੍ਰਭਾਵਸਾਲੀ ਮੰਚ ਮਿਲੇਗਾ, ਜਿਸ ਨਾਲ ਲੰਬੇ ਮੁਕੱਦਮਿਆਂ ਤੋਂ ਬਚਾਉ, ਸਮੇਂ ਅਤੇ ਧਨ ਦੀ ਬਚਤ ਅਤੇ ਆਪਸੀ ਸਾਂਝ ਅਤੇ ਸਦਭਾਵਨਾ ਨੂੰ ਪ੍ਰੋਤਸਾਹਨ ਮਿਲੇਗਾ। ਇਸ ਦੇ ਨਾਲ ਹੀ ਇਹ ਪਹਿਲ ਅਦਾਲਤਾਂ ਵਿੱਚ ਲੰਬਿਤ ਮਾਮਲਿਆਂ ਦੇ ਬੋਝ ਨੂੰ ਘਟਾਉਣ ਵਿੱਚ ਵੀ ਮਹੱਤਵਪੂਰਨ ਯੋਗਦਾਨ ਪਾਏਗੀ। ਜ਼ਿਲ੍ਹਾ ਕਾਨੂੰਨੀ ਸੇਵਾਂਵਾਂ ਅਥਾਰਟੀ ਪਟਿਆਲਾ ਵੱਲੋਂ ਵਕੀਲ ਭਾਈਚਾਰੇ, ਪੱਖਕਾਰਾਂ ਅਤੇ ਆਮ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਸਮਾਧਾਨ ਸਮਾਰੋਹ 2026 ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਅਤੇ ਇਸ ਮਹੱਤਵਪੂਰਨ ਪਹਿਲ ਨੂੰ ਕਾਮਯਾਬ ਬਣਾਉਣ ਵਿੱਚ ਆਪਣਾ ਯੋਗਦਾਨ ਪਾਉਣ ਅਤੇ ਇਸ ਸਬੰਧੀ ਪੈਰਾਲੀਗਲ ਵਲੰਟੀਅਰਜ਼ ਵੱਲੋਂ ਵੀ ਪ੍ਰਚਾਰ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਂਵਾਂ ਅਥਾਰਟੀ, ਸ਼੍ਰੀ ਅਸ਼ੋਕ ਕੁਮਾਰ ਚੌਹਾਨ ਨੇ ਦੱਸਿਆ ਕਿ ਪਾਰਟੀਆਂ ਅਤੇ ਉਨ੍ਹਾਂ ਦੇ ਵਕੀਲ ਨਿਰਧਾਰਿਤ ਗੂਗਲ ਫਾਰਮ ਭਰ ਕੇ ਆਪਣੀ ਬੇਨਤੀ ਸਬਮਿਟ ਕਰ ਸਕਦੇ ਹਨ। ਇਹ ਗੂਗਲ ਫਾਰਮ https://www.sci.gov.in/ @ਤੇ ਉਪਲਬਧ ਹੈ। ਉਨ੍ਹਾਂ ਨੇ ਅੱਗੇ ਦੱਸਿਆ ਕਿ ਗੂਗਲ ਫਾਰਮ ਭਰਨ ਦੀ ਆਖਰੀ ਤਾਰੀਖ 31 ਮਈ, 2026 ਹੈ। ਇਸ ਸੰਬੰਧੀ ਵਿਸਤਰਿਤ ਜਾਣਕਾਰੀ ਜ਼ਿਲ੍ਹਾ ਕਾਨੂੰਨੀ ਸੇਵਾਂਵਾਂ ਅਥਾਰਟੀ, ਏ ਡੀ ਆਰ ਸੈਂਟਰ, ਜ਼ਿਲ੍ਹਾ ਅਦਾਲਤਾਂ ਕੰਪਲੈਕਸ, ਪਟਿਆਲਾ ਦੇ ਦਫ਼ਤਰ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

ਸਾਬਕਾ ਕੌਂਸਲਰ ਹਨੀ ਗੋਇਲ ਭਾਜਪਾ ਦੀ ਮੁੱਢਲੀ ਮੈਂਬਰਸ਼ਿਪ ਤੋਂ ਬਰਖ਼ਾਸਤ

ਜਗਰਾਉਂ 21 ਮਈ (ਜਸਵਿੰਦਰ ਸਿੰਘ ਡਾਂਗੀਆ) ਭਾਰਤੀ ਜਨਤਾ ਪਾਰਟੀ ਵੱਲੋਂ ਅੱਜ ਅਨੁਸ਼ਾਸਨ ਦੀ ਉਲੰਘਣਾ ਕਰਨ ਦੇ ਦੋਸ਼ ਵਿੱਚ ਇਕ ਸਾਬਕਾ ਕੌਂਸਲਰ ਅਤੇ ਇਕ ਹੋਰ ਵਰਕਰ ਦੀ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਰੱਦ ਕਰ ਦਿੱਤੀ ਹੈ ਇਥੇ ਜ਼ਿਕਰਯੋਗ ਹੈ ਕਿ ਜਗਰਾਉਂ ਨਗਰ ਕੌਂਸਲ ਚੋਣਾਂ ਵਿੱਚ ਵਾਰਡ ਨੰਬਰ 20 ਤੋਂ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਹਰਸ਼ ਸਿੰਗਲਾ ਦੇ ਖਿਲਾਫ ਬਤੌਰ ਆਜ਼ਾਦ ਉਮੀਦਵਾਰ ਚੋਣ ਲੜਨ ਵਾਲੇ ਹਨੀ ਗੋਇਲ ਅਤੇ ਉਸ ਦੇ ਸਮਰਥਕ ਪਰਦੂਮਨ ਬਾਂਸਲ ਨੂੰ ਪਾਰਟੀ ਵਿੱਚੋਂ ਚੱਲਦਾ ਕਰਦਿਆਂ ਉਹਨਾਂ ਦੀ ਮੁਢਲੀ ਮੈਂਬਰਸ਼ਿਪ ਰੱਦ ਕਰ ਦਿੱਤੀ ਗਈ ਹੈ ਪਾਰਟੀ ਦੇ ਜਿਲਾ ਪ੍ਰਧਾਨ ਡਾਕਟਰ ਰਜਿੰਦਰ ਸ਼ਰਮਾ ਨੇ ਦੱਸਿਆ ਕਿ ਪਾਰਟੀ ਦੇ ਸਰਕਲ ਪ੍ਰਧਾਨ ਨਵਨੀਤ ਗੁਪਤਾ ਦੀ ਸਿਫਾਰਸ਼ ਤੇ ਪਾਰਟੀ ਹਾਈਕਮਾਂਡ ਵੱਲੋਂ ਆਈਆਂ ਹਦਾਇਤਾਂ ਅਨੁਸਾਰ ਪਾਰਟੀ ਦੀਆਂ ਨਿਯਮਾਂ ਦੀ ਉਲੰਘਣਾ ਕਰਨ ਦੇ ਦੋਸ਼ ਵਿੱਚ ਇਹਨਾਂ ਨੂੰ ਪਾਰਟੀ ਵਿੱਚੋਂ ਪਾਰਟੀ ਦੀ ਮੁਢਲੀ ਮੈਂਬਰਸ਼ਿਪ ਤੋਂ ਖਾਰਜ ਕਰਨ ਦਾ ਫੈਸਲਾ ਲਿਆ ਗਿਆ ਹੈ ਉਹਨਾਂ ਦੱਸਿਆ ਕਿ ਇਹਨਾਂ ਵਰਕਰਾਂ ਵੱਲੋਂ ਲਗਾਤਾਰ ਪਿਛਲੇ ਕੁਝ ਸਮੇਂ ਤੋਂ ਪਾਰਟੀ ਵਿਰੋਧੀ ਗਤੀਵਿਧੀਆਂ ਵਿੱਚ ਹਿੱਸਾ ਲਿਆ ਜਾ ਰਿਹਾ ਸੀ ਅਤੇ ਹੁਣ ਤਾਂ ਬਕਾਇਦਾ ਤੌਰ ਤੇ ਪਾਰਟੀ ਉਮੀਦਵਾਰ ਦੀ ਵਿਰੋਧਤਾ ਵਿੱਚ ਬਤੌਰ ਆਜ਼ਾਦ ਉਮੀਦਵਾਰ ਚੋਣ ਲੜੀ ਜਾ ਰਹੀ ਹੈ ਜਿਸ ਦਾ ਪਾਰਟੀ ਨੇ ਨੋਟਿਸ ਲੈਂਦਿਆਂ ਇਹਨਾਂ ਦੀ ਮੁਢਲੀ ਮੈਂਬਰਸ਼ਿਪ ਨੂੰ ਖਾਰਜ ਕਰਨ ਦਾ ਫੈਸਲਾ ਲਿਆ ਹੈ ਉਹਨਾਂ ਦੱਸਿਆ ਕਿ ਭਾਜਪਾ ਇਕ ਅਨੁਸ਼ਾਸਿਤ ਪਾਰਟੀ ਹੈ ਪਾਰਟੀ ਕਦੇ ਵੀ ਅਨੁਸ਼ਾਸਨ ਦੀ ਉਲੰਘਣਾ ਸਹਿਣ ਨਹੀਂ ਕਰੇਗੀ ਅਤੇ ਜੇ ਕਰ ਕੋਈ ਹੋਰ ਵਰਕਰ ਵੀ ਪਾਰਟੀ ਵਿਰੋਧੀ ਗਤੀਵਿਧੀ ਕਰਦਾ ਧਿਆਨ ਵਿੱਚ ਆਵੇਗਾ ਤਾਂ ਉਸ ਦਾ ਵੀ ਪਾਰਟੀ ਸਖ਼ਤ ਕਦਮ ਚੁੱਕੇਗੀ ਉਹਨਾਂ ਨੇ ਦੱਸਿਆ ਕਿ ਜਗਰਾਉਂ ਨਗਰ ਕੌਂਸਲ ਦੀਆਂ ਚੋਣਾਂ ਵਿੱਚ ਸਾਰੇ ਵਾਰਡਾਂ ਵਿੱਚ ਪਾਰਟੀ ਉਮੀਦਵਾਰ ਪੂਰੀ ਤਨਦੇਹੀ ਨਾਲ ਚੋਣ ਪ੍ਰਚਾਰ ਵਿੱਚ ਲੱਗੇ ਹੋਏ ਹਨ ਅਤੇ ਲਗਾਤਾਰ ਸ਼ਹਿਰ ਵਾਸੀਆਂ ਦਾ ਹੁੰਗਾਰਾ ਮਿਲ ਰਿਹਾ ਹੈ।ਆਉਣ ਵਾਲੇ ਨਤੀਜਿਆਂ ਵਿੱਚ ਭਾਜਪਾ ਸਫਲ ਹੋਵੇਗੀ

ਫਾਜ਼ਿਲਕਾ ਵਿੱਚ ਤਿੰਨ ਨੌਜਵਾਨ ਜ਼ਿੰਦਾ ਹੈਂਡ ਗ੍ਰੇਨੇਡ ਸਮੇਤ ਗ੍ਰਿਫ਼ਤਾਰ

ਫ਼ਾਜ਼ਿਲਕਾ 21 ਮਈ (ਮਨੋਜ ਕੁਮਾਰ) ਫਾਜ਼ਿਲਕਾ ਵਿੱਚ ਸੀਆਈਏ ਸਟਾਫ਼ ਪੁਲਿਸ ਨੇ ਵੱਡੀ ਕਾਰਵਾਈ ਕਰਦਿਆਂ ਤਿੰਨ ਨੌਜਵਾਨਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਇੱਕ ਜ਼ਿੰਦਾ ਹੈਂਡ ਗ੍ਰੇਨੇਡ ਬਰਾਮਦ ਕੀਤਾ ਹੈ। ਪੁਲਿਸ ਅਨੁਸਾਰ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਜਲਾਲਾਬਾਦ ਖੇਤਰ ਦੇ ਰਹਿਣ ਵਾਲੇ ਹਨ। ਮੁਲਜ਼ਮਾਂ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਉਨ੍ਹਾਂ ਕੋਲੋਂ ਅਗਲੇਰੀ ਪੁੱਛਗਿੱਛ ਕੀਤੀ ਜਾ ਰਹੀ ਹੈ। ਪੁਲਿਸ ਦਾ ਕਹਿਣਾ ਹੈ ਕਿ ਮੁਲਜ਼ਮਾਂ ਨੂੰ ਅਦਾਲਤ ਵਿੱਚ ਪੇਸ਼ ਕੀਤਾ ਗਿਆ, ਜਿੱਥੋਂ ਉਨ੍ਹਾਂ ਨੂੰ ਤਿੰਨ ਦਿਨਾਂ ਦੇ ਪੁਲਿਸ ਰਿਮਾਂਡ @ਤੇ ਭੇਜ ਦਿੱਤਾ ਗਿਆ ਹੈ। ਜਾਣਕਾਰੀ ਦਿੰਦਿਆਂ ਸੀਆਈਏ ਸਟਾਫ਼ ਫਾਜ਼ਿਲਕਾ ਦੇ ਇੰਚਾਰਜ ਇੰਸਪੈਕਟਰ ਸੁਨੀਲ ਕੁਮਾਰ ਅਤੇ ਜਾਂਚ ਅਧਿਕਾਰੀ ਰਣਜੀਤ ਸਿੰਘ ਨੇ ਦੱਸਿਆ ਕਿ ਪੁਲਿਸ ਨੂੰ ਇੱਕ ਗੁਪਤ ਸੂਚਨਾ ਮਿਲੀ ਸੀ ਕਿ ਕੁਝ ਨੌਜਵਾਨ ਕਿਸੇ ਅਣਪਛਾਤੇ ਵਿਅਕਤੀ ਤੋਂ ਹੈਂਡ ਗ੍ਰੇਨੇਡ ਮੰਗਵਾ ਕੇ ਆਪਣੇ ਸਾਥੀਆਂ ਦੇ ਸੰਪਰਕ ਦਾ ਇੰਤਜ਼ਾਰ ਕਰ ਰਹੇ ਹਨ। ਸੂਚਨਾ ਮਿਲਦੇ ਹੀ ਪੁਲਿਸ ਨੇ ਤੁਰੰਤ ਕਾਰਵਾਈ ਕਰਦਿਆਂ ਤਿੰਨਾਂ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ। ਤਲਾਸ਼ੀ ਦੌਰਾਨ ਉਨ੍ਹਾਂ ਕੋਲੋਂ ਇੱਕ ਜ਼ਿੰਦਾ ਹੈਂਡ ਗ੍ਰੇਨੇਡ ਬਰਾਮਦ ਹੋਇਆ। ਗ੍ਰਿਫ਼ਤਾਰ ਮੁਲਜ਼ਮਾਂ ਦੀ ਪਛਾਣ ਲਖਵੀਰ ਸਿੰਘ ਉਰਫ਼ ਮੰਗਾ ਨਿਵਾਸੀ ਲੱਖੇਵਾਲੀ, ਗੁਰਪਿੰਦਰ ਸਿੰਘ ਉਰਫ਼ ਮੰਨਾ ਨਿਵਾਸੀ ਚੱਕ ਪੱਖੀ ਅਤੇ ਸੁਖਵਿੰਦਰ ਸਿੰਘ ਉਰਫ਼ ਲੱਬੀ ਨਿਵਾਸੀ ਲੱਖੇਵਾਲੀ ਵਜੋਂ ਹੋਈ ਹੈ। ਪੁਲਿਸ ਹੁਣ ਇਹ ਪਤਾ ਲਗਾਉਣ ਵਿੱਚ ਜੁਟੀ ਹੈ ਕਿ ਮੁਲਜ਼ਮਾਂ ਨੇ ਇਹ ਹੈਂਡ ਗ੍ਰੇਨੇਡ ਕਿੱਥੋਂ ਹਾਸਲ ਕੀਤਾ ਅਤੇ ਇਸ ਦਾ ਇਸਤੇਮਾਲ ਕਿੱਥੇ ਕੀਤਾ ਜਾਣਾ ਸੀ। ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਪੁਲਿਸ ਵੱਖ-ਵੱਖ ਪਹਿਲੂਆਂ ਤੋਂ ਜਾਂਚ ਕਰ ਰਹੀ ਹੈ।

ਅੰਬਾਲਾ ਛਾਉਣੀ ਦਾ ਮਹਾਨ ਸ਼ਹੀਦਾਂ ਦਾ ਸਮਾਰਕ ਨਵੀਂ ਪੀੜ੍ਹੀ ਨੂੰ ਦੇਸ਼ ਭਗਤੀ ਅਤੇ ਕੁਰਬਾਨੀ ਵੱਲ ਪ੍ਰੇਰਿਤ ਕਰੇਗਾ-ਸੀਐਮ ਸੈਣੀ

ਚੰਡੀਗੜ੍ਹ, 21 ਮਈ:(ਰਾਜਿੰਦਰ ਸਿੰਘ ਜਾਦੋਂ) - ਹਰਿਆਣਾ ਦੇ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ÷ਪਹਿਲੀ ਆਜ਼ਾਦੀ ਦੀ ਜੰਗ ਦੇ ਸ਼ਹੀਦਾਂ ਦਾ ਸਮਾਰਕ÷ - 1857 ਦੇ ਪਹਿਲੇ ਆਜ਼ਾਦੀ ਦੀ ਜੰਗ ਦੀ ਸ਼ਾਨਦਾਰ ਗਾਥਾ ਨੂੰ ਸਮਰਪਿਤ ਅਤੇ ਅੰਬਾਲਾ ਛਾਉਣੀ ਵਿੱਚ ਸਥਿਤ - ਦੇਸ਼ ਭਗਤੀ, ਬਹਾਦਰੀ ਅਤੇ ਕੁਰਬਾਨੀ ਦੇ ਸ਼ਾਨਦਾਰ ਪ੍ਰਤੀਕ ਵਜੋਂ ਕੰਮ ਕਰੇਗਾ। ਉਨ੍ਹਾਂ ਟਿੱਪਣੀ ਕੀਤੀ ਕਿ ਇਹ ਸਮਾਰਕ ਨਾ ਸਿਰਫ਼ ਸਾਡੀ ਇਤਿਹਾਸਕ ਵਿਰਾਸਤ ਨੂੰ ਸੁਰੱਖਿਅਤ ਰੱਖੇਗਾ ਬਲਕਿ ਆਉਣ ਵਾਲੀਆਂ ਪੀੜ੍ਹੀਆਂ, ਖਾਸ ਕਰਕੇ ਨੌਜਵਾਨਾਂ ਲਈ ਪ੍ਰੇਰਨਾ ਦੇ ਇੱਕ ਸ਼ਕਤੀਸ਼ਾਲੀ ਕੇਂਦਰ ਵਜੋਂ ਵੀ ਉਭਰੇਗਾ।

ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਵੀਰਵਾਰ ਨੂੰ ਅੰਬਾਲਾ ਛਾਉਣੀ ਵਿੱਚ ਨਿਰਮਾਣ ਅਧੀਨ ÷ਆਜ਼ਾਦੀ ਦੀ ਪਹਿਲੀ ਜੰਗ ਦੇ ਸ਼ਹੀਦਾਂ ਦੇ ਸਮਾਰਕ÷ ਦਾ ਨਿਰੀਖਣ ਕਰ ਰਹੇ ਸਨ। ਜ਼ਿਕਰਯੋਗ ਹੈ ਕਿ ਇਸ ਸਮਾਰਕ ਦਾ ਨਿਰਮਾਣ ਕਾਰਜ ਹੁਣ ਆਪਣੇ ਅੰਤਿਮ ਪੜਾਅ 'ਤੇ ਹੈ। ਇਸ ਮੌਕੇ 'ਤੇ ਹਰਿਆਣਾ ਦੇ ਊਰਜਾ, ਆਵਾਜਾਈ ਅਤੇ ਕਿਰਤ ਮੰਤਰੀ ਸ਼੍ਰੀ ਅਨਿਲ ਵਿਜ; ਰਾਜ ਸਰਕਾਰ ਦੇ ਸੀਨੀਅਰ ਅਧਿਕਾਰੀ; ਇਤਿਹਾਸਕਾਰ; ਡਿਜ਼ਾਈਨ ਮਾਹਰ; ਅਤੇ ਸਬੰਧਤ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

ਸਮਾਰਕ ਕੰਪਲੈਕਸ ਦਾ ਵਿਸਤ੍ਰਿਤ ਨਿਰੀਖਣ ਅਤੇ ਦੌਰਾ ਕਰਦੇ ਹੋਏ, ਮੁੱਖ ਮੰਤਰੀ ਨੇ ਉਸਾਰੀ ਕਾਰਜ ਦੀ ਗੁਣਵੱਤਾ, ਇਤਿਹਾਸਕ ਪੇਸ਼ਕਾਰੀ ਅਤੇ ਆਧੁਨਿਕ ਤਕਨਾਲੋਜੀ ਦੇ ਏਕੀਕਰਨ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਇਹ ਸਮਾਰਕ ਦੇਸ਼ ਦੀ ਆਜ਼ਾਦੀ ਲਈ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਬਹਾਦਰ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਵਜੋਂ ਕੰਮ ਕਰੇਗਾ। ਉਨ੍ਹਾਂ ਅੱਗੇ ਕਿਹਾ ਕਿ 1857 ਦੀ ਆਜ਼ਾਦੀ ਦੀ ਪਹਿਲੀ ਜੰਗ ਭਾਰਤ ਦੇ ਇਤਿਹਾਸ ਵਿੱਚ ਇੱਕ ਸੁਨਹਿਰੀ ਅਧਿਆਇ ਹੈ, ਅਤੇ ਇਸ ਸਮਾਰਕ ਰਾਹੀਂ, ਨੌਜਵਾਨ ਪੀੜ੍ਹੀ ਦੇਸ਼ ਭਗਤੀ, ਸਵੈ-ਬਲੀਦਾਨ ਅਤੇ ਰਾਸ਼ਟਰ ਪ੍ਰਤੀ ਸਮਰਪਣ ਬਾਰੇ ਪ੍ਰੇਰਨਾ ਲਵੇਗੀ। ਮੁੱਖ ਮੰਤਰੀ ਸ਼੍ਰੀ ਸੈਣੀ ਨੇ ਪੁਸ਼ਟੀ ਕੀਤੀ ਕਿ ਹਰਿਆਣਾ ਦੀ ਧਰਤੀ ਇਤਿਹਾਸਕ ਤੌਰ 'ਤੇ ਨਾਇਕਾਂ ਅਤੇ ਸ਼ਹੀਦਾਂ ਦੀ ਧਰਤੀ ਰਹੀ ਹੈ, ਅਤੇ ਰਾਜ ਸਰਕਾਰ ਆਜ਼ਾਦੀ ਘੁਲਾਟੀਆਂ ਅਤੇ ਰਾਸ਼ਟਰੀ ਪ੍ਰਤੀਕਾਂ ਦੀਆਂ ਯਾਦਾਂ ਨੂੰ ਸੁਰੱਖਿਅਤ ਰੱਖਣ ਲਈ ਲਗਾਤਾਰ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਯਾਦਗਾਰ ਆਧੁਨਿਕ ਤਕਨਾਲੋਜੀ, ਇਤਿਹਾਸਕ ਤੱਥਾਂ ਅਤੇ ਸ਼ਾਨਦਾਰ ਆਰਕੀਟੈਕਚਰ ਦਾ ਇੱਕ ਸ਼ਾਨਦਾਰ ਸੰਗਮ ਹੋਵੇਗਾ, ਜੋ ਦੇਸ਼ ਅਤੇ ਵਿਦੇਸ਼ ਦੋਵਾਂ ਤੋਂ ਆਉਣ ਵਾਲੇ ਸੈਲਾਨੀਆਂ ਅਤੇ ਖੋਜਕਰਤਾਵਾਂ ਲਈ ਖਿੱਚ ਦਾ ਕੇਂਦਰ ਹੋਵੇਗਾ। ਆਪਣੇ ਨਿਰੀਖਣ ਦੌਰਾਨ, ਮੁੱਖ ਮੰਤਰੀ ਨੇ ਸਬੰਧਤ ਅਧਿਕਾਰੀਆਂ ਨੂੰ ਯਾਦਗਾਰ 'ਤੇ ਬਾਕੀ ਰਹਿੰਦੇ ਛੋਟੇ ਕੰਮਾਂ ਨੂੰ ਪੂਰਾ ਕਰਨ ਨੂੰ ਤਰਜੀਹ ਦੇਣ ਅਤੇ ਤੇਜ਼ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਯਾਦਗਾਰ ਦੇ ਹਰ ਭਾਗ ਵਿੱਚ ਇਤਿਹਾਸਕ ਤੱਥਾਂ ਦੀ ਪ੍ਰਮਾਣਿਕਤਾ ਅਤੇ ਪੇਸ਼ਕਾਰੀ ਦੀ ਗੁਣਵੱਤਾ ਨੂੰ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ, ਤਾਂ ਜੋ ਸੈਲਾਨੀ ਆਜ਼ਾਦੀ ਸੰਗਰਾਮ ਦੇ ਸ਼ਾਨਦਾਰ ਇਤਿਹਾਸ ਦਾ ਸੱਚਾ ਅਨੁਭਵ ਪ੍ਰਾਪਤ ਕਰ ਸਕਣ।

ਮੁੱਖ ਮੰਤਰੀ ਨੇ ਟਿੱਪਣੀ ਕੀਤੀ ਕਿ ਇਹ ਯਾਦਗਾਰ ਸਿਰਫ਼ ਇੱਕ ਢਾਂਚਾ ਨਹੀਂ ਹੈ, ਸਗੋਂ ਦੇਸ਼ ਭਗਤੀ ਦੀ ਭਾਵਨਾ ਨੂੰ ਜ਼ਿੰਦਾ ਰੱਖਣ ਲਈ ਸਮਰਪਿਤ ਰਾਸ਼ਟਰੀ ਚੇਤਨਾ ਦਾ ਕੇਂਦਰ ਹੈ। ਅੱਜ, 'ਆਜ਼ਾਦੀ ਦੀ ਪਹਿਲੀ ਜੰਗ ਦੇ ਸ਼ਹੀਦਾਂ ਦੇ ਸਮਾਰਕ' ਦਾ ਨਿਰੀਖਣ ਕਰਦੇ ਹੋਏ, ਹਰਿਆਣਾ ਦੇ ਊਰਜਾ, ਆਵਾਜਾਈ ਅਤੇ ਕਿਰਤ ਮੰਤਰੀ, ਸ਼੍ਰੀ ਅਨਿਲ ਵਿਜ ਨੇ ਮੁੱਖ ਮੰਤਰੀ ਨੂੰ ਸਮਾਰਕ ਨਾਲ ਜੁੜੇ ਵੱਖ-ਵੱਖ ਪ੍ਰਬੰਧਾਂ, ਤਕਨੀਕੀ ਪ੍ਰਣਾਲੀਆਂ ਅਤੇ ਚੱਲ ਰਹੇ ਨਿਰਮਾਣ ਕਾਰਜਾਂ ਬਾਰੇ ਵਿਸਤ੍ਰਿਤ ਜਾਣਕਾਰੀ ਪ੍ਰਦਾਨ ਕੀਤੀ। ਉਨ੍ਹਾਂ ਕਿਹਾ ਕਿ 1857 ਦੀ ਕ੍ਰਾਂਤੀ 'ਤੇ ਆਧਾਰਿਤ ਇਹ ਯਾਦਗਾਰ ਦੇਸ਼ ਵਿੱਚ ਆਪਣੀ ਕਿਸਮ ਦਾ ਪਹਿਲਾ ਹੈ - ਇੱਕ ਇਤਿਹਾਸਕ ਸਮਾਰਕ ਜਿੱਥੇ ਆਧੁਨਿਕ ਤਕਨਾਲੋਜੀ ਦੀ ਵਰਤੋਂ ਕਰਕੇ ਆਜ਼ਾਦੀ ਸੰਗਰਾਮ ਦੀਆਂ ਵੱਖ-ਵੱਖ ਬਹਾਦਰੀ ਭਰੀਆਂ ਗਾਥਾਵਾਂ, ਲੜਾਈਆਂ ਅਤੇ ਕੁਰਬਾਨੀਆਂ ਨੂੰ ਪ੍ਰਦਰਸ਼ਿਤ ਕੀਤਾ ਗਿਆ ਹੈ। ਸ਼੍ਰੀ ਵਿਜ ਨੇ ਟਿੱਪਣੀ ਕੀਤੀ ਕਿ ਇਹ ਯਾਦਗਾਰ ਵਿਸ਼ੇਸ਼ ਤੌਰ 'ਤੇ 1857 ਦੇ ਵਿਦਰੋਹ ਨਾਲ ਜੁੜੇ ਅਣਗੌਲੇ ਨਾਇਕਾਂ ਅਤੇ ਇਨਕਲਾਬੀਆਂ ਦੇ ਸੰਘਰਸ਼ਾਂ ਨੂੰ ਉਜਾਗਰ ਕਰਦੀ ਹੈ, ਜਿਸਦਾ ਉਦੇਸ਼ ਦੇਸ਼ ਦੇ ਨਾਗਰਿਕਾਂ ਨੂੰ ਉਨ੍ਹਾਂ ਦੇ ਸ਼ਾਨਦਾਰ ਇਤਿਹਾਸ ਤੋਂ ਜਾਣੂ ਕਰਵਾਉਣਾ ਹੈ। ਇਹ ਯਾਦਗਾਰ ਵਿਦਿਆਰਥੀਆਂ ਅਤੇ ਖੋਜਕਰਤਾਵਾਂ ਲਈ ਗਿਆਨ ਦੇ ਇੱਕ ਮਹੱਤਵਪੂਰਨ ਕੇਂਦਰ ਵਜੋਂ ਵੀ ਕੰਮ ਕਰਨ ਲਈ ਤਿਆਰ ਹੈ। ਉਨ੍ਹਾਂ ਨੇ ਇਹ ਯਕੀਨੀ ਬਣਾਉਣ ਲਈ ਨਿਰਦੇਸ਼ ਜਾਰੀ ਕੀਤੇ ਕਿ ਸਕੂਲਾਂ, ਕਾਲਜਾਂ ਅਤੇ ਹੋਰ ਵਿਦਿਅਕ ਸੰਸਥਾਵਾਂ ਦੇ ਵਿਦਿਆਰਥੀਆਂ ਨੂੰ ਸਮਾਰਕ ਦੇ ਦੌਰੇ ਲਈ ਪਹਿਲ ਦਿੱਤੀ ਜਾਵੇ, ਜਿਸ ਨਾਲ ਨਵੀਂ ਪੀੜ੍ਹੀ ਆਜ਼ਾਦੀ ਸੰਗਰਾਮ ਦੇ ਇਤਿਹਾਸ ਅਤੇ ਦੇਸ਼ ਭਗਤੀ ਅਤੇ ਕੁਰਬਾਨੀ ਦੀ ਅਨਮੋਲ ਵਿਰਾਸਤ ਬਾਰੇ ਵਿਆਪਕ ਸਮਝ ਪ੍ਰਾਪਤ ਕਰ ਸਕੇ।

ਮੁੱਖ ਮੰਤਰੀ ਨਾਇਬ ਸਿੰਘ ਸੈਣੀ ਅਤੇ ਊਰਜਾ ਮੰਤਰੀ ਸ਼੍ਰੀ ਅਨਿਲ ਵਿਜ ਨੇ ÷ਆਜ਼ਾਦੀ ਦੇ ਪਹਿਲੇ ਯੁੱਧ ਦੇ ਸ਼ਹੀਦਾਂ ਦੇ ਸਮਾਰਕ÷ ਦੇ ਅੰਦਰ ਸਥਿਤ ਵੱਖ-ਵੱਖ ਗੈਲਰੀਆਂ ਅਤੇ ਆਡੀਟੋਰੀਅਮ ਦਾ ਦੌਰਾ ਕੀਤਾ ਅਤੇ ਨਿਰੀਖਣ ਕੀਤਾ। ਆਡੀਟੋਰੀਅਮ ਵਿੱਚ, ਮੁੱਖ ਮੰਤਰੀ, ਊਰਜਾ ਮੰਤਰੀ ਅਤੇ ਸੀਨੀਅਰ ਅਧਿਕਾਰੀਆਂ ਨੇ 1857 ਦੀ ਕ੍ਰਾਂਤੀ ਨਾਲ ਸਬੰਧਤ ਇੱਕ ਛੋਟੀ ਦਸਤਾਵੇਜ਼ੀ ਫਿਲਮ ਦੇਖੀ - ਅਤੇ ਬਾਅਦ ਵਿੱਚ ਪ੍ਰਸ਼ੰਸਾ ਕੀਤੀ। ਇਸ ਮੌਕੇ, ਮੁੱਖ ਮੰਤਰੀ ਅਤੇ ਊਰਜਾ ਮੰਤਰੀ ਨੇ ਸਮਾਰਕ ਦੇ ਅਹਾਤੇ ਵਿੱਚ ਇੱਕ ਰੁਦਰਾਕਸ਼ ਦਾ ਪੌਦਾ ਵੀ ਲਗਾਇਆ।

'ਵੋਟਰਾਂ ਦੀ ਸਿਹਤ ਤੇ ਹੱਕ ਸਭ ਤੋਂ ਪਹਿਲਾਂ' ਕੁਲਜੀਤ ਸਿੰਘ ਬੇਦੀ ਦੀ ਚੋਣ ਕਮਿਸ਼ਨ ਨੂੰ ਵੱਡੀ ਅਪੀਲ

ਸ਼ਸ਼ੀ ਪਾਲ ਜੈਨ

ਮੋਹਾਲੀ 21 ਮਈ - ਸਾਬਕਾ ਡਿਪਟੀ ਮੇਅਰ ਕੁਲਜੀਤ ਸਿੰਘ ਬੇਦੀ ਨੇ ਪੰਜਾਬ ਰਾਜ ਚੋਣ ਕਮਿਸ਼ਨ ਨੂੰ ਇੱਕ ਪੱਤਰ ਲਿਖ ਕੇ 26 ਮਈ ਨੂੰ ਹੋਣ ਵਾਲੀਆਂ ਨਿਗਮ ਚੋਣਾਂ ਦੌਰਾਨ ਵੋਟਿੰਗ ਦਾ ਸਮਾਂ ਵਧਾਉਣ ਦੀ ਮੰਗ ਕੀਤੀ ਹੈ। ਬੇਦੀ ਨੇ ਕਿਹਾ ਕਿ ਪੰਜਾਬ ਵਿੱਚ ਪੈ ਰਹੀ ਭਿਆਨਕ ਗਰਮੀ ਅਤੇ ਮੋਹਾਲੀ ਵਰਗੇ ਸ਼ਹਿਰਾਂ ਵਿੱਚ ਪ੍ਰਾਈਵੇਟ ਅਦਾਰਿਆਂ ਵਿੱਚ ਕੰਮ ਕਰਨ ਵਾਲੇ ਕਰਮਚਾਰੀਆਂ ਨੂੰ ਆ ਰਹੀਆਂ ਮੁਸ਼ਕਲਾਂ ਨੂੰ ਦੇਖਦੇ ਹੋਏ ਵੋਟਿੰਗ ਦਾ ਸਮਾਂ ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਦੀ ਥਾਂ ਸਵੇਰੇ 7 ਵਜੇ ਤੋਂ ਸ਼ਾਮ 6 ਵਜੇ ਤੱਕ ਕੀਤਾ ਜਾਣਾ ਚਾਹੀਦਾ ਹੈ। ਕੁਲਜੀਤ ਸਿੰਘ ਬੇਦੀ ਨੇ ਕਿਹਾ ਕਿ ਮੋਹਾਲੀ ਵਿੱਚ ਵੱਡੀ ਗਿਣਤੀ ਵਿੱਚ ਲੋਕ ਪ੍ਰਾਈਵੇਟ ਕੰਪਨੀਆਂ, ਉਦਯੋਗਾਂ ਅਤੇ ਨਿੱਜੀ ਅਦਾਰਿਆਂ ਵਿੱਚ ਕੰਮ ਕਰਦੇ ਹਨ। ਸਰਕਾਰ ਵੱਲੋਂ ਭਾਵੇਂ ਚੋਣ ਵਾਲੇ ਦਿਨ ਛੁੱਟੀ ਦਾ ਐਲਾਨ ਕੀਤਾ ਜਾਂਦਾ ਹੈ, ਪਰ ਕਈ ਪ੍ਰਾਈਵੇਟ ਅਦਾਰੇ ਆਪਣੇ ਕਰਮਚਾਰੀਆਂ ਨੂੰ ਪੂਰੀ ਛੁੱਟੀ ਨਹੀਂ ਦਿੰਦੇ, ਜਿਸ ਕਾਰਨ ਬਹੁਤ ਸਾਰੇ ਲੋਕ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਤੋਂ ਵਾਂਝੇ ਰਹਿ ਸਕਦੇ ਹਨ। ਉਨ੍ਹਾਂ ਕਿਹਾ ਕਿ ਇਸ ਸਮੇਂ ਪੈ ਰਹੀ ਤਿੱਖੀ ਗਰਮੀ ਖਾਸ ਕਰਕੇ ਬਜ਼ੁਰਗਾਂ, ਮਹਿਲਾਵਾਂ ਅਤੇ ਸਿਹਤ ਸੰਬੰਧੀ ਸਮੱਸਿਆਵਾਂ ਨਾਲ ਜੂਝ ਰਹੇ ਲੋਕਾਂ ਲਈ ਚਿੰਤਾ ਦਾ ਵਿਸ਼ਾ ਹੈ। ਮੋਹਾਲੀ ਵਿੱਚ ਵੱਡੀ ਗਿਣਤੀ ਵਿੱਚ ਰਿਟਾਇਰਡ ਅਧਿਕਾਰੀ ਅਤੇ 60 ਸਾਲ ਤੋਂ ਵੱਧ ਉਮਰ ਦੇ ਲੋਕ ਰਹਿੰਦੇ ਹਨ, ਜਿਨ੍ਹਾਂ ਲਈ ਦੁਪਹਿਰ ਸਮੇਂ ਵੋਟ ਪਾਉਣ ਲਈ ਘਰੋਂ ਬਾਹਰ ਨਿਕਲਣਾ ਮੁਸ਼ਕਲ ਹੋ ਸਕਦਾ ਹੈ। ਬੇਦੀ ਨੇ ਕਿਹਾ ਕਿ ਜੇਕਰ ਵੋਟਿੰਗ ਦਾ ਸਮਾਂ ਵਧਾਇਆ ਜਾਂਦਾ ਹੈ ਤਾਂ ਲੋਕ ਸਵੇਰੇ ਅਤੇ ਸ਼ਾਮ ਦੇ ਠੰਡੇ ਸਮੇਂ ਵਿੱਚ ਆਸਾਨੀ ਨਾਲ ਆਪਣੀ ਵੋਟ ਪਾ ਸਕਣਗੇ, ਜਿਸ ਨਾਲ ਵੋਟਿੰਗ ਪ੍ਰਤੀਸ਼ਤ ਵਿੱਚ ਵੀ ਵਾਧਾ ਹੋਵੇਗਾ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਮੌਜੂਦਾ ਹਾਲਾਤਾਂ ਨੂੰ ਨਜ਼ਰਅੰਦਾਜ਼ ਕੀਤਾ ਗਿਆ ਤਾਂ ਇਸਦਾ ਮਾੜਾ ਅਸਰ ਵੋਟ ਪ੍ਰਤੀਸ਼ਤ 'ਤੇ ਪੈ ਸਕਦਾ ਹੈ। ਇਸ ਮੌਕੇ ਕੁਲਜੀਤ ਸਿੰਘ ਬੇਦੀ ਨੇ ਸਮੂਹ ਵੋਟਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਹਰ ਨਾਗਰਿਕ ਨੂੰ ਆਪਣੀ ਵੋਟ ਜ਼ਰੂਰ ਪਾਉਣੀ ਚਾਹੀਦੀ ਹੈ ਕਿਉਂਕਿ ਲੋਕਤੰਤਰ ਵਿੱਚ ਪ੍ਰਧਾਨ ਮੰਤਰੀ ਤੋਂ ਲੈ ਕੇ ਆਮ ਆਦਮੀ ਤੱਕ ਹਰ ਇੱਕ ਦੀ ਵੋਟ ਦੀ ਕਦਰ ਇੱਕੋ ਜਿਹੀ ਹੁੰਦੀ ਹੈ। ਉਨ੍ਹਾਂ ਕਿਹਾ ਕਿ ਵੋਟ ਦਾ ਅਧਿਕਾਰ ਲੋਕਤੰਤਰ ਦੀ ਸਭ ਤੋਂ ਵੱਡੀ ਤਾਕਤ ਹੈ ਅਤੇ ਹਰ ਵਿਅਕਤੀ ਨੂੰ ਇਸਦੀ ਜ਼ਿੰਮੇਵਾਰੀ ਨਾਲ ਵਰਤੋਂ ਕਰਨੀ ਚਾਹੀਦੀ ਹੈ।

ਯੂਟੀ ਪ੍ਰਸ਼ਾਸਨ ਦੇ ਦਿਹਾੜੀਦਾਰ ਅਤੇ ਠੇਕਾ ਕਰਮਚਾਰੀ ਵਿਰੋਧ ਪ੍ਰਦਰਸ਼ਨ ਦੇ ਰਾਹ 'ਤੇ

- ਸਾਂਝੇ ਕਰਮਚਾਰੀ ਮੋਰਚੇ ਦਾ ਗਠਨ; ਰੈਗੂਲਰਾਈਜ਼ੇਸ਼ਨ, ਬਰਾਬਰ ਅਧਿਕਾਰ ਅਤੇ ਨੌਕਰੀ ਸੁਰੱਖਿਆ ਲਈ ਸੰਘਰਸ਼ ਕਰਨ ਦਾ ਫੈਸਲਾ
- 'ਹਰਿਆਣਾ ਮਾਡਲ' ਦੇ ਆਧਾਰ 'ਤੇ ਸੇਵਾ ਸੁਰੱਖਿਆ ਦੀ ਮੰਗ

ਚੰਡੀਗੜ੍ਹ, 21 ਮਈ:(ਰਾਜਿੰਦਰ ਸਿੰਘ ਜਾਦੋਂ) - ਚੰਡੀਗੜ੍ਹ ਯੂਟੀ ਪ੍ਰਸ਼ਾਸਨ ਅਤੇ ਚੰਡੀਗੜ੍ਹ ਨਗਰ ਨਿਗਮ ਦੇ ਲਗਭਗ 37,000 ਦਿਹਾੜੀਦਾਰ ਅਤੇ ਠੇਕਾ ਕਰਮਚਾਰੀ 'ਹਰਿਆਣਾ ਮਾਡਲ' ਦੇ ਆਧਾਰ 'ਤੇ ਸੇਵਾ ਸੁਰੱਖਿਆ ਦੀ ਮੰਗ ਕਰ ਰਹੇ ਹਨ। ਇਨ੍ਹਾਂ ਕਰਮਚਾਰੀਆਂ ਨੇ ਇਸ ਸੇਵਾ ਸੁਰੱਖਿਆ ਨੂੰ ਪ੍ਰਾਪਤ ਕਰਨ ਲਈ ਸੰਘਰਸ਼ ਸ਼ੁਰੂ ਕਰਨ ਦੇ ਆਪਣੇ ਇਰਾਦੇ ਦਾ ਸੰਕੇਤ ਦਿੱਤਾ ਹੈ। ਇਸ ਉਦੇਸ਼ ਨੂੰ ਧਿਆਨ ਵਿੱਚ ਰੱਖਦੇ ਹੋਏ, 'ਸਾਂਝੇ ਕਰਮਚਾਰੀ ਮੋਰਚੇ' ਦਾ ਗਠਨ ਕੀਤਾ ਗਿਆ ਹੈ। ਸੇਵਾ ਸੁਰੱਖਿਆ ਦੀ ਆਪਣੀ ਮੰਗ ਨੂੰ ਦਬਾਉਂਦੇ ਹੋਏ, ਫਰੰਟ ਨੇ ਵੀਰਵਾਰ ਨੂੰ ਇੱਥੇ ਕਿਹਾ ਕਿ ਉਹ ਇਸ ਸਮੇਂ ਯੂਟੀ ਪ੍ਰਸ਼ਾਸਨ ਨੂੰ ਜਵਾਬ ਦੇਣ ਲਈ ਕੁਝ ਸਮਾਂ ਦੇ ਰਹੇ ਹਨ। ਹਾਲਾਂਕਿ, ਜੇਕਰ ਉਨ੍ਹਾਂ ਦੀਆਂ ਮੰਗਾਂ ਦਾ ਹੱਲ ਨਹੀਂ ਕੀਤਾ ਗਿਆ, ਤਾਂ ਵਿਰੋਧ ਅੰਦੋਲਨ ਸ਼ੁਰੂ ਕਰਨ ਦਾ ਫੈਸਲਾ ਲਿਆ ਜਾਵੇਗਾ।

ਵੀਰਵਾਰ ਨੂੰ ਚੰਡੀਗੜ੍ਹ ਪ੍ਰੈਸ ਕਲੱਬ ਵਿਖੇ ਬੋਲਦਿਆਂ, ਸੰਯੁਕਤ ਕਰਮਚਾਰੀ ਮੋਰਚੇ ਨੇ ਐਲਾਨ ਕੀਤਾ ਕਿ ਉਨ੍ਹਾਂ ਦੀਆਂ ਮੰਗਾਂ ਸੰਬੰਧੀ ਮੈਮੋਰੰਡਮ ਪਹਿਲਾਂ ਰਾਜਨੀਤਿਕ ਪ੍ਰਤੀਨਿਧੀਆਂ ਨੂੰ ਸੌਂਪੇ ਜਾਣਗੇ, ਜਿਸ ਤੋਂ ਬਾਅਦ ਵਿਰੋਧ ਅੰਦੋਲਨ ਸੰਬੰਧੀ ਫੈਸਲਾ ਲਿਆ ਜਾਵੇਗਾ। ਸੰਯੁਕਤ ਮੋਰਚੇ ਵਿੱਚ ਛੇ ਪ੍ਰਮੁੱਖ ਕਰਮਚਾਰੀ ਸੰਗਠਨ ਅਤੇ ਫੈਡਰੇਸ਼ਨਾਂ ਸ਼ਾਮਲ ਹਨ ਜੋ ਯੂਟੀ ਅਤੇ ਨਗਰ ਨਿਗਮ ਦੋਵਾਂ ਦੇ ਕਰਮਚਾਰੀਆਂ ਦੇ ਹਿੱਤਾਂ ਦੀ ਨੁਮਾਇੰਦਗੀ ਕਰਦੀਆਂ ਹਨ।

ਮੋਰਚੇ ਨੇ ਐਲਾਨ ਕੀਤਾ ਕਿ ਮੰਗਾਂ ਦਾ ਇੱਕ ਸਾਂਝਾ ਚਾਰਟਰ ਸਰਕਾਰ, ਯੂਟੀ ਪ੍ਰਸ਼ਾਸਨ, ਦੋਵੇਂ ਸੰਸਦ ਮੈਂਬਰਾਂ (ਐਮਪੀ) ਅਤੇ ਪ੍ਰਮੁੱਖ ਰਾਜਨੀਤਿਕ ਪਾਰਟੀਆਂ ਨੂੰ ਸੌਂਪਿਆ ਜਾਵੇਗਾ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਨਿਯਮਤ, ਠੇਕੇ 'ਤੇ, ਰੋਜ਼ਾਨਾ-ਮਜ਼ਦੂਰੀ ਅਤੇ ਆਊਟਸੋਰਸ ਕੀਤੇ ਕਰਮਚਾਰੀਆਂ ਦੀਆਂ ਸ਼ਿਕਾਇਤਾਂ ਦਾ ਹੱਲ ਕੀਤਾ ਜਾਵੇ। ਮੀਡੀਆ ਨੂੰ ਸੰਬੋਧਨ ਕਰਦੇ ਹੋਏ, ਕਨਵੀਨਰ - ਗੋਪਾਲ ਦੱਤ ਜੋਸ਼ੀ (ਯੂਟੀ ਅਤੇ ਐਮਸੀ ਕਰਮਚਾਰੀਆਂ ਦੀ ਫੈਡਰੇਸ਼ਨ), ਸੁਖਬੀਰ ਸਿੰਘ (ਸੰਯੁਕਤ ਕਰਮਚਾਰੀ ਭਲਾਈ ਐਸੋਸੀਏਸ਼ਨ), ਰਣਜੀਤ ਮਿਸ਼ਰਾ (ਯੂਟੀ ਚੰਡੀਗੜ੍ਹ ਐਸਐਸ ਫੈਡਰੇਸ਼ਨ), ਸੁਰਮੁਖ ਸਿੰਘ (ਯੂਟੀ ਅਤੇ ਐਮਸੀ ਕਰਮਚਾਰੀਆਂ ਦੀ ਸੰਯੁਕਤ ਐਕਸ਼ਨ ਕਮੇਟੀ), ਰਣਜੀਤ ਹੰਸ (ਯੂਟੀ ਐਸਐਸ ਫੈਡਰੇਸ਼ਨ ਚੰਡੀਗੜ੍ਹ), ਅਤੇ ਬਿਪਿਨ ਸ਼ੇਰ ਸਿੰਘ (ਆਲ ਕੰਟਰੈਕਟੂਅਲ ਇੰਪਲਾਈਜ਼ ਯੂਨੀਅਨ ਆਫ ਇੰਡੀਆ, ਚੰਡੀਗੜ੍ਹ) - ਨੇ ਕਰਮਚਾਰੀਆਂ ਨਾਲ ਸਬੰਧਤ ਵੱਖ-ਵੱਖ ਮੁੱਦੇ ਪ੍ਰਮੁੱਖਤਾ ਨਾਲ ਉਠਾਏ। *ਮੋਰਚਾ* ਨੇ ਜ਼ੋਰ ਦੇ ਕੇ ਕਿਹਾ ਕਿ ਸਾਰੇ ਵਰਗਾਂ ਦੇ ਕਰਮਚਾਰੀ ਇੱਕਜੁੱਟ ਹਨ ਅਤੇ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਹੋਣ ਤੱਕ ਸੰਘਰਸ਼ ਲੋਕਤੰਤਰੀ ਢੰਗ ਨਾਲ ਜਾਰੀ ਰਹੇਗਾ।

ਖਰੜ ਤੋਂ ਭਾਜਪਾ ਮਹਿਲਾ ਮੋਰਚਾ ਨੇ ਕੀਤਾ ਕੁਰਾਲੀ ਵਿਖੇ ਚੋਣ ਪ੍ਰਚਾਰ

ਸ਼ਸ਼ੀ ਪਾਲ ਜੈਨ

ਕੁਰਾਲੀ 21 ਮਈ -ਖਰੜ ਤੋਂ ਭਾਜਪਾ ਮਹਿਲਾ ਮੋਰਚੇ ਨੇ ਸਪਨਾ ਬੈਂਸ, ਵਾਰਡ ਨੰਬਰ 13, ਕੁਰਾਲੀ ਦੇ ਹੱਕ ਵਿੱਚ ਭਾਜਪਾ ਦਾ ਚੋਣ ਪ੍ਰਚਾਰ ਕੀਤਾ ਗਿਆ। ਟੀਮ ਵੱਲੋਂ ਵੱਖ-ਵੱਖ ਇਲਾਕਿਆਂ ਵਿੱਚ ਜਾ ਕੇ ਲੋਕਾਂ ਨਾਲ ਮੁਲਾਕਾਤ ਕੀਤੀ ਗਈ ਅਤੇ 26 ਮਈ ਨੂੰ ਹੋਣ ਵਾਲੀਆਂ ਚੋਣਾਂ ਲਈ ਸਹਿਯੋਗ ਅਤੇ ਆਸ਼ੀਰਵਾਦ ਦੀ ਅਪੀਲ ਕੀਤੀ ਗਈ।

ਇਸ ਮੌਕੇ ਪ੍ਰੀਤੀ ਰਾਣਾ, ਆਸੂ ਪੁਰੀ, ਡਾ. ਪ੍ਰੀਤੀ ਅਤੇ ਕਾਜਲ ਨੇ ਵੀ ਪ੍ਰਚਾਰ ਮੁਹਿੰਮ ਵਿੱਚ ਸਰਗਰਮ ਹਿੱਸਾ ਲਿਆ ਅਤੇ ਲੋਕਾਂ ਨੂੰ ਸਪਨਾ ਬੈਂਸ ਦੇ ਹੱਕ ਵਿੱਚ ਵੋਟ ਪਾਉਣ ਦੀ ਅਪੀਲ ਕੀਤੀ। ਟੀਮ ਨੇ ਵਾਰਡ ਦੇ ਵਿਕਾਸ ਅਤੇ ਬਿਹਤਰ ਸੁਵਿਧਾਵਾਂ ਦੇ ਸੰਕਲਪ ਨੂੰ ਲੋਕਾਂ ਸਾਹਮਣੇ ਰੱਖਿਆ ਅਤੇ ਭਰੋਸਾ ਜਤਾਇਆ ਕਿ ਲੋਕਾਂ ਦਾ ਪੂਰਾ ਸਹਿਯੋਗ ਮਿਲੇਗਾ।

ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਦਾ ਤੀਸਰਾ ਨੀਂਹ ਪੱਥਰ ਮਨਾਇਆ ਗਿਆ

ਸ਼ਸ਼ੀ ਪਾਲ ਜੈਨ

ਖਰੜ 21 ਮਈ-ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਲਾਂਡਰਾਂ ਰੋੜ ਖਰੜ ਵਿਖੇ ਗੁਰਦੁਆਰਾ ਸਾਹਿਬ ਜੀ ਦਾ ਤੀਸਰਾ ਨੀਂਹ ਪੱਥਰ ਦਿਵਸ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਗਿਆ।

ਇਸ ਮੌਕੇ ਸਵੇਰੇ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਉਣ ਉਪਰੰਤ ਹਜ਼ੂਰੀ ਰਾਗੀ ਭਾਈ ਬਲਜਿੰਦਰ ਸਿੰਘ ਨੇ ਆਪਣੇ ਜਥੇ ਨਾਲ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕੀਤਾ ਅਤੇ ਬਾਅਦ ਵਿਚ ਭਾਈ ਮਨਜੀਤ ਸਿੰਘ ਘੜਾਮਾ ਵਾਲਿਆ ਨੇ ਕਥਾ ਰਾਹੀ ਸਿੱਖ ਇਤਿਹਾਸ ਸਬੰਧੀ ਸੰਗਤਾਂ ਨੂੰ ਚਾਨਣਾ ਪਾਇਆ।

ਅਖੀਰ ਹਰਨੇਕ ਸਿੰਘ ਦੇਵਪੁਰੀ ਪ੍ਰਧਾਨ ਨੇ ਗੁਰੂ ਗ੍ਰੰਥ ਸਾਹਿਬ ਜੀ ਦਾ ਆਈਆਂ ਸੰਗਤਾਂ ਦਾ, ਗਰੰਥੀ ਸਿੰਘਾਂ ਦਾ, ਰਾਗੀ ਜੱਥਾ ਅਤੇ ਕਥਾਵਾਚਕ ਦਾ ਧੰਨਵਾਦ ਕਰਦਿਆ ਗੁਰਦੁਆਰਾ ਸਾਹਿਬ ਦੀ ਨਵੀ ਬਣੀ ਕਮੇਟੀ ਬਣਾਏ ਜਾਣ ਦਾ ਐਲਾਨ ਕੀਤਾ।

ਉਨਾਂ ਦੱਸਿਆ ਕਿ ਪ੍ਰਧਾਨ ਭਾਈ ਹਰਨੇਕ ਸਿੰਘ ਦੇਵਪੁਰੀ, ਜਨਰਲ ਸਕੱਤਰ ਭਾਈ ਕਰਨੈਲ ਸਿੰਘ, ਸਹਾਇਕ ਜਨਰਲ ਸਕੱਤਰ ਭਾਈ ਮੇਵਾ ਸਿੰਘ ਪੁਰਖਾਲੀ, ਮੀਤ ਪ੍ਰਧਾਨ ਬੀਬੀ ਵਿਦਿਆ ਦੇਵੀ, ਸਲਾਹਕਾਰ ਭਾਈ ਸਵਰਨ ਸਿੰਘ, ਪ੍ਰੈਸ ਸਕੱਤਰ ਭਾਈ ਹਰਨਾਮ ਸਿੰਘ ਡੱਲਾ ਅਤੇ ਖਜ਼ਾਨਚੀ ਜਗਦੀਪ ਸਿੰਘ ਅਤੇ ਨੌ ਮੈਂਬਰ ਲਏ ਗਏ।

ਗੁਰਦੁਆਰਾ ਸ੍ਰੀ ਹਰਗੋਬਿੰਦਗੜ੍ਹ ਸਾਹਿਬ ਵਿਖੇ 22 ਮੈਂਬਰੀ ਪ੍ਰਬੰਧਕ ਕਮੇਟੀ ਦੀ ਚੋਣ ਹੋਈ

ਕੁਰਾਲੀ, 21 ਮਈ (ਪ੍ਰਭਦੀਪ ਸਿੰਘ ਸੋਢੀ)- ਸਥਾਨਕ ਸ਼ਹਿਰ ਦੇ ਮੋਰਿੰਡਾ ਰੋਡ ਤੇ ਸਥਿਤ ਗੁਰਦੁਆਰਾ ਸ਼੍ਰੀ ਹਰਗੋਬਿੰਦਗੜ੍ਹ ਸਾਹਿਬ ਵਿਖੇ ਅੱਜ 22 ਮੈਂਬਰੀ ਪ੍ਰਬੰਧਕ ਕਮੇਟੀ ਦੀ ਚੋਣ

ਸੰਗਤ ਦੀ ਹਾਜ਼ਰੀ ਵਿੱਚ ਸਰਬਸੰਮਤੀ ਨਾਲ ਮੁਕੰਮਲ ਕੀਤੀ ਗਈ। ਬਹੁਤ ਹੀ ਸ਼ਾਂਤੀਪੂਰਵਕ ਅਤੇ ਧਾਰਮਿਕ ਮਰਿਆਦਾ ਅਨੁਸਾਰ ਸੰਪੰਨ ਹੋਈ ਇਸ ਚੋਣ ਦੌਰਾਨ ਵਿਸ਼ੇਸ਼ ਗੱਲ ਇਹ ਰਹੀ ਕਿ ਪਹਿਲੀ ਵਾਰ 5 ਔਰਤਾਂ ਨੂੰ ਵੀ ਕਮੇਟੀ ਵਿੱਚ ਮੈਂਬਰ ਵਜੋਂ ਸ਼ਾਮਲ ਕੀਤਾ ਗਿਆ, ਜਿਸਦਾ ਸ਼ਹਿਰ ਦੀ ਸੰਗਤ ਵੱਲੋਂ ਭਰਪੂਰ ਸਵਾਗਤ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਿੰਸੀਪਲ ਸੁਪਿੰਦਰ ਸਿੰਘ ਨੇ ਦੱਸਿਆ ਕਿ ਇਹ ਚੋਣ ਪੂਰੀ ਤਰ੍ਹਾਂ ਸੰਗਤ ਦੀ ਸਹਿਮਤੀ ਅਤੇ ਸਰਬਸੰਮਤੀ ਨਾਲ ਕਰਵਾਈ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਚੋਣ ਦੌਰਾਨ ਪ੍ਰਿੰ . ਸਵਰਨ ਸਿੰਘ ਪ੍ਰਧਾਨ ਗੁਰਦੁਆਰਾ ਸਾਹਿਬ ਦੀ ਅਗਵਾਈ ਹੇਠ ਪਾਲ ਸਿੰਘ ਨੂੰ ਉਪ ਪ੍ਰਧਾਨ, ਸਪਿੰਦਰ ਸਿੰਘ ਨੂੰ ਖਜ਼ਾਨਚੀ, ਰਜਿੰਦਰ ਸਿੰਘ ਨੂੰ ਸੈਕਟਰੀ, ਰਣਜੀਤ ਸਿੰਘ ਵਾਲੀਆ, ਹਰਜੀਤ ਸਿੰਘ ਐੱਲ ਆਈ ਸੀ, ਪਰਦੁੱਮਣ ਸਿੰਘ, ਮਲਾਗਰ ਸਿੰਘ, ਅਮਰੀਕ ਸਿੰਘ, ਬਹਾਦਰ ਸਿੰਘ, ਬਰਜਿੰਦਰ ਸਿੰਘ ਕੈਰੋਂ, ਬੇਅੰਤ ਸਿੰਘ ਟੋਨੀ, ਰਣਬੀਰ ਸਿੰਘ ਲਾਡੀ, ਬਾਬਾ ਗੁਰਮੀਤ ਸਿੰਘ ਨਿਹੋਲਕਾ, ਬਲਦੇਵ ਸਿੰਘ, ਬਹਾਦਰ ਸਿੰਘ ਨਨਹੇੜੀਆਂ, ਭਜਨ ਸਿੰਘ ਸਮੇਤ ਬੀਬਾ ਜਸਵੰਤ ਕੌਰ, ਬੀਬੀ ਜਸਪਾਲ ਕੌਰ, ਬੀਬੀ ਗੁਰਮੇਲ ਕੌਰ, ਬੀਬੀ ਕੰਵਲਜੀਤ ਕੌਰ ਅਤੇ ਦਲਜੀਤ ਕੌਰ ਮੈਂਬਰ ਚੁਣੇ ਗਏ।

ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਮੁੱਖ ਮੰਤਰੀ ਮਾਵਾਂ ਧੀਆਂ ਸਤਿਕਾਰ ਯੋਜਨਾ ਤਹਿਤ ਲਾਭਪਾਤਰੀ ਮਹਿਲਾਵਾਂ ਲਈ ਰਜਿਸਟ੍ਰੇਸ਼ਨ ਦੀ ਕੀਤੀ ਸ਼ੁਰੂਆਤ

ਨਾਭਾ, 21 ਮਈ (ਰਾਕੇਸ਼ ਜਿੰਦਲ)- ਆਮ ਆਦਮੀ ਪਾਰਟੀ ਹਲਕਾ ਨਾਭਾ ਦੇ ਨੌਜਵਾਨ ਆਗੂ ਅਤੇ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਅੱਜ ਆਂਗਨਵਾੜੀ ਸੈਂਟਰ ਸਰੈਣਦਾਸ ਕਲੋਨੀ ਵਿਖੇ-4 ਵਿਖੇ 'ਮੁੱਖ ਮੰਤਰੀ ਮਾਵਾਂ ਧੀਆਂ ਸਤਿਕਾਰ ਯੋਜਨਾ' ਤਹਿਤ ਰਜਿਸਟ ?ਰੇਸ਼ਨ ਕਰਨ ਦੀ ਸ਼ੁਰੂਆਤ ਰੀਬਨ ਕੱਟਕੇ ਕੀਤੀ।

ਇਸ ਮੌਕੇ ਆਂਗਨਵਾੜੀ ਵਰਕਰ ਹਰਜੀਤ ਕੌਰ, ਜਸਵਿੰਦਰ ਕੌਰ ਅਤੇ ਮਨਪ੍ਰੀਤ ਕੌਰ ਦੀ ਅਗਵਾਈ ਹੇਠ ਨਵ ਨਿਯੁਕਤ ਸਖੀਆਂ ਵਲੋਂ ਲਾਭਪਾਤਰੀ ਮਹਿਲਾਵਾਂ ਦੇ ਫਾਰਮ ਭਰ ਕੇ ਉਨਾਂ ਦੀ ਰਜਿਸਟ੍ਰੇਸ਼ਨ ਕੀਤੀ ਗਈ। ਚੇਅਰਮੈਨ ਜੱਸੀ ਸੋਹੀਆਂ ਨੇ ਰਜਿਸਟ ?ਰੇਸ਼ਨ ਦੀ ਸ਼ੁਰੂਆਤ ਕਰਨ ਮੌਕੇ ਗੱਲਬਾਤ ਕਰਦਿਆਂ ਕਿਹਾ ਕਿ ਪਿਛਲੀਆਂ ਵਿਧਾਨ ਸਭਾ ਚੋਣਾਂ ਸਮੇਂ ਆਮ ਆਦਮੀ ਪਾਰਟੀ ਵਲੋਂ ਸੂਬੇ ਦੀਆਂ ਔਰਤਾਂ ਨੂੰ ਹਰ ਮਹੀਨੇ 1000-1000 ਰੁਪਏ ਸਨਮਾਨ ਰਾਸ਼ੀ ਵਜੋਂ ਦੇਣ ਦਾ ਜੋ ਵਾਅਦਾ ਕੀਤਾ ਸੀ ਉਹ ਪੰਜਾਬ ਦੇ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਨੇ ਜਨਰਲ ਸ਼੍ਰੇਣੀ ਦੀਆਂ ਔਰਤਾਂ ਨੂੰ ਪ੍ਰਤੀ ਮਹੀਨਾ 1,000 ਰੁਪਏ ਅਤੇ ਅਨੁਸੂਚਿਤ ਜਾਤੀ ਦੀਆਂ ਔਰਤਾਂ ਨੂੰ ਪ੍ਰਤੀ ਮਹੀਨਾ 1,500 ਰੁਪਏ ਦੇਣ ਦੀ ਸ਼ੁਰੂਆਤ ਕਰਕੇ ਆਪਣਾ ਫਰਜ਼ ਨਿਭਾਇਆ ਹੈ ਜਿਸ ਕਰਕੇ ਸੂਬੇ ਦੀਆਂ ਔਰਤਾਂ ਵਿੱਚ ਖੁਸ਼ੀ ਦੀ ਲਹਿਰ ਹੈ। ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਕਿਹਾ ਆਮ ਆਦਮੀ ਪਾਰਟੀ ਦੀ ਸਰਕਾਰ ਪਹਿਲੀ ਸਰਕਾਰ ਹੈ ਜਿਸਨੇ ਲੋਕਾਂ ਨਾਲ ਕੀਤੇ ਆਪਣੇ ਸਾਰੇ ਵਾਅਦੇ ਚਾਰ ਸਾਲਾਂ ਵਿੱਚ ਪੂਰੇ ਕਰਕੇ ਦਿਖਾਏ ਹਨ। ਇਸ ਮੌਕੇ ਸਰਪੰਚ ਓਮ ਪ੍ਰਕਾਸ਼, ਯੂਥ ਆਗੂ ਪਰਮਿੰਦਰ ਸਿੰਘ ਭੰਗੂ, ਕਲੱਬ ਪ੍ਰਧਾਨ ਅਕਾਸ਼ ਕੁਮਾਰ ਗੋਲੂ, ਗੁਰਪ੍ਰੀਤ ਸਿੰਘ ਜੋਗਾ, ਗੀਤਾ ਰਾਣੀ ਆਸ਼ਾ ਵਰਕਰ ਸਮੇਤ ਵੱਡੀ ਗਿਣਤੀ ਵਿੱਚ ਲਾਭਪਾਤਰੀ ਮਹਿਲਾਵਾਂ ਅਤੇ ਸਖੀਆਂ ਵੀ ਮੌਜੂਦ ਸਨ।

ਸਿਟਕੋ ਆਪਣੇ ਵੱਖ-ਵੱਖ ਅਦਾਰਿਆਂ 'ਚ ਉਤਸ਼ਾਹ ਨਾਲ ਅੰਤਰਰਾਸ਼ਟਰੀ ਚਾਹ ਦਿਵਸ ਮਨਾਇਆ

ਚੰਡੀਗੜ੍ਹ, 21 ਮਈ (ਦੇਸ਼ ਪ੍ਰਦੇਸ਼ ਬਿਊਰੋ)-ਅੱਜ ਅੰਤਰਰਾਸ਼ਟਰੀ ਚਾਹ ਦਿਵਸ ਦੇ ਮੌਕੇ 'ਤੇ, ਸਿਟਕੋ ਨੇ ਆਪਣੇ ਪ੍ਰਮੁੱਖ ਪ੍ਰਾਹੁਣਚਾਰੀ ਅਦਾਰਿਆਂ - ਹੋਟਲ ਮਾਊਂਟਵਿਊ, ਹੋਟਲ ਸ਼ਿਵਾਲਿਕਵਿਊ, ਅਤੇ ਸ਼ੈੱਫ ਲੇਕਵਿਊ ਵਿਖੇ ਵਿਸ਼ੇਸ਼ ਚਾਹ ਤਿਉਹਾਰਾਂ ਦਾ ਆਯੋਜਨ ਕੀਤਾ। ਇਸ ਮੌਕੇ ਨੂੰ ਮਨਾਉਣ ਲਈ, ਚਾਹ ਦੇ ਸ਼ੌਕੀਨਾਂ ਨੂੰ ਕਈ ਤਰ੍ਹਾਂ ਦੀਆਂ ਰਵਾਇਤੀ, ਹਰਬਲ ਅਤੇ ਤਾਜ਼ਗੀ ਭਰੀਆਂ ਚਾਹਾਂ ਪਰੋਸੀਆਂ ਗਈਆਂ, ਨਾਲ ਹੀ ਸੁਆਦੀ ਬੇਕਰੀ ਅਤੇ ਸਨੈਕ ਆਈਟਮਾਂ ਦੀ ਇੱਕ ਲੜੀ ਵੀ ਪੇਸ਼ ਕੀਤੀ ਗਈ। ਹੋਟਲ ਮਾਊਂਟਵਿਊ ਵਿਖੇ, ਮਹਿਮਾਨਾਂ ਨੂੰ ਅਦਰਕ ਦੀ ਚਾਹ, ਮਸਾਲਾ ਚਾਹ, ਅਸਾਮ ਚਾਹ, ਦਾਰਜੀਲਿੰਗ ਚਾਹ, ਕਸ਼ਮੀਰੀ ਕਾਹਵਾ, ਗੁੜ ਦੀ ਚਾਹ ਅਤੇ ਆਈਸਡ ਚਾਹ ਸਮੇਤ ਵਿਸ਼ੇਸ਼ ਚਾਹਾਂ ਦੀ ਇੱਕ ਚੋਣ ਦਾ ਸੁਆਦ ਲੈਣ ਦਾ ਮੌਕਾ ਮਿਲਿਆ। 175 ਤੋਂ ਸ਼ੁਰੂ ਹੋਣ ਵਾਲੇ ਵਿਸ਼ੇਸ਼ ਚਾਹ ਕੰਬੋ ਦੇ ਨਾਲ, ਡੈਨਿਸ਼ ਪੇਸਟਰੀਆਂ, ਕ੍ਰੋਇਸੈਂਟਸ, ਮਫ਼ਿਨ, ਕੂਕੀਜ਼, ਵੈਜ ਪੈਟੀਜ਼, ਸੈਂਡਵਿਚ, ਬਟਰ ਟੋਸਟ ਅਤੇ ਪਕੌੜੇ ਵੀ ਪਰੋਸੇ ਗਏ। ਹੋਟਲ ਸ਼ਿਵਾਲਿਕਵਿਊ ਵਿਖੇ, ਵਿਭਿੰਨ ਚਾਹਾਂ ਦੀ ਇੱਕ ਵਿਸ਼ੇਸ਼ ਸ਼੍ਰੇਣੀ ਪੇਸ਼ ਕੀਤੀ ਗਈ, ਸ਼ਹਿਰ ਨਿਵਾਸੀਆਂ, ਸੈਲਾਨੀਆਂ ਅਤੇ ਚਾਹ ਪ੍ਰੇਮੀਆਂ ਨੇ ਇਸ ਸਮਾਗਮ ਵਿੱਚ ਉਤਸ਼ਾਹ ਨਾਲ ਹਿੱਸਾ ਲਿਆ ਅਤੇ ਸਿਟਕੋ ਦੇ ਮਹਿਮਾਨ ਨਿਵਾਜ਼ੀ ਅਦਾਰਿਆਂ ਵਿੱਚ ਵਿਸ਼ੇਸ਼ ਤੌਰ 'ਤੇ ਤਿਆਰ ਕੀਤੇ ਚਾਹ ਦੇ ਅਨੁਭਵਾਂ ਦਾ ਆਨੰਦ ਮਾਣਿਆ।

ਹਰਿਆਣਾ ਕਾਂਗਰਸ ਹੈੱਡਕੁਆਰਟਰ ਵਿਖੇ ਰਾਜੀਵ ਗਾਂਧੀ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ

ਰਾਸ਼ਟਰ ਲਈ ਰਾਜੀਵ ਦੇ ਵਿਚਾਰ ਅੱਜ ਵੀ ਪ੍ਰਸੰਗਿਕ ਹਨ: ਰਾਓ ਨਰਿੰਦਰ ਸਿੰਘ

ਚੰਡੀਗੜ੍ਹ, 21 ਮਈ:(ਰਾਜਿੰਦਰ ਸਿੰਘ ਜਾਦੋਂ) ਵੀਰਵਾਰ ਨੂੰ, ਸਾਬਕਾ ਪ੍ਰਧਾਨ ਮੰਤਰੀ ਅਤੇ ਭਾਰਤ ਰਤਨ ਪ੍ਰਾਪਤ ਰਾਜੀਵ ਗਾਂਧੀ ਦੀ ਬਰਸੀ ਮੌਕੇ, ਹਰਿਆਣਾ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਰਾਓ ਨਰਿੰਦਰ ਸਿੰਘ ਨੇ ਇੱਥੇ ਪਾਰਟੀ ਦੇ ਸੂਬਾਈ ਹੈੱਡਕੁਆਰਟਰ ਵਿਖੇ ਉਨ੍ਹਾਂ ਦੀ ਤਸਵੀਰ 'ਤੇ ਹਾਰ ਪਾ ਕੇ ਸ਼ਰਧਾਂਜਲੀ ਭੇਟ ਕੀਤੀ।

ਇਸ ਮੌਕੇ 'ਤੇ ਬੋਲਦੇ ਹੋਏ, ਰਾਓ ਨਰਿੰਦਰ ਸਿੰਘ ਨੇ ਕਿਹਾ ਕਿ ਰਾਜੀਵ ਗਾਂਧੀ ਦਾ ਦ੍ਰਿਸ਼ਟੀਕੋਣ - ਵਿਗਿਆਨਕ ਸੁਭਾਅ ਅਤੇ ਭਾਈਚਾਰੇ ਨਾਲ ਭਰੇ ਇੱਕ ਆਧੁਨਿਕ, ਲੋਕਤੰਤਰੀ ਭਾਰਤ ਦਾ - ਅੱਜ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਪ੍ਰਸੰਗਿਕ ਹੋ ਗਿਆ ਹੈ। ਉਨ੍ਹਾਂ ਟਿੱਪਣੀ ਕੀਤੀ ਕਿ ਰਾਜੀਵ ਗਾਂਧੀ ਨੇ ਰਾਸ਼ਟਰ ਨੂੰ ਦਿੱਤਾ ਦੂਰਦਰਸ਼ੀ ਰੋਡਮੈਪ - ਸੂਚਨਾ ਤਕਨਾਲੋਜੀ, ਨੌਜਵਾਨਾਂ ਦੀ ਭਾਗੀਦਾਰੀ, ਪੰਚਾਇਤੀ ਰਾਜ ਪ੍ਰਣਾਲੀ ਅਤੇ ਪਾਰਦਰਸ਼ੀ ਸ਼ਾਸਨ ਨੂੰ ਮਜ਼ਬੂਤ ਕਰਨ ਦੇ ਉਦੇਸ਼ ਨਾਲ - ਮੌਜੂਦਾ ਭਾਜਪਾ ਸਰਕਾਰ ਦੁਆਰਾ ਕਮਜ਼ੋਰ ਕੀਤਾ ਜਾ ਰਿਹਾ ਹੈ। ਉਨ੍ਹਾਂ ਅੱਗੇ ਕਿਹਾ ਕਿ, ਭਾਜਪਾ ਦੀਆਂ ਲੋਕ ਵਿਰੋਧੀ ਨੀਤੀਆਂ ਕਾਰਨ, ਅੱਜ ਸਮਾਜ ਵਿਵਾਦ ਅਤੇ ਬੇਰੁਜ਼ਗਾਰੀ ਨਾਲ ਗ੍ਰਸਤ ਹੈ, ਜਦੋਂ ਕਿ ਲੋਕਤੰਤਰੀ ਸੰਸਥਾਵਾਂ ਨੂੰ ਲਗਾਤਾਰ ਸਵਾਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਜਿਹੇ ਸਮੇਂ ਵਿੱਚ, ਰਾਜੀਵ ਗਾਂਧੀ ਦੇ ਵਿਚਾਰ ਦੇਸ਼ ਨੂੰ ਇੱਕਜੁੱਟ ਰੱਖਣ, ਸੰਵਿਧਾਨਕ ਕਦਰਾਂ-ਕੀਮਤਾਂ ਨੂੰ ਕਾਇਮ ਰੱਖਣ ਅਤੇ ਨੌਜਵਾਨਾਂ ਨੂੰ ਮੌਕੇ ਪ੍ਰਦਾਨ ਕਰਨ ਲਈ ਪ੍ਰੇਰਨਾ ਦਾ ਕੰਮ ਕਰਦੇ ਹਨ। ਰਾਜੀਵ ਗਾਂਧੀ ਦਾ ਦ੍ਰਿੜ ਵਿਸ਼ਵਾਸ ਸੀ ਕਿ ਭਾਰਤ ਦੀ ਅਸਲ ਤਾਕਤ ਇਸਦੀ ਵਿਭਿੰਨਤਾ, ਲੋਕਤੰਤਰ ਅਤੇ ਨੌਜਵਾਨ ਊਰਜਾ ਵਿੱਚ ਹੈ। ਸੂਬਾ ਕਾਂਗਰਸ ਪ੍ਰਧਾਨ ਨੇ ਪੁਸ਼ਟੀ ਕੀਤੀ ਕਿ ਰਾਜੀਵ ਗਾਂਧੀ ਦੇ ਵਿਚਾਰਾਂ ਅਤੇ ਸਿਧਾਂਤਾਂ ਤੋਂ ਸੇਧਿਤ ਕਾਂਗਰਸ ਪਾਰਟੀ ਸਮਾਜਿਕ ਨਿਆਂ, ਭਾਈਚਾਰਾ, ਵਿਕਾਸ ਅਤੇ ਲੋਕਤੰਤਰੀ ਕਦਰਾਂ-ਕੀਮਤਾਂ ਨੂੰ ਕਾਇਮ ਰੱਖਣ ਲਈ ਆਪਣੇ ਚੱਲ ਰਹੇ ਸੰਘਰਸ਼ ਵਿੱਚ ਅਡੋਲ ਹੈ।

ਇਸ ਮੌਕੇ ਸਾਬਕਾ ਵਿਧਾਇਕ ਜਸਬੀਰ ਮਲੌਰ; ਰਾਜੀਵ ਗਾਂਧੀ ਪੰਚਾਇਤੀ ਰਾਜ ਸੰਗਠਨ (ਹਰਿਆਣਾ) ਦੇ ਚੇਅਰਮੈਨ, ਫੌਮ ਲਾਲ; ਪੰਚਕੂਲਾ ਜ਼ਿਲ੍ਹਾ ਕਾਂਗਰਸ ਪ੍ਰਧਾਨ ਸੰਜੇ ਚੌਹਾਨ; ਮੀਡੀਆ ਇੰਚਾਰਜ ਸੰਜੀਵ ਭਾਰਦਵਾਜ; ਹਰਿਆਣਾ ਮਹਿਲਾ ਕਾਂਗਰਸ ਦੀ ਸਾਬਕਾ ਪ੍ਰਧਾਨ ਅਤੇ ਮੇਅਰ ਅਹੁਦੇ ਦੀ ਉਮੀਦਵਾਰ ਸੁਧਾ ਭਾਰਦਵਾਜ; ਭੂਪੇਂਦਰ ਸਿੰਘ ਬੂਰਾ; ਰਾਜੇਸ਼ ਕੌਨਾ; ਰਜਨੀਸ਼ ਸਿੰਗਲਾ; ਵਿਜੇ ਸ਼ਰਮਾ; ਸੁਸ਼ਮਾ ਖੰਨਾ; ਇੰਦੂ ਸ਼ਰਮਾ; ਆਰ.ਕੇ. ਕੱਕੜ; ਰਾਕੇਸ਼ ਸੌਂਧੀ; ਪ੍ਰੋ. ਸੁਲਤਾਨ ਸਿੰਘ ਢੁੱਲ; ਸੁਰਜੀਤ ਸਿੰਘ ਪੰਜੋਖਰਾ; ਅਤੇ ਸੰਜੇ ਮਲਿਕ ਵੀ ਮੌਜੂਦ ਸਨ। ਹੋਰ ਕਾਂਗਰਸੀ ਆਗੂਆਂ ਅਤੇ ਵਰਕਰਾਂ ਦੇ ਨਾਲ, ਉਨ੍ਹਾਂ ਨੇ ਰਾਜੀਵ ਗਾਂਧੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਅਤੇ ਉਨ੍ਹਾਂ ਦੇ ਆਦਰਸ਼ਾਂ ਦੇ ਨਕਸ਼ੇ-ਕਦਮਾਂ 'ਤੇ ਚੱਲਣ ਦਾ ਪ੍ਰਣ ਲਿਆ।

ਭਾਜਪਾ ਦੇ ਟਕਸਾਲੀ ਆਗੂ ਸਵ. ਰਾਜੇਸ਼ ਕੁਮਾਰ ਰਿਸ਼ੀ ਨੂੰ ਭੇਂਟ ਕੀਤੀ ਰਾਜਨੀਤਿਕ, ਸਮਾਜਿਕ, ਵਪਾਰਿਕ ਅਤੇ ਧਾਰਮਿਕ ਸੰਗਠਨਾਂ ਦੇ ਨੁਮਾਇੰਦਿਆਂ ਨੇ ਸ਼ਰਧਾਂਜਲੀ

ਲੁਧਿਆਣਾ, 21 ਮਈ ਸਰਬਜੀਤ ਸੂਫ਼ੀ- ਭਾਜਪਾ ਦੇ ਟਕਸਾਲੀ ਆਗੂ ਸਵ. ਰਾਜੇਸ਼ ਕੁਮਾਰ ਰਿਸ਼ੀ ਜੀ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਸ਼ ?ਰੀ ਗੁਰੜ ਪੁਰਾਣ ਦੇ ਪਾਠ ਦਾ ਭੋਗ ਅਤੇ ਰਸਮ ਪੱਗੜੀ ਮੌਕੇ ਰਾਜਨੀਤਿਕ, ਸਮਾਜਿਕ, ਵਪਾਰਿਕ ਅਤੇ ਧਾਰਮਿਕ ਸੰਗਠਨਾਂ ਦੇ ਪ੍ਰਤੀਨਿਧੀਆਂ ਨੇ ਸ਼ਰਧਾ ਦੇ ਫੁੱਲ ਭੇਂਟ ਕਰਦੇ ਹੋਏ ਵਿਛੜੀ ਆਤਮਾ ਦੀ ਸ਼ਾਂਤੀ ਲਈ ਅਰਦਾਸ ਕੀਤੀ। ਕਿਦਵਈ ਨਗਰ ਸਥਿਤ ਸ਼ਿਵ ਸ਼ਕਤੀ ਮੰਦਰ ਵਿੱਖੇ ਆਯੋਜਿਤ ਸ਼ੋਕ ਸਭਾ ਦੌਰਾਨ ਪਰਿਵਾਰ ਨਾਲ ਦੁੱਖ ਦੀ ਘੜੀ ਵਿੱਚ ਹਮਦਰਦੀ ਪ੍ਰਗਟ ਕਰਨ ਲਈ ਪੰਜਾਬ ਭਾਜਪਾ ਕਦੇ ਖਜਾਨਚੀ ਗੁਰਦੇਵ ਸ਼ਰਮਾ ਦੇਬੀ, ਜ਼ਿਲ੍ਹਾ ਭਾਜਪਾ ਪ੍ਰਧਾਨ ਰਜਨੀਸ਼ ਧੀਮਾਨ, ਵਿਧਾਇਕ ਅਸ਼ੋਕ ਪਰਾਸ਼ਰ ਪੱਪੀ, ਦਿਨੇਸ਼ ਸਰਪਾਲ, ਚੌਧਰੀ ਯਸ਼ਪਾਲ, ਪਰਮਿੰਦਰ ਕਾਕਾ, ਗੁਰਦੀਪ ਸਿੰਘ ਨੀਟੂ, ਗੁਰਪ੍ਰੀਤ ਸਿੰਘ ਰਾਜੂ ਬਾਬਾ, ਦੀਪਕ ਜੌਹਰ, ਰਾਜੀਵ ਸ਼ਰਮਾ, ਹਿਮਾਂਸ਼ੂ ਕਾਲੜਾ, ਅਮਿਤ ਮਿੱਤਲ, ਸੰਜੇ ਖਟਕ, ਅਭਿਸ਼ੇਕ ਸ਼ਰਮਾ, ਅਸ਼ਵਨੀ ਟੰਡਨ, ਸੁਭਾਸ਼ ਭਾਟੀਆ, ਜਸਵੰਤ ਰਾਏ ਸਲਦੀ, ਰਵੀ ਬਾਹਰੀ, ਦੁਸ਼ਯੰਤ ਧਵਨ, ਨਿਤਿਨ ਬੱਤਰਾ, ਅੰਕਿਤ ਬੱਤਰਾ, ਰਵੀ ਬੱਤਰਾ, ਗੌਰਵਜੀਤ ਸਿੰਘ ਗੋਰਾ, ਸਿਮਰਨਜੀਤ ਸਿੰਘ ਸਿਮੂ, ਪੂਨਮ ਰਤੜਾ, ਮੁਕੇਸ਼ ਖੱਤਰੀ, ਅਮਿਤ ਗੋਸਾਈਂ, ਅਮਰਜੀਤ ਸਿੰਘ ਬਿੱਟੂ, ਗਰੀਬ ਦਾਸ, ਸਤਨਾਮ ਸੇਠੀ, ਗੁਰਮੀਤ ਗੀਤਾ, ਵਿਜੇ ਖਟਕ, ਲਾਜਵਿੰਦਰ ਸਿੰਘ ਲਾਡੀ, ਲਲਿਤ ਚੌਹਾਨ, ਅਸ਼ੋਕ ਚੌਹਾਨ, ਕੇਵਲ ਕਿਸ਼ਨ ਬਾਲੀ, ਰਜਤ ਗੋਸਾਈਂ, ਰਾਜਿੰਦਰ ਬਮਨੀਆ, ਸ਼ਾਹਿਦ ਸ਼ੈਫ਼ੀ, ਅਨਿਲ ਝਾ ਸਮੇਤ ਹੋਰਾਂ ਨੇ ਵੀ ਰਿਸ਼ੀ ਜੀ ਦੇ ਸਪੁੱਤਰ ਰੋਹਿਤ ਕੁਮਾਰ ਨਾਲ ਦੁੱਖ ਸਾਂਝਾ ਕੀਤਾ।

ਮੁੱਖ ਸਕੱਤਰ ਨੇ ਵੱਖ-ਵੱਖ ਵਿਭਾਗਾਂ ਦੇ ਪ੍ਰੋਜੈਕਟਾਂ ਅਤੇ ਯੋਜਨਾਵਾਂ ਦੀ ਸਮੀਖਿਆ ਕੀਤੀ

ਚੰਡੀਗੜ੍ਹ, 21 ਮਈ, (ਦੇਸ਼ ਪ੍ਰਦੇਸ਼ ਬਿਊਰੋ)-ਯੂਟੀ ਚੰਡੀਗੜ੍ਹ ਦੇ ਮੁੱਖ ਸਕੱਤਰ ਸ਼੍ਰੀ ਐਚ. ਰਾਜੇਸ਼ ਪ੍ਰਸਾਦ ਨੇ ਅੱਜ ਜੰਗਲਾਤ ਵਿਭਾਗ, ਵਾਤਾਵਰਣ ਵਿਭਾਗ, ਵਿਗਿਆਨ ਅਤੇ ਤਕਨਾਲੋਜੀ ਅਤੇ ਨਵਿਆਉਣਯੋਗ ਊਰਜਾ ਵਿਭਾਗ (ਡੀਐਸਟੀ ਐਂਡ ਆਰਈ), ਅਤੇ ਚੰਡੀਗੜ੍ਹ ਪ੍ਰਦੂਸ਼ਣ ਕੰਟਰੋਲ ਕਮੇਟੀ (ਸੀਪੀਸੀਸੀ) ਦੁਆਰਾ ਲਾਗੂ ਕੀਤੇ ਜਾ ਰਹੇ ਵੱਖ-ਵੱਖ ਪ੍ਰੋਜੈਕਟਾਂ ਅਤੇ ਯੋਜਨਾਵਾਂ ਦੀ ਪ੍ਰਗਤੀ ਦੀ ਸਮੀਖਿਆ ਕੀਤੀ। ਸਮੀਖਿਆ ਮੀਟਿੰਗ ਵਿੱਚ ਜੰਗਲਾਤ ਸਕੱਤਰ, ਸ਼੍ਰੀ ਮਨਦੀਪ ਸਿੰਘ ਬਰਾੜ; ਜੰਗਲਾਤ ਮੁੱਖ ਸੰਰੱਖਿਅਕ-ਕਮ-ਪ੍ਰਿੰਸੀਪਲ ਮੁੱਖ ਜੰਗਲੀ ਜੀਵ ਵਾਰਡਨ, ਸ਼੍ਰੀ ਸੌਰਭ ਕੁਮਾਰ; ਵਾਤਾਵਰਣ ਵਿਭਾਗ ਦੇ ਵਧੀਕ ਨਿਰਦੇਸ਼ਕ, ਸ਼੍ਰੀ ਅਨੂਪ ਕੁਮਾਰ ਸੋਨੀ; ਅਤੇ ਵਿਗਿਆਨ ਅਤੇ ਤਕਨਾਲੋਜੀ ਅਤੇ ਨਵਿਆਉਣਯੋਗ ਊਰਜਾ ਨਿਰਦੇਸ਼ਕ, ਸ਼੍ਰੀ ਨਿਤੀਸ਼ ਸਿੰਗਲਾ, ਹੋਰ ਸੀਨੀਅਰ ਅਧਿਕਾਰੀਆਂ ਦੇ ਨਾਲ ਮੌਜੂਦ ਸਨ। ਮੀਟਿੰਗ ਦੌਰਾਨ, ਮੁੱਖ ਜੰਗਲਾਤ ਸੰਭਾਲਕਰਤਾ (ਸੀ.ਸੀ.ਐਫ.) ਨੇ ਚੰਡੀਗੜ੍ਹ ਦੇ ਜੰਗਲ ਅਤੇ ਰੁੱਖਾਂ ਦੇ ਘੇਰੇ ਬਾਰੇ ਇੱਕ ਵਿਸਤ੍ਰਿਤ ਪੇਸ਼ਕਾਰੀ ਦਿੱਤੀ, ਜਿਸ ਵਿੱਚ ਵਿਭਾਗ ਵੱਲੋਂ ਜੰਗਲਾਂ ਦੇ ਵਿਗਿਆਨਕ ਪ੍ਰਬੰਧਨ ਅਤੇ ਜੰਗਲੀ ਜੀਵਾਂ ਦੇ ਨਿਵਾਸ ਸਥਾਨਾਂ ਦੇ ਏਕੀਕ੍ਰਿਤ ਵਿਕਾਸ ਲਈ ਕੀਤੇ ਜਾ ਰਹੇ ਵੱਖ-ਵੱਖ ਉਪਰਾਲਿਆਂ ਬਾਰੇ ਜਾਣਕਾਰੀ ਦਿੱਤੀ ਗਈ। ਮੁੱਖ ਸਕੱਤਰ ਨੂੰ ਦੱਸਿਆ ਗਿਆ ਕਿ, 'ਗਰੀਨਿੰਗ ਚੰਡੀਗੜ੍ਹ ਐਕਸ਼ਨ ਪਲਾਨ 2025-26' ਦੇ ਤਹਿਤ, ਵੱਖ-ਵੱਖ ਹਰਿਆਲੀ ਏਜੰਸੀਆਂ ਅਤੇ ਹੋਰ ਹਿੱਸੇਦਾਰਾਂ ਦੁਆਰਾ 576,221 ਪੌਦਿਆਂ ਦੇ ਟੀਚੇ ਦੇ ਮੁਕਾਬਲੇ ਕੁੱਲ 664,133 ਪੌਦੇ ਲਗਾਏ ਗਏ ਸਨ; ਮਾਰਚ 2026 ਤੱਕ, ਇਨ੍ਹਾਂ ਪੌਦਿਆਂ ਦੀ ਔਸਤਨ ਬਚਾਅ ਦਰ ਲਗਭਗ 79 ਪ੍ਰਤੀਸ਼ਤ ਦਰਜ ਕੀਤੀ ਗਈ। ਜੰਗਲਾਤ ਵਿਭਾਗ ਦੇ ਸਕੱਤਰ ਸ਼੍ਰੀ ਮਨਦੀਪ ਸਿੰਘ ਬਰਾੜ ਨੇ ਦੱਸਿਆ ਕਿ ਸਾਲ 2026-27 ਲਈ ਪੌਦੇ ਲਗਾਉਣ ਦੀ ਯੋਜਨਾ ਆਪਣੇ ਅੰਤਿਮ ਪੜਾਅ 'ਤੇ ਹੈ, ਅਤੇ ਵਿਭਾਗ ਸਿਰਫ਼ ਮਾਤਰਾ 'ਤੇ ਧਿਆਨ ਕੇਂਦਰਿਤ ਕਰਨ ਦੀ ਬਜਾਏ ਗੁਣਵੱਤਾ ਵਾਲੇ ਪੌਦੇ ਲਗਾਉਣ 'ਤੇ ਵਿਸ਼ੇਸ਼ ਜ਼ੋਰ ਦੇ ਰਿਹਾ ਹੈ। ਮੁੱਖ ਸਕੱਤਰ ਨੇ ਟਿੱਪਣੀ ਕੀਤੀ ਕਿ ਖੋਜ ਅਤੇ ਵਿਕਾਸ ਯੋਜਨਾ ਦਾ ਧਿਆਨ ਨਵੀਨਤਾ ਨੂੰ ਉਤਸ਼ਾਹਿਤ ਕਰਨ, ਵਿਗਿਆਨਕ ਖੋਜ ਨੂੰ ਮਜ਼ਬੂਤ ਕਰਨ ਅਤੇ ਸਮਾਜ 'ਤੇ ਵਿਆਪਕ ਪ੍ਰਭਾਵ ਪਾਉਣ ਵਾਲੇ ਠੋਸ ਨਤੀਜਿਆਂ ਨੂੰ ਯਕੀਨੀ ਬਣਾਉਣ 'ਤੇ ਹੋਣਾ ਚਾਹੀਦਾ ਹੈ। ਉਨ੍ਹਾਂ ਅੱਗੇ ਸੁਝਾਅ ਦਿੱਤਾ ਕਿ 'ਵਿਗਿਆਨ ਦਾ ਪ੍ਰਸਿੱਧੀਕਰਨ' ਪ੍ਰੋਗਰਾਮ ਦਾ ਵਿਸਤਾਰ ਅਤੇ ਈਕੋ-ਕਲੱਬ ਗਤੀਵਿਧੀਆਂ ਨਾਲ ਜੋੜਿਆ ਜਾ ਸਕਦਾ ਹੈ। ਅੰਤ ਵਿੱਚ, ਉਨ੍ਹਾਂ ਵਿਭਾਗ ਨੂੰ ਸਾਰੇ ਲੰਬਿਤ ਪ੍ਰੋਜੈਕਟਾਂ ਨੂੰ ਤਿੰਨ ਮਹੀਨਿਆਂ ਦੇ ਅੰਦਰ ਪੂਰਾ ਕਰਨ ਦੇ ਨਿਰਦੇਸ਼ ਦਿੱਤੇ।

ਸ਼੍ਰੋਮਣੀ ਅਕਾਲੀ ਦਲ ਵੱਲੋਂ ਨਗਰ ਕੌਂਸਲ ਕੁਰਾਲੀ ਦੇ ਵਾਰਡ ਨੰਬਰ 12 ਤੋਂ ਚੋਣ ਲੜ ਰਹੇ ਉਮੀਦਵਾਰ ਮਨਜੀਤ ਸਿੰਘ ਮਹਿਤੋਂ ਦੇ ਚੋਣ ਦਫ਼ਤਰ ਦਾ ਉਦਘਾਟਨ ਕਰਦੇ ਹੋਏ ਜਥੇਦਾਰ ਅਜਮੇਰ ਸਿੰਘ ਖੇੜਾ ਅਤੇ ਹੋਰ। **ਤਸਵੀਰ ਅਤੇ ਵੇਰਵਾ: ਪ੍ਰਭਦੀਪ ਸਿੰਘ ਸੋਢੀ ਕੁਰਾਲੀ**

ਚੰਡੀਗੜ੍ਹ ਦੇ ਮੁੱਖ ਚੋਣ ਅਧਿਕਾਰੀ ਨੇ ਵੋਟਰ ਸੂਚੀਆਂ ਦੀ ਵਿਸ਼ੇਸ਼ ਤੀਬਰ ਸੋਧ ਦੀਆਂ ਤਿਆਰੀਆਂ ਦੀ ਸਮੀਖਿਆ ਕੀਤੀ

ਚੰਡੀਗੜ੍ਹ, 21 ਮਈ, (ਦੇਸ਼ ਪ੍ਰਦੇਸ਼ ਬਿਊਰੋ)- ਭਾਰਤ ਦੇ ਚੋਣ ਕਮਿਸ਼ਨ ਵੱਲੋਂ 14 ਮਈ, 2026 ਨੂੰ ਚੰਡੀਗੜ੍ਹ ਵਿੱਚ ਵੋਟਰ ਸੂਚੀਆਂ ਦੀ ਵਿਸ਼ੇਸ਼ ਤੀਬਰ ਸੋਧ ਦੇ ਤੀਜੇ ਪੜਾਅ ਦੇ ਸ਼ਡਿਊਲ ਦੇ ਐਲਾਨ ਤੋਂ ਬਾਅਦ, 21 ਮਈ, 2026 ਨੂੰ ਇੱਕ ਮੀਟਿੰਗ ਬੁਲਾਈ ਗਈ। ਮੁੱਖ ਚੋਣ ਅਧਿਕਾਰੀ, ਯੂ.ਟੀ. ਚੰਡੀਗੜ੍ਹ, ਪ੍ਰੇਰਨਾ ਪੁਰੀ ਦੀ ਪ੍ਰਧਾਨਗੀ ਹੇਠ, ਇਹ ਮੀਟਿੰਗ ਅਭਿਆਸ ਦੀਆਂ ਤਿਆਰੀਆਂ ਅਤੇ ਤਾਲਮੇਲ ਯਤਨਾਂ ਦੀ ਸਮੀਖਿਆ ਕਰਨ ਲਈ ਆਯੋਜਿਤ ਕੀਤੀ ਗਈ। ਮੀਟਿੰਗ ਦੇ ਸ਼ੁਰੂ ਵਿੱਚ, ਮੁੱਖ ਚੋਣ ਅਧਿਕਾਰੀ ਨੇ ਅਧਿਕਾਰੀਆਂ ਨੂੰ ਪ੍ਰੋਗਰਾਮ ਸੰਬੰਧੀ ਜਾਣਕਾਰੀ ਦੇ ਵਿਆਪਕ ਪ੍ਰਚਾਰ ਅਤੇ ਪ੍ਰਸਾਰ ਨੂੰ ਯਕੀਨੀ ਬਣਾਉਣ, ਰਾਜਨੀਤਿਕ ਪਾਰਟੀਆਂ ਨਾਲ ਮੀਟਿੰਗਾਂ ਦਾ ਆਯੋਜਨ ਕਰਨ ਅਤੇ ਸਾਰੇ ਸਬੰਧਤ ਹਿੱਸੇਦਾਰਾਂ ਨਾਲ ਤਾਲਮੇਲ ਬਣਾਈ ਰੱਖਣ ਦੇ ਨਿਰਦੇਸ਼ ਦਿੱਤੇ। ਇਸ ਤੋਂ ਬਾਅਦ, ਵੋਟਰ ਸੂਚੀਆਂ ਦੀ ਵਿਸ਼ੇਸ਼ ਤੀਬਰ ਸੋਧ ਵਿੱਚ ਸ਼ਾਮਲ ਅਧਿਕਾਰੀਆਂ ਦੀਆਂ ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ ਬਾਰੇ ਵਿਸਤ੍ਰਿਤ ਚਰਚਾ ਕੀਤੀ ਗਈ। ਜ਼ਿਲ੍ਹਾ ਚੋਣ ਅਫ਼ਸਰ ਨੂੰ 14 ਜੁਲਾਈ, 2026 ਤੱਕ ਪੋਲਿੰਗ ਸਟੇਸ਼ਨਾਂ ਦੇ ਰੈਸ਼ਨੇਲਾਈਜੇਸ਼ਨ ਦੀ ਪ੍ਰਕਿਰਿਆ ਪੂਰੀ ਕਰਨ ਦਾ ਨਿਰਦੇਸ਼ ਦਿੱਤਾ ਗਿਆ ਸੀ। ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰਾਂ ਨੂੰ ਰਾਜਨੀਤਿਕ ਪਾਰਟੀਆਂ ਅਤੇ ਬੂਥ ਲੈਵਲ ਏਜੰਟਾਂਨਾਲ ਮੀਟਿੰਗਾਂ ਕਰਨ, ਦਾਅਵਿਆਂ ਅਤੇ ਇਤਰਾਜ਼ਾਂ ਦੀ ਨਿਗਰਾਨੀ ਕਰਨ ਅਤੇ ਪਾਰਦਰਸ਼ਤਾ ਨੂੰ ਯਕੀਨੀ ਬਣਾਉਣ ਲਈ ਫੀਲਡ ਸਟਾਫ਼ ਦੀ ਨਿਗਰਾਨੀ ਕਰਨ ਦੇ ਨਿਰਦੇਸ਼ ਦਿੱਤੇ ਗਏ ਸਨ।

ਵਾਤਾਵਰਣ ਸਥਿਰਤਾ ਅਤੇ ਸ਼ਹਿਰੀ ਪਰਿਵਰਤਨ ਵੱਲ ਇੱਕ ਵੱਡਾ ਕਦਮ, ਚੰਡੀਗੜ੍ਹ ਦੇ ਮੇਅਰ ਸੌਰਭ ਜੋਸ਼ੀ ਅਤੇ ਕੇਂਦਰੀ ਵਾਤਾਵਰਣ ਮੰਤਰੀ ਭੂਪੇਂਦਰ ਯਾਦਵ ਵਿਚਕਾਰ ਹੋਈ ਵਿਚਾਰ-ਵਟਾਂਦਰੇ ਵਿੱਚ ਸ਼ਹਿਰ ਲਈ ਹਰੀ ਪਹਿਲਕਦਮੀਆਂ, ਪ੍ਰਦੂਸ਼ਣ ਨਿਯੰਤਰਣ, ਸੁੰਦਰੀਕਰਨ ਪ੍ਰੋਜੈਕਟਾਂ ਅਤੇ ਵਿਗਿਆਨਕ ਰਹਿੰਦ-ਖੂੰਹਦ ਪ੍ਰਬੰਧਨ ਪ੍ਰਣਾਲੀਆਂ ਨੂੰ ਮਜ਼ਬੂਤ ਕਰਨ 'ਤੇ ਕੇਂਦ੍ਰਿਤ ਕੀਤਾ ਗਿਆ, ਜੋ ਕਿ ਇੱਕ ਸਾਫ਼, ਹਰਾ ਅਤੇ ਵਾਤਾਵਰਣ ਪ੍ਰਤੀ ਜ਼ਿੰਮੇਵਾਰ ਭਵਿੱਖ ਬਣਾਉਣ ਪ੍ਰਤੀ ਚੰਡੀਗੜ੍ਹ ਦੀ ਵਚਨਬੱਧਤਾ ਦੀ ਪੁਸ਼ਟੀ ਕਰਦਾ ਹੈ।

ਟਾਟਾ ਏਆਈਏ ਲਾਈਫ ਇੰਸ਼ੋਰੈਂਸ ਨੇ ਡਿਵੀਡੈਂਡ ਲੀਡਰਸ ਇੰਡੈਕਸ ਪੈਨਸ਼ਨ ਫੰਡ ਲਾਂਚ ਕੀਤਾ

ਲੁਧਿਆਣਾ: ਰਿਟਾਇਰਮੈਂਟ ਯੋਜਨਾਬੰਦੀ ਇਹ ਯਕੀਨੀ ਬਣਾਉਣ ਬਾਰੇ ਹੈ ਕਿ ਤੁਹਾਡੇ ਪੈਸੇ ਕੰਮਕਰਨਾ ਬੰਦ ਕਰਨ ਤੋਂ ਬਾਅਦ ਵੀ ਕੰਮ ਕਰਦੇ ਰਹਿਣ। ਇਸ ਲੋੜ ਨੂੰ ਪੂਰਾ ਕਰਦੇ ਹੋਏ, ਟਾਟਾਏਆਈਏ ਲਾਈਫ ਇੰਸ਼ੋਰੈਂਸ ਨੇ ਟਾਟਾ ਏਆਈਏ ਡਿਵੀਡੈਂਡ ਲੀਡਰਸ ਇੰਡੈਕਸ ਪੈਨਸ਼ਨ ਫੰਡਲਾਂਚ ਕੀਤਾ ਹੈ, ਜੋ ਕਿ ਭਾਰਤ ਦੀਆਂ ਪ੍ਰਮੁੱਖ ਡਿਵੀਡੈਂਡ-ਭੁਗਤਾਨ ਕਰਨ ਵਾਲੀਆਂ ਕੰਪਨੀਆਂਰਾਹੀਂ ਉਪਭੋਗਤਾਵਾਂ ਨੂੰ ਲੰਬੇ ਸਮੇਂ ਦੀ ਰਿਟਾਇਰਮੈਂਟ ਦੌਲਤ ਬਣਾਉਣ ਵਿੱਚ ਮਦਦ ਕਰਨ ਲਈਤਿਆਰ ਕੀਤਾ ਗਿਆ ਹੈ। ਇਹ ਫੰਡ ਬਾਜ਼ਾਰ ਨਾਲ ਜੁੜੇ ਨਿਵੇਸ਼ਾਂ ਦੀ ਵਿਕਾਸ ਸੰਭਾਵਨਾ ਨੂੰਜੀਵਨ ਬੀਮਾ ਸੁਰੱਖਿਆ ਦੇ ਵਾਧੂ ਭਰੋਸੇ ਨਾਲ ਜੋੜਦਾ ਹੈ, ਵਿੱਤੀ ਤੌਰ 'ਤੇ ਮਜ਼ਬੂਤ ਅਤੇ ਇਕਸਾਰਕਾਰੋਬਾਰਾਂ ਰਾਹੀਂ ਰਿਟਾਇਰਮੈਂਟ ਯੋਜਨਾਬੰਦੀ ਲਈ ਇੱਕ ਅਨੁਸ਼ਾਸਿਤ ਪਹੁੰਚ ਦੀ ਪੇਸ਼ਕਸ਼ ਕਰਦਾਹੈ। ਇਹ ਫੰਡ ਭਾਰਤ ਦੀਆਂ 50 ਸਭ ਤੋਂ ਇਕਸਾਰ ਲਾਭਅੰਸ਼-ਭੁਗਤਾਨ ਕਰਨ ਵਾਲੀਆਂ ਕੰਪਨੀਆਂਵਿੱਚ ਨਿਵੇਸ਼ ਕਰਦਾ ਹੈ ਜਿਨ੍ਹਾਂ ਨੇ ਕਈ ਬਾਜ਼ਾਰ ਚੱਕਰਾਂ ਰਾਹੀਂ ਸ਼ੇਅਰਧਾਰਕਾਂ ਨੂੰ ਇਨਾਮ ਦਿੱਤਾਹੈ। ਇਹ ਇੱਕ ਪੈਸਿਵ ਨਿਵੇਸ਼ ਪਹੁੰਚ ਦੀ ਪਾਲਣਾ ਕਰਦਾ ਹੈ ਅਤੇ ਆਈਆਰਡੀਏਆਈ ਨਿਯਮਾਂ ਦੇਅਨੁਸਾਰ, ਬੀਐਸਈ 500 ਡਿਵੀਡੈਂਡ ਲੀਡਰਸ 50 ਇੰਡੈਕਸ ਨੂੰ ਟਰੈਕ ਕਰਦਾ ਹੈ। ਪੋਰਟਫੋਲੀਓਕੇਂਦਰਿਤ ਜਾਂ ਸੱਟੇਬਾਜ਼ੀ ਦੇ ਮੌਕਿਆਂ ਦੀ ਬਜਾਏ ਸਥਾਪਿਤ ਬਾਜ਼ਾਰ ਨੇਤਾਵਾਂ 'ਤੇ ਕੇਂਦ੍ਰਤ ਕਰਦਾ ਹੈ। ਜਿਵੇਂ ਕਿ ਇਹ ਕੰਪਨੀਆਂ ਲਾਭਅੰਸ਼ ਪੈਦਾ ਕਰਦੀਆਂ ਹਨ, ਫੰਡ ਉਸ ਆਮਦਨ ਨੂੰ ਵੱਖਰੇ ਤੌਰ 'ਤੇਭੁਗਤਾਨ ਕਰਨ ਦੀ ਬਜਾਏ ਪੋਰਟਫੋਲੀਓ ਵਿੱਚ ਦੁਬਾਰਾ ਨਿਵੇਸ਼ ਕਰਦਾ ਹੈ। ਸਮੇਂ ਦੇ ਨਾਲ, ਇਹਪੂੰਜੀ ਪ੍ਰਸ਼ੰਸਾ ਅਤੇ ਮੁੜ ਨਿਵੇਸ਼ ਕੀਤੀ ਕਮਾਈ ਦੋਵਾਂ ਨੂੰ ਰਿਟਾਇਰਮੈਂਟ ਕਾਰਪਸ ਬਣਾਉਣ ਵਿੱਚਯੋਗਦਾਨ ਪਾਉਣ ਦੀ ਆਗਿਆ ਦੇ ਕੇ ਲੰਬੇ ਸਮੇਂ ਦੀ ਦੌਲਤ ਸਿਰਜਣਾ ਨੂੰ ਵਧਾ ਸਕਦਾ ਹੈ।

ਅੰਮ੍ਰਿਤਸਰ ਦੇ ਮਸ਼ਹੂਰ ਖਾਣ-ਪੀਣ ਦੀਆਂ ਦੁਕਾਨਾਂ ਅਤੇ ਨੇਬਰਹੁੱਡ ਸਟੋਰ ਵਧ ਰਹੇ ਹਨ, ਕੋਕਾ-ਕੋਲਾ ਇੰਡੀਆ ਅਤੇ ਕੰਧਾਰੀ ਗਲੋਬਲ ਬੇਵਰੇਜ ਪ੍ਰਾਈਵੇਟ ਲਿਮਟਿਡ ਦੇ ਨਾਲ

ਅੰਮ੍ਰਿਤਸਰ — ਅੰਮ੍ਰਿਤਸਰ ਵਿੱਚ, ਭੋਜਨ ਕਦੇ ਵੀ ਸਿਰਫ਼ ਭੋਜਨ ਨਹੀਂ ਹੁੰਦਾ। ਇਸ ਤਰ੍ਹਾਂ ਸ਼ਹਿਰ ਅਜਨਬੀਆਂ ਦਾ ਸਵਾਗਤ ਕਰਦਾ ਹੈ, ਪਰਿਵਾਰ ਨਾਲ ਜਸ਼ਨ ਮਨਾਉਂਦਾ ਹੈ, ਅਤੇ ਆਂਢ-ਗੁਆਂਢ ਦੀ ਭਾਵਨਾ ਨੂੰ ਇਕੱਠਾ ਰੱਖਦਾ ਹੈ । ਇਸ ਸ਼ਹਿਰ ਵਿੱਚ ਫੈਲੇ ਰੈਸਟੋਰੈਂਟ, ਕਰਿਆਨਾ ਸਟੋਰ ਅਤੇ ਫੂਡ ਕਾਰਨਰ ਸਿਰਫ਼ ਕਾਰੋਬਾਰ ਨਹੀਂ ਹਨ, ਉਹ ਇਕੱਠੇ ਹੋਣ ਵਾਲੀਆਂ ਥਾਵਾਂ ਹਨ, ਭਾਈਚਾਰੇ ਦੇ ਲੰਗਰ ਹਨ, ਅਤੇ ਯਾਦਾਂ ਦੇ ਰੱਖਿਅਕ ਹਨ। ਕੋਕਾ-ਕੋਲਾ ਇੰਡੀਆ , ਬੋਤਲਿੰਗ ਸਾਥੀ ਕੰਧਾਰੀ ਗਲੋਬਲ ਬੇਵਰੇਜ ਪ੍ਰਾਈਵੇਟ ਲਿਮਟਿਡ ਦੇ ਨਾਲ , ਇਹਨਾਂ ਕਾਰੋਬਾਰਾਂ ਦੇ ਨਾਲ ਖੜ੍ਹਾ ਹੈ, ਬੁਨਿਆਦੀ ਢਾਂਚੇ ਅਤੇ ਸਾਧਨਾਂ ਵਿੱਚ ਨਿਵੇਸ਼ ਕਰਦਾ ਹੈ ਜੋ ਉਹਨਾਂ ਨੂੰ ਵਧਣ-ਫੁੱਲਣ ਵਿੱਚ ਮਦਦ ਕਰਦੇ ਹਨ, ਇਸ ਲਈ ਉਹ ਜੋ ਪਲ ਆਪਣੇ ਗਾਹਕਾਂ ਲਈ ਬਣਾਉਂਦੇ ਹਨ ਉਹ ਹਮੇਸ਼ਾ ਵਾਂਗ ਨਿੱਘੇ ਰਹਿੰਦੇ ਹਨ। ਅੰਮ੍ਰਿਤਸਰ ਦੇ ਹੌਟਸਪੌਟਸ ਵਿੱਚ, ਕੋਕਾ-ਕੋਲਾ ਕੂਲਰ ਇਹ ਯਕੀਨੀ ਬਣਾਉਂਦੇ ਹਨ ਕਿ ਪੀਣ ਵਾਲੇ ਪਦਾਰਥ ਹਮੇਸ਼ਾ ਉਪਲਬਧ ਹੋਣ ਅਤੇ ਸਾਂਝੇ ਕਰਨ ਲਈ ਹਮੇਸ਼ਾ ਤਿਆਰ ਰਹਿਣ, ਗਾਹਕਾਂ ਲਈ ਅਨੁਭਵ ਨੂੰ ਵਧਾਉਂਦੇ ਹਨ ਅਤੇ ਉਹਨਾਂ ਦੀ ਸੇਵਾ ਕਰਨ ਵਾਲੇ ਕਾਰੋਬਾਰਾਂ ਲਈ ਨਵੇਂ ਮੌਕੇ ਪੈਦਾ ਕਰਦੇ ਹਨ। ਕੋਕਾ-ਕੋਲਾ ਇੰਡੀਆ ਅਤੇ ਦੱਖਣ-ਪੱਛਮੀ ਏਸ਼ੀਆ ਦੇ ਉਪ-ਪ੍ਰਧਾਨ, ਸੰਦੀਪ ਬਜੋਰੀਆ ਨੇ ਕਿਹਾ, "ਸਾਡਾ ਦ੍ਰਿਸ਼ਟੀਕੋਣ ਹਮੇਸ਼ਾ ਆਪਣੇ ਪੀਣ ਵਾਲੇ ਪਦਾਰਥਾਂ ਨੂੰ ਇੱਛਾ ਦੀ ਪਹੁੰਚ 'ਤੇ ਰੱਖਣਾ ਰਿਹਾ ਹੈ, ਜਿਸਦਾ ਅਰਥ ਹੈ ਕਿ ਇਸ ਸ਼ਹਿਰ ਦੇ ਸਥਾਨਕ ਕਾਰੋਬਾਰਾਂ ਅਤੇ ਪ੍ਰਚੂਨ ਭਾਈਚਾਰਿਆਂ ਨੂੰ ਸਮਰੱਥ ਬਣਾਉਣਾ। ਕੰਧਾਰੀ ਗਲੋਬਲ ਬੇਵਰੇਜਿਜ਼ ਪ੍ਰਾਈਵੇਟ ਲਿਮਟਿਡ ਦੇ ਨਾਲ ਮਿਲ ਕੇ, ਅਸੀਂ ਉਨ੍ਹਾਂ ਨੂੰ ਕੂਲਿੰਗ ਬੁਨਿਆਦੀ ਢਾਂਚੇ, ਡਿਜੀਟਲ ਸਮਰੱਥਾਵਾਂ ਅਤੇ ਵਿਸ਼ਵਾਸ ਨਾਲ ਵਧਣ ਲਈ ਵਪਾਰ ਸਹਾਇਤਾ ਨਾਲ ਲੈਸ ਕਰ ਰਹੇ ਹਾਂ। ਇੱਕ ਮਜ਼ਬੂਤ ਪ੍ਰਚੂਨ ਨੈੱਟਵਰਕ ਦਾ ਅਰਥ ਹੈ ਮਜ਼ਬੂਤ ਰੋਜ਼ੀ-ਰੋਟੀ, ਮਜ਼ਬੂਤ ਭਾਈਚਾਰੇ ਅਤੇ ਇੱਕ ਮਜ਼ਬੂਤ ਸਥਾਨਕ ਅਰਥਵਿਵਸਥਾ, ਅਤੇ ਇਹ ਬਿਲਕੁਲ ਉਸੇ ਤਰ੍ਹਾਂ ਦੀ ਭਾਈਵਾਲੀ ਹੈ ਜੋ ਅਸੀਂ ਬਣਾ ਰਹੇ ਹਾਂ।

ਸੰਪਾਦਕੀ

ਸੰਕਟ ਤੋਂ ਪਹਿਲਾਂ ਸਬਕ

ਕੋਰੋਨਾ ਕਾਲ ਦੇ ਦਿਨ ਸ਼ਾਇਦ ਹੀ ਕਿਸੇ ਨੂੰ ਭੁੱਲੇ ਹੋਣ। ਪਹਿਲਾਂ ਇੱਕਾ-ਦੁੱਕਾ ਰੋਕਾਂ ਲਾ ਕੇ ਮਾਹੌਲ ਬਣਾਇਆ ਗਿਆ ਤੇ ਇਸ ਮਗਰੋਂ ਮੁਕੰਮਲ ਤਾਲਾਬੰਦੀ ਕੀਤੀ ਗਈ ਸੀ। ਦੇਸ਼ ਦੇ ਵਸਨੀਕਾਂ ਨੂੰ ਆਉਣ ਵਾਲੇ ਖ਼ਤਰਿਆਂ ਤੋਂ ਬਚਾਉਣਾ ਇਸ ਦਾ ਮਕਸਦ ਸੀ। ਹੁਣ ਈਰਾਨ ਨਾਲ ਅਮਰੀਕਾ-ਇਜ਼ਰਾਈਲ ਦੀ ਜੰਗ ਕਾਰਨ ਆਲਮੀ ਪੱਧਰ 'ਤੇ ਸੰਕਟ ਤੇ ਤਣਾਅ ਵਾਲੇ ਹਾਲਾਤ ਬਣ ਰਹੇ ਹਨ। ਲੋਕਾਂ ਨੂੰ ਪੈਟਰੋਲ-ਡੀਜ਼ਲ ਤੇ ਘਰੇਲੂ ਗੈਸ ਦੀ ਕਿੱਲਤ ਨਾਲ ਜੂਝਣਾ ਪੈ ਰਿਹਾ ਹੈ। ਤਕਰੀਬਨ ਸਾਰੇ ਮੁਲਕ ਮੌਜੂਦਾ ਆਲਮੀ ਹਾਲਾਤ ਦਾ ਟਾਕਰਾ ਕਰਨ ਲਈ ਆਪਣੇ ਲੋਕਾਂ ਨੂੰ ਤਿਆਰ ਰਹਿਣ ਦੀਆਂ ਅਪੀਲਾਂ ਕਰ ਰਹੇ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਆਪਣੀਆਂ ਹੁਣ ਤੱਕ ਦੀਆਂ ਅਪੀਲਾਂ 'ਚ ਇਸ ਗੱਲ ਦੇ ਸੰਕੇਤ ਦੇ ਚੁੱਕੇ ਹਨ ਕਿ ਸਾਰਿਆਂ ਨੂੰ ਆਉਣ ਵਾਲੇ ਸੰਕਟਕਾਲੀ ਹਾਲਾਤ ਨਾਲ ਲੜਨ ਲਈ ਤਿਆਰ-ਬਰ-ਤਿਆਰ ਰਹਿਣਾ ਚਾਹੀਦਾ ਹੈ। ਪਿਛਲੇ ਦਿਨੀਂ ਚੰਡੀਗੜ੍ਹ ਦੇ ਪ੍ਰਸ਼ਾਸਕ ਤੇ ਪੰਜਾਬ ਦੇ ਗਵਰਨਰ ਗੁਲਾਬ ਚੰਦ ਕਟਾਰੀਆ ਵੱਲੋਂ ਐਲਾਨੇ ਗਏ 'ਨੋ-ਵਹੀਕਲ ਡੇਅ' ਦੇ ਸਾਰਥਕ ਨਤੀਜੇ ਦੇਖਣ ਨੂੰ ਮਿਲੇ ਹਨ। ਤਕਰੀਬਨ ਸਾਰੇ ਵਿਭਾਗਾਂ ਦੇ ਮੁਖੀਆਂ ਨੇ ਇਸ ਪਹਿਲ ਨੂੰ ਖਿੜੇ ਮੱਥੇ ਲਿਆ। ਹਾਲਾਂਕਿ ਇਹ ਅਪੀਲ ਸੀ ਕਿ ਸਾਰੇ ਹੀ ਅਧਿਕਾਰੀ ਤੇ ਕਰਮਚਾਰੀ ਸਵੈ-ਇੱਛਾ ਨਾਲ ਸਾਈਕਲ, ਪੈਦਲ ਜਾਂ ਜਨਤਕ ਟਰਾਂਸਪੋਰਟ ਦੀ ਵਰਤੋਂ ਕਰ ਕੇ ਦਫ਼ਤਰ ਆਉਣ। ਚੰਡੀਗੜ੍ਹ ਅਜਿਹੀਆਂ ਪਹਿਲਕਦਮੀਆਂ ਕਰਨ 'ਚ ਇਸ ਵੇਲੇ ਪੰਜਾਬ ਨਾਲੋਂ ਬਾਜ਼ੀ ਮਾਰ ਰਿਹਾ ਹੈ। ਗੱਡੀਆਂ 'ਚ ਨਾਪ-ਤੋਲ ਕੇ ਡੀਜ਼ਲ-ਪੈਟਰੋਲ ਪਾਇਆ ਜਾ ਰਿਹਾ ਹੈ। ਅਧਿਕਾਰੀਆਂ, ਕਰਮਚਾਰੀਆਂ ਨੂੰ ਦਫ਼ਤਰਾਂ ਤੱਕ ਪਹੁੰਚਾਉਣ ਲਈ ਸੀਟੀਯੂ ਵੱਲੋਂ ਖ਼ਾਸ ਰੂਟਾਂ 'ਤੇ ਬੱਸ ਸੇਵਾ ਦੀ ਸ਼ੁਰੂਆਤ ਕੀਤੀ ਗਈ ਹੈ। ਇਸ ਦਾ ਇੱਕੋ ਮਕਸਦ ਹੈ ਕਿ ਜੇਕਰ ਆਉਣ ਵਾਲੇ ਦਿਨਾਂ 'ਚ ਡੀਜ਼ਲ-ਪੈਟਰੋਲ ਦੀ ਕਿੱਲਤ ਵਾਲੀ ਸਥਿਤੀ ਬਣਦੀ ਹੈ ਤਾਂ ਘੱਟੋ-ਘੱਟ ਅਧਿਕਾਰੀ-ਕਰਮਚਾਰੀ ਪੱਧਰ ਦਾ ਅਮਲਾ-ਫੈਲਾ ਇਸ ਲਈ ਤਿਆਰ ਰਹੇ। ਹਾਲਾਂਕਿ ਇਹ ਐਲਾਨ ਆਮ ਨਾਗਰਿਕਾਂ 'ਤੇ ਵੀ ਓਨੀ ਹੀ ਗੰਭੀਰਤਾ ਨਾਲ ਲਾਗੂ ਹੁੰਦਾ ਹੈ ਜਿੰਨਾ ਅਫ਼ਸਰਾਂ 'ਤੇ ਪਰ ਸਵਾਲ ਉੱਠਦਾ ਹੈ ਕਿ ਚੰਡੀਗੜ੍ਹ ਵਾਂਗ ਅਜਿਹੀ ਪਹਿਲਕਦਮੀ ਕਰਨ ਲਈ ਪੰਜਾਬ ਦਾ ਪ੍ਰਸ਼ਾਸਨਿਕ ਢਾਂਚਾ ਕਿਉਂ ਪੱਛੜ ਰਿਹਾ ਹੈ ? ਆਲਮੀ ਪੱਧਰ ਦੇ ਤਣਾਅ ਵਿਚਾਲੇ ਜੇਕਰ ਤੇਲ ਦੀ ਕਮੀ ਵਰਗੇ ਹਾਲਾਤ ਪੈਦਾ ਹੁੰਦੇ ਹਨ ਤਾਂ ਪੰਜਾਬ ਦੇ ਲੋਕਾਂ ਨੂੰ ਵੀ ਓਨਾ ਹੀ ਸੇਕ ਲੱਗਣਾ ਹੈ ਜਿੰਨਾ ਦੂਜੇ ਸੂਬਿਆਂ ਨੂੰ। ਕੀ ਪੰਜਾਬ ਦੀ ਰਹਿਬਰੀ ਕਰਨ ਵਾਲੇ ਇਸ ਗੱਲ ਦੀ ਉਡੀਕ 'ਚ ਹਨ ਕਿ ਪਾਣੀ ਸਿਰੋਂ ਟੱਪ ਜਾਵੇ। ਕੀ ਪੰਜਾਬ ਅਜਿਹੇ ਮਾਡਲ ਨਹੀਂ ਪੇਸ਼ ਕਰ ਸਕਦਾ ਜਿਨ੍ਹਾਂ ਰਾਹੀਂ ਭਵਿੱਖ 'ਚ ਪੈਦਾ ਹੋਣ ਵਾਲੀਆਂ ਪਰੇਸ਼ਾਨੀਆਂ ਦੇ ਹੱਲ ਲਈ ਪਹਿਲਾਂ ਤੋਂ ਹੀ ਤਿਆਰੀ ਵਿੱਢੀ ਜਾ ਸਕੇ। ਸੰਕਟ ਤੋਂ ਪਹਿਲਾਂ ਸਬਕ ਲੈਣ ਲਈ ਅਧਿਕਾਰੀਆਂ, ਕਰਮਚਾਰੀਆਂ ਤੇ ਸਰਕਾਰ ਦੇ ਨੁਮਾਇੰਦਿਆਂ ਨੂੰ ਘੱਟੋ-ਘੱਟ ਗੁਆਂਢ ਤੋਂ ਹੀ ਅਜਿਹੇ ਓਹੜ-ਪੋਹੜ ਸਿੱਖ ਲੈਣੇ ਚਾਹੀਦੇ ਹਨ। ਦਰਅਸਲ, ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਕੀਤੀ ਗਈ ਇਸ ਪਹਿਲਕਦਮੀ ਦਾ ਇੱਕੋ-ਇੱਕੋ ਮਕਸਦ ਡੀਜ਼ਲ-ਪੈਟਰੋਲ ਦੀ ਕਿਸੇ ਨਾ ਕਿਸੇ ਤਰੀਕੇ ਬੱਚਤ ਕਰਨਾ ਹੈ। ਦੂਜੇ ਪਾਸੇ ਪ੍ਰਸ਼ਾਸਨ ਦੇ ਨਾਲ-ਨਾਲ ਲੋਕਾਂ ਦਾ ਵੀ ਇਖ਼ਲਾਕੀ ਫ਼ਰਜ਼ ਹੈ ਕਿ ਉਹ ਸਰਕਾਰ ਦੇ ਅਜਿਹੇ ਉਪਰਾਲਿਆਂ ਨੂੰ ਹਾਂ-ਪੱਖੀ ਤਰੀਕੇ ਨਾਲ ਦੇਖਣ। ਸੰਕਟ ਦੀ ਸਥਿਤੀ ਭਾਂਪ ਕੇ ਸਮਝਦਾਰੀ ਇਸੇ 'ਚ ਹੈ ਕਿ ਪਹਿਲਾਂ ਹੀ ਤਿਆਰੀ ਰੱਖੀ ਜਾਵੇ। ਇਹ ਸਾਂਝੇ ਯਤਨਾਂ ਤੋਂ ਬਗ਼ੈਰ ਨਹੀਂ ਹੋ ਸਕਦਾ। ਹੁਣ ਇਹ ਤੱਥ ਗੁੱਝਾ ਨਹੀਂ ਰਿਹਾ ਹੈ ਕਿ ਆਲਮੀ ਪੱਧਰ ਦੀਆਂ ਗੜਬੜੀਆਂ ਕਿਵੇਂ ਦੂਜੇ ਮੁਲਕਾਂ ਦੇ ਸ਼ਹਿਰਾਂ ਅਤੇ ਕਸਬਿਆਂ ਤੱਕ ਡੂੰਘਾ ਅਸਰ ਕਰਦੀਆਂ ਹਨ। ਪਿਛਲੇ ਦਿਨੀਂ ਗੈਸ ਦੀ ਕਿੱਲਤ ਨੇ ਵੀ ਇਕ ਤਰ੍ਹਾਂ ਨਾਲ ਇਹ ਸਬਕ ਸਾਰਿਆਂ ਨੂੰ ਸਿਖਾ ਦਿੱਤਾ ਹੈ ਕਿ ਭਵਿੱਖ ਦੀਆਂ ਪਰੇਸ਼ਾਨੀਆਂ ਨਾਲ ਹੁਣ ਰਚਨਾਤਮਕ ਤਰੀਕੇ ਨਾਲ ਤਿਆਰੀ ਕਰ ਕੇ ਹੀ ਲੜਿਆ ਜਾ ਸਕਦਾ ਹੈ।

ਆਜ਼ਾਦ ਟੈਕਸੀ ਯੂਨੀਅਨ ਦੀ ਵੱਡੀ ਜਿੱਤ : ਟਰਾਂਸਪੋਰਟ ਵਿਭਾਗ ਨਾਲ ਮੀਟਿੰਗ ਦੌਰਾਨ ਮੁੱਖ ਮੰਗਾਂ 'ਤੇ ਬਣੀ ਸਹਿਮਤੀ

ਨੂਰਪੁਰ ਬੇਦੀ, 21 ਮਈ (ਮਨਦੀਪ ਬਾਲੀ): ਪੰਜਾਬ ਦੇ ਟੈਕਸੀ ਮਾਲਕਾਂ ਅਤੇ ਚਾਲਕਾਂ ਦੇ ਹੱਕਾਂ ਲਈ ਸੰਘਰਸ਼ ਕਰ ਰਹੀ ਆਜ਼ਾਦ ਟੈਕਸੀ ਯੂਨੀਅਨ (ਪੰਜਾਬ) R. No. 32(2017) ਦੇ ਵਫਦ ਨੇ ਅੱਜ ਟਰਾਂਸਪੋਰਟ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨਾਲ ਅਹਿਮ ਮੀਟਿੰਗ ਕਰਕੇ ਟੈਕਸੀ ਆਪਰੇਟਰਾਂ ਦੀਆਂ ਸਮੱਸਿਆਵਾਂ ਸਬੰਧੀ ਮੰਗ ਪੱਤਰ ਸੌਂਪਿਆ। ਵਿਭਾਗੀ ਅਧਿਕਾਰੀਆਂ ਨੇ ਯੂਨੀਅਨ ਦੀਆਂ ਮੰਗਾਂ ਨੂੰ ਜਾਇਜ਼ ਮੰਨਦਿਆਂ ਜਲਦ ਹੱਲ ਕਰਨ ਦਾ ਭਰੋਸਾ ਦਿੱਤਾ। ਬੀਤੀ 13 ਅਪ੍ਰੈਲ ਨੂੰ ਪੰਜਾਬ ਮੋਰਚਾ ਅਤੇ ਕਿਰਤੀ ਕਿਸਾਨ ਮੋਰਚਾ ਦੀ ਅਗਵਾਈ ਹੇਠ ਇੱਕ ਵਫਦ ਪ੍ਰਿੰਸੀਪਲ ਸਕੱਤਰ ਸਟੇਟ ਟਰਾਂਸਪੋਰਟ ਵਰੁਣ ਰੂਜਮ ਨੂੰ ਮਿਲਿਆ ਸੀ, ਜਿਸ ਤੋਂ ਬਾਅਦ ਆਜ਼ਾਦ ਟੈਕਸੀ ਯੂਨੀਅਨ ਨਾਲ ਵੱਖਰੀ ਮੀਟਿੰਗ ਕਰਕੇ ਟੈਕਸੀ ਚਾਲਕਾਂ ਦੀਆਂ ਮੁੱਖ ਸਮੱਸਿਆਵਾਂ ਹੱਲ ਕਰਨ 'ਤੇ ਸਹਿਮਤੀ ਬਣੀ ਸੀ। ਅੱਜ ਦੀ ਮੀਟਿੰਗ ਉਸੇ ਪ੍ਰਕਿਰਿਆ ਦਾ ਹਿੱਸਾ ਰਹੀ। ਮੀਟਿੰਗ ਵਿੱਚ ਯੂਨੀਅਨ ਵੱਲੋਂ ਪ੍ਰਧਾਨ ਤੀਰਥਪਾਲ ਸਿੰਘ ਸੰਧੂ, ਸੀਨੀਅਰ ਮੀਤ ਪ੍ਰਧਾਨ ਜਵਾਹਰ ਸਿੰਘ ਮੱਲੀ, ਜਨਰਲ ਸਕੱਤਰ ਸੁਖਜੀਤ ਸਿੰਘ ਬੋਲੀਆਂ ਅਤੇ ਖਜਾਨਚੀ ਪ੍ਰਵੀਨ ਕੁਮਾਰ ਸਮੇਤ ਹੋਰ ਆਗੂ ਹਾਜ਼ਰ ਰਹੇ। ਟਰਾਂਸਪੋਰਟ ਵਿਭਾਗ ਵੱਲੋਂ ਐਸ.ਟੀ.ਸੀ. ਪਰਨੀਤ ਸ਼ੇਰਗਿੱਲ, ਐਡੀਸ਼ਨਲ ਐਸ.ਟੀ.ਸੀ. ਸੁਖਵਿੰਦਰ ਕੁਮਾਰ, ਡਿਪਟੀ ਐਸ.ਟੀ.ਸੀ. ਮਨਜੀਤ ਸਿੰਘ ਅਤੇ ਸਕੱਤਰ ਐਸ.ਟੀ.ਏ. ਰਣਧੀਰ ਸਿੰਘ ਭੇਰਾ ਨੇ ਮੰਗਾਂ 'ਤੇ ਗੰਭੀਰਤਾ ਨਾਲ ਵਿਚਾਰ ਕੀਤਾ।

ਵਾਰਡ ਨੰਬਰ 5 ਤੋਂ ਮਾਤਾ ਜਸਵੀਰ ਕੌਰ ਦੀ ਨਿਮਰਤਾ ਦੇ ਚਰਚੇ ਜ਼ੋਰਾਂ 'ਤੇ

ਬਠਿੰਡਾ, 21 ਮਈ (ਰਾਜੀਵ ਗੋਇਲ): ਨਗਰ ਪੰਚਾਇਤ ਭਗਤਾ ਭਾਈਕਾ ਦੀ ਚੋਣ ਵਿੱਚ ਵਾਰਡ ਨੰਬਰ 5 ਤੋਂ ਚੋਣ ਲੜ ਰਹੇ ਸਾਬਕਾ ਕੌਂਸਲਰ ਗੁਰਮੀਤ ਸਿੰਘ ਦੇ ਮਾਤਾ ਜਸਵੀਰ ਕੌਰ ਦੀ ਨਿਮਰਤਾ ਦੇ ਚਰਚੇ ਜ਼ੋਰਾਂ 'ਤੇ ਹਨ ਨਗਰ ਪੰਚਾਇਤ ਦੀ ਪੁਰਾਣੀ ਚੋਣ ਮੌਕੇ ਮਾਤਾ ਜਸਵੀਰ ਕੌਰ ਦੇ ਸਪੁੱਤਰ ਗੁਰਮੀਤ ਸਿੰਘ ਨੇ ਵਿਰੋਧੀਆਂ ਨੂੰ ਮਾਤ ਦੇ ਕੇ ਜਿੱਤ ਹਾਸਿਲ ਕੀਤੀ ਸੀ। ਪਰ ਹੁਣ ਮਾਤਾ ਜਸਵੀਰ ਕੌਰ ਦੇ ਸੁਭਾਏ ਅਤੇ ਪਰਿਵਾਰ ਦੀ ਸਰੀਕੀ ਨੂੰ ਲੈ ਕੇ ਵਾਰਡ ਵਾਸੀ ਇਸ ਵਾਰ ਚੋਣਾਂ ਵਿੱਚ ਮਾਤਾ ਜਸਵੀਰ ਕੌਰ ਨੂੰ ਆਪਣਾ ਪ੍ਰਤੀਨਿਧ ਚੁਣਨ ਨੂੰ ਉਤਾਵਲੇ ਹਨ ਅਤੇ ਇਸ ਵਾਰ ਵੀ ਇਹੀ ਜਾਪ ਰਿਹਾ ਹੈ ਕਿ ਪੁੱਤ ਦੇ ਨਾਮ ਤੋਂ ਬਾਅਦ ਮਾਤਾ ਦੇ ਨਾਮ ਪਿੱਛੇ ਵੀ ਛ ਲੱਗਦਾ ਦਿਖਾਈ ਦੇ ਰਿਹਾ ਹੈ।

ਮਾਤਾ ਜਸਵੀਰ ਕੌਰ

ਤਪਦੀ ਗਰਮੀ ਚ ਪਾਵਰ ਕੌਮ ਦੇ ਆਊਟ ਸੋਰਸ ਕਾਮਿਆਂ ਵੱਲੋਂ ਮੁੱਖ ਦਫ਼ਤਰ ਅੱਗੇ ਕੀਤੀ ਨਾਅਰੇਬਾਜ਼ੀ

ਪਟਿਆਲਾ, 21 ਮਈ (ਰਾਜਿੰਦਰ ਸਿੰਘ ਥਿੰਦ): ਪਾਵਰਕੌਮ, ਟਰਾਂਸਕੋ ਆਊਟ ਸੋਰਸ ਵਰਕਰਾਂ ਯੂਨੀਅਨ ਪੰਜਾਬ ਸੰਬੰਧਤ ਪੰਜਾਬ (ਏਟਕ) ਵੱਲੋਂ ਬਿਜਲੀ ਬੋਰਡ ਦੇ ਮੁੱਖ ਦਫ਼ਤਰ ਅੱਗੇ ਕੜਕਦੀ ਗਰਮੀ ਵਿੱਚ ਵਿਸ਼ਾਲ ਰੈਲੀ ਆਪਣੀਆਂ ਮੰਗਾਂ ਨੂੰ ਮਾਲ ਰੋਡ ਵਿਖੇ ਕੀਤੀ। ਇਸ ਰੈਲੀ ਵਿੱਚ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਅਤੇ ਦੀ ਕਲਾਸ ਫੋਰ ਗੌਰਮਿੰਟ ਇੰਪਲਾਇਜ਼ ਯੂਨੀਅਨ ਪੰਜਾਬ (1680) ਵੱਲੋਂ ਪ੍ਰਮੁੱਖ ਆਗੂ ਕਾ. ਦਰਸ਼ਨ ਸਿੰਘ ਲੁਬਾਣਾ, ਕਾ. ਸ਼ਿਵ ਚਰਨ ਆਦਿ ਆਗੂ ਸ਼ਾਮਲ ਹੋਏ ਅਤੇ ਇਸ ਵਿਸ਼ਾਲ ਰੈਲੀ ਨੂੰ ਸੰਬੋਧਨ ਵੀ ਕੀਤਾ ਅਤੇ ਸਮੂਹਿਕ ਮੰਗਾਂ ਦੀ ਹਮਾਇਤ ਕੀਤੀ।

ਅਜ਼ਾਦ ਉਮੀਦਵਾਰ ਪਰਵੀਨ ਰਾਣੀ ਨੇ ਚੋਣ ਮੁਹਿੰਮ ਭਖਾਈ,ਮੁਲਾਕਾਤਾਂ ਦਾ ਦੌਰ ਜ਼ਾਰੀ

ਬਠਿੰਡਾ, 21 ਮਈ (ਰਾਜੀਵ ਗੋਇਲ): ਨਗਰ ਪੰਚਾਇਤ ਭਗਤਾ ਦੀਆਂ ਚੋਣਾਂ ਵਿੱਚ ਵਾਰਡ ਨੰਬਰ 11 ਤੋਂ ਅਜ਼ਾਦ ਉਮੀਦਵਾਰ ਵਜੋਂ ਆਪਣੀ ਕਿਸਮਤ ਅਜ਼ਮਾਉਣ ਵਾਲੇ ਸੁਖਚੈਨ ਚੰਦ ਮੁੰਦਰੀ ਠੇਕੇਦਾਰ ਦੀ ਪਤਨੀ ਪਰਵੀਨ ਰਾਣੀ ਵੱਲੋਂ ਆਪਣੀ ਚੋਣ ਮੁਹਿੰਮ ਤੇਜ਼ ਕਰ ਦਿੱਤੀ ਗਈ ਹੈ ਅਤੇ ਬੀਤੀ ਸ਼ਾਮ ਉਹਨਾਂ ਵੱਲੋਂ ਵਾਰਡ, ਚ ਰਹਿੰਦੇ ਆਪਣੇ ਹੀ ਰਿਸ਼ਤੇਦਾਰਾਂ ਨਾਲ ਮੁਲਾਕਾਤ ਕੀਤੀ ਗਈ ਹੈ। ਮੁਲਾਕਾਤ ਦੌਰਾਨ ਸਮੂਹ ਪਰਿਵਾਰ ਵੱਲੋਂ ਪਰਵੀਨ ਰਾਣੀ ਨੂੰ ਸਮਰਥਨ ਦਿੰਦੇ ਹੋਏ ਚੋਣਾਂ ਵਿੱਚ ਡਟ ਕੇ ਸਾਥ ਦੇਣ ਬਾਰੇ ਆਖਿਆ ਗਿਆ ਹੈ। ਦੱਸ ਦੇਈਏ ਕਿ ਹੀ ਇਸ ਵਾਰਡ ਵਿੱਚ ਸਾਰੀਆਂ ਔਰਤਾਂ ਹੀ ਧਨਾਢ ਪਰਿਵਾਰਾਂ ਨਾਲ ਸੰਬੰਧ ਰੱਖਦੀਆਂ ਹਨ ਪਰ ਅਸਲ ਮੁਕਾਬਲਾ ਪਰਵੀਨ ਰਾਣੀ ਤੇ ਕਿਰੀ ਬਾਲਾ ਦਰਮਿਆਨ ਹੁੰਦਾ ਦਿਖਾਈ ਦੇ ਰਿਹਾ ਹੈ,ਕਿਉਂਕਿ ਆਪਸੀ ਮਤਭੇਦ ਹੋਣ ਕਾਰਨ ਸੁਖਚੈਨ ਚੰਦ ਵੱਲੋਂ ਅਕਾਲੀ ਉਮੀਦਵਾਰ ਦੇ ਪਰਿਵਾਰ ਨੂੰ ਸਿਆਸੀ ਮੈਦਾਨ ਵਿੱਚ ਮਾਤ ਦੇਣ ਲਈ ਹਰ ਨਵਾਂ ਦਾਅ ਖੇਡਿਆ ਜਾ ਰਿਹਾ ਹੈ।

ਲੋਕਾਂ ਨੂੰ ਕਿਫ਼ਾਇਤ ਦੀ ਨਸੀਹਤ, ਸਾਹਿਬ ਖੁਦ ਵਿਦੇਸ਼ੀ ਦੌਰਿਆਂ 'ਤੇ ਰਵਾਨਾ

ਲੁਧਿਆਣਾ, 21 ਮਈ (ਨਵਜੋਤ ਕੌਰ ਭਨੋਟ): ਡੀਜ਼ਲ, ਪੈਟਰੋਲ ਅਤੇ ਸੋਨੇ ਦੀ ਖਰੀਦ 'ਤੇ ਆਮ ਲੋਕਾਂ ਨੂੰ ਰੋਕ-ਟੋਕ ਅਤੇ ਬਚਤ ਦੀ ਸਲਾਹ ਦੇਣ ਵਾਲੇ ਸਾਹਿਬ ਖੁਦ ਵਿਦੇਸ਼ੀ ਦੌਰਿਆਂ 'ਤੇ ਨਿਕਲ ਪਏ ਹਨ। ਮਹਿੰਗਾਈ ਨਾਲ ਜੂਝ ਰਹੀ ਜਨਤਾ ਵਿਚ ਹੁਣ ਇਹ ਗੱਲ ਚਰਚਾ ਦਾ ਵਿਸ਼ਾ ਬਣੀ ਹੋਈ ਹੈ ਕਿ ਇੱਕ ਪਾਸੇ ਆਮ ਲੋਕਾਂ ਨੂੰ ਖਰਚੇ ਘਟਾਉਣ ਦੀ ਨਸੀਹਤ ਦਿੱਤੀ ਜਾ ਰਹੀ ਹੈ, ਦੂਜੇ ਪਾਸੇ ਸਰਕਾਰੀ ਸ਼ਾਨੋ-ਸ਼ੌਕਤ ਅਤੇ ਮਹਿੰਗੇ ਟੂਰਾਂ ਵਿਚ ਕੋਈ ਕਮੀ ਨਜ਼ਰ ਨਹੀਂ ਆ ਰਹੀ। ਵਿਦੇਸ਼ ਦੌਰੇ ਦੌਰਾਨ ਇੱਕ ਮੀਡੀਆ ਕਰਮੀ ਵੱਲੋਂ ਪੁੱਛੇ ਗਏ ਸਵਾਲ ਦਾ ਜਵਾਬ ਦੇਣ ਦੀ ਬਜਾਏ ਸਾਹਿਬ ਵੱਲੋਂ ਚੁੱਪੀ ਧਾਰ ਲਈ ਗਈ। ਵਿਰੋਧੀ ਧਿਰਾਂ ਨੇ ਸਰਕਾਰ 'ਤੇ ਦੋਹਰੇ ਮਾਪਦੰਡ ਅਪਣਾਉਣ ਦੇ ਦੋਸ਼ ਲਗਾਉਂਦਿਆਂ ਕਿਹਾ ਕਿ ਜੇਕਰ ਦੇਸ਼ ਦੀ ਆਰਥਿਕ ਸਥਿਤੀ ਨੂੰ ਲੈ ਕੇ ਲੋਕਾਂ ਨੂੰ ਤਿਆਗ ਕਰਨ ਦੀ ਸਲਾਹ ਦਿੱਤੀ ਜਾ ਰਹੀ ਹੈ ਤਾਂ ਇਸ ਦੀ ਸ਼ੁਰੂਆਤ ਹਕੂਮਤੀ ਪੱਧਰ ਤੋਂ ਹੋਣੀ ਚਾਹੀਦੀ ਹੈ। ਸਿਆਸੀ ਮਾਹਿਰਾਂ ਮੁਤਾਬਕ ਆਮ ਜਨਤਾ ਲਈ ਇੱਕ ਨਿਯਮ ਅਤੇ ਹਾਕਮਾਂ ਲਈ ਦੂਜਾ ਨਿਯਮ ਲੋਕਾਂ ਵਿੱਚ ਰੋਸ ਅਤੇ ਬੇਇਤਬਾਰੀ ਵਧਾ ਸਕਦਾ ਹੈ।

ਧਾਰਮਿਕ ਪਛਾਣ ਨੂੰ ਰਾਸ਼ਟਰੀ ਸੰਪਰਦਾਇ ਨਾਲ ਸੰਤੁਲਿਤ ਕਰਨਾ

ਭਾਰਤੀ ਅੱਗੇ ਵਧਣ ਦਾ ਰਸਤਾ

ਭਾਰਤ ਕਦੇ ਵੀ ਏਕਾਧਿਕਾਰ 'ਤੇ ਬਣੀ ਸੱਭਿਅਤਾ ਨਹੀਂ ਰਿਹਾ। ਇਹ ਇੱਕ ਅਜਿਹੀ ਧਰਤੀ ਹੈ ਜਿੱਥੇ ਅਣਗਿਣਤ ਵਿਸ਼ਵਾਸ, ਭਾਸ਼ਾਵਾਂ, ਰੀਤੀ-ਰਿਵਾਜ ਅਤੇ ਪਰੰਪਰਾਵਾਂ ਸਦੀਆਂ ਤੋਂ ਇਕੱਠੇ ਰਹੇ ਹਨ ਅਤੇ ਇੱਕ ਵਿਲੱਖਣ ਸੱਭਿਅਤਾਵਾਦੀ ਲੋਕਾਚਾਰ ਨੂੰ ਆਕਾਰ ਦਿੱਤਾ ਹੈ ਜੋ ਬੇਦਖਲੀ ਦੀ ਬਜਾਏ ਅਨੁਕੂਲਤਾ ਵਿੱਚ ਜੜ੍ਹਾਂ ਰੱਖਦਾ ਹੈ। ਸਮਰਾਟ ਅਸ਼ੋਕ ਦੀਆਂ ਪ੍ਰਾਚੀਨ ਸਿੱਖਿਆਵਾਂ ਤੋਂ ਲੈ ਕੇ, ਜਿਨ੍ਹਾਂ ਨੇ ਕਲਿੰਗਾ ਯੁੱਧ ਤੋਂ ਬਾਅਦ ਸਾਰੇ ਸੰਪਰਦਾਵਾਂ ਲਈ ਸਤਿਕਾਰ ਦੀ ਵਕਾਲਤ ਕੀਤੀ ਸੀ, ਕਬੀਰ ਅਤੇ ਗੁਰੂ ਨਾਨਕ ਵਰਗੇ ਸੰਤਾਂ ਦੀਆਂ ਸਮਾਵੇਸ਼ੀ ਅਧਿਆਤਮਿਕ ਪਰੰਪਰਾਵਾਂ ਤੱਕ, ਭਾਰਤ ਦਾ ਇਤਿਹਾਸ ਵਿਸ਼ਵਾਸ ਅਤੇ ਸਮੂਹਿਕ ਸੰਪਰਦਾਇ ਵਿਚਕਾਰ ਨਿਰੰਤਰ ਸੰਵਾਦ ਨੂੰ ਦਰਸਾਉਂਦਾ ਹੈ। ਭਾਰਤ ਦਾ ਵਿਚਾਰ ਕਦੇ ਵੀ ਧਾਰਮਿਕ ਪਛਾਣ ਨੂੰ ਮਿਟਾਉਣ ਲਈ ਨਹੀਂ ਸੀ; ਸਗੋਂ, ਇਸਨੇ ਇੱਕ ਸਾਂਝੀ ਰਾਸ਼ਟਰੀ ਚੇਤਨਾ ਦੇ ਅੰਦਰ ਵਿਭਿੰਨਤਾ ਨੂੰ ਸੁਮੇਲ ਕਰਨ ਦੀ ਕੋਸ਼ਿਸ਼ ਕੀਤੀ।

ਹਾਲਾਂਕਿ, ਸਮਕਾਲੀ ਸਮੇਂ ਵਿੱਚ, ਧਰਮ ਅਤੇ ਰਾਸ਼ਟਰਵਾਦ ਦੇ ਆਲੇ ਦੁਆਲੇ ਦੇ ਸਵਾਲ ਵਧਦੀ ਸੰਵੇਦਨਸ਼ੀਲ ਹੋ ਗਏ ਹਨ। ਜਨਤਕ ਭਾਸ਼ਣ ਅਕਸਰ ਰਾਜਨੀਤਿਕ ਬਿਆਨਬਾਜ਼ੀ, ਗਲਤ ਜਾਣਕਾਰੀ ਅਤੇ ਸੋਸ਼ਲ ਮੀਡੀਆ ਬਿਰਤਾਂਤਾਂ ਦੁਆਰਾ ਧਰੁਵੀਕਰਨ ਕੀਤਾ ਜਾਂਦਾ ਹੈ ਜੋ ਧਾਰਮਿਕ ਪਛਾਣ ਅਤੇ ਰਾਸ਼ਟਰੀ ਵਫ਼ਾਦਾਰੀ ਨੂੰ ਵਿਰੋਧੀ ਵਜੋਂ ਦਰਸਾਉਣ ਦੀ ਕੋਸ਼ਿਸ਼ ਕਰਦੇ ਹਨ। ਅਜਿਹੇ ਬਾਈਨਰੀ ਉਸ ਨੀਂਹ ਨੂੰ ਕਮਜ਼ੋਰ ਕਰਦੇ ਹਨ ਜਿਸ 'ਤੇ ਆਧੁਨਿਕ ਭਾਰਤ ਬਣਾਇਆ ਗਿਆ ਸੀ। ਬੀ. ਆਰ. ਅੰਬੇਡਕਰ ਵਰਗੇ ਦੂਰਦਰਸ਼ੀ ਲੋਕਾਂ ਦੀ ਅਗਵਾਈ ਹੇਠ ਤਿਆਰ ਕੀਤੇ ਗਏ ਭਾਰਤੀ ਸੰਵਿਧਾਨ ਨੇ ਸੁਚੇਤ ਤੌਰ 'ਤੇ ਇੱਕ ਏਕਾਧਿਕਾਰ ਰਾਸ਼ਟਰ ਦੇ ਵਿਚਾਰ ਨੂੰ ਰੱਦ ਕਰ ਦਿੱਤਾ ਅਤੇ ਇਸ ਦੀ ਬਜਾਏ ਹਰੇਕ ਨਾਗਰਿਕ ਨੂੰ ਦੇਸ਼ ਦੇ ਲੋਕਤੰਤਰੀ ਢਾਂਚੇ ਵਿੱਚ ਬਰਾਬਰ ਭਾਗੀਦਾਰ ਰਹਿੰਦੇ ਹੋਏ ਧਰਮ ਦਾ ਅਭਿਆਸ ਕਰਨ, ਮੰਨਣ ਅਤੇ ਪ੍ਰਚਾਰ ਕਰਨ ਦੀ ਆਜ਼ਾਦੀ ਦੀ ਗਰੰਟੀ ਦਿੱਤੀ।

ਅੱਜ ਭਾਰਤ ਦੇ ਸਾਹਮਣੇ ਚੁਣੌਤੀ ਧਰਮ ਅਤੇ ਰਾਸ਼ਟਰਵਾਦ ਵਿੱਚੋਂ ਇੱਕ ਦੀ ਚੋਣ ਕਰਨਾ ਨਹੀਂ ਹੈ, ਸਗੋਂ ਇਹ ਯਕੀਨੀ ਬਣਾਉਣਾ ਹੈ ਕਿ ਦੋਵੇਂ ਇੱਕ ਅਜਿਹੇ ਤਰੀਕੇ ਨਾਲ ਇਕੱਠੇ ਰਹਿਣ ਜੋ ਸਮਾਜਿਕ ਸਦਭਾਵਨਾ, ਸੰਵਿਧਾਨਕ ਨੈਤਿਕਤਾ ਅਤੇ ਰਾਸ਼ਟਰੀ ਏਕਤਾ ਨੂੰ ਮਜ਼ਬੂਤ ਕਰੇ। ਭਾਰਤ ਦੀ ਸਮਕਾਲੀ ਸੰਸਕ੍ਰਿਤੀ ਬਿਲਕੁਲ ਉਹੀ ਰਸਤਾ ਪੇਸ਼ ਕਰਦੀ ਹੈ। ਰਾਸ਼ਟਰਵਾਦ ਦੀ ਭਾਰਤੀ ਸਮਝ ਇਤਿਹਾਸਕ ਤੌਰ 'ਤੇ ਦੁਨੀਆ ਦੇ ਕਈ ਹਿੱਸਿਆਂ ਵਿੱਚ ਦੇਖੀ ਜਾਣ ਵਾਲੀ ਪਛਾਣ ਦੀਆਂ ਸਖ਼ਤ ਧਾਰਨਾਵਾਂ ਤੋਂ ਵੱਖਰੀ ਹੈ। ਭਾਰਤੀ ਸੱਭਿਅਤਾ ਸੱਭਿਆਚਾਰਕ ਆਦਾਨ-ਪ੍ਰਦਾਨ, ਪ੍ਰਵਾਸ ਅਤੇ ਅਧਿਆਤਮਿਕ ਆਪਸੀ ਤਾਲਮੇਲ ਦੁਆਰਾ ਵਿਕਸਤ ਹੋਈ। ਪ੍ਰਾਚੀਨ ਵਪਾਰਕ ਮਾਰਗਾਂ ਨੇ ਬਹੁਤ ਸਾਰੇ ਆਧੁਨਿਕ ਰਾਸ਼ਟਰ-ਰਾਜਾਂ ਦੇ ਹੋਂਦ ਵਿੱਚ ਆਉਣ ਤੋਂ ਬਹੁਤ ਪਹਿਲਾਂ ਯਹੂਦੀਆਂ, ਈਸਾਈਆਂ ਅਤੇ ਜ਼ੋਰਾਸਟ ?ਰੀਅਨਾਂ ਨੂੰ ਭਾਰਤੀ ਕਿਨਾਰਿਆਂ 'ਤੇ ਲਿਆਂਦਾ। ਅਤਿਆਚਾਰ ਦੀ ਬਜਾਏ, ਇਨ੍ਹਾਂ ਭਾਈਚਾਰਿਆਂ ਨੂੰ ਸਵੀਕ੍ਰਿਤੀ ਅਤੇ ਸੁਰੱਖਿਆ ਮਿਲੀ। ਇਸਲਾਮ ਦੇ ਆਗਮਨ ਨੇ ਆਰਕੀਟੈਕਚਰ, ਸੰਗੀਤ, ਸਾਹਿਤ, ਭਾਸ਼ਾ ਅਤੇ ਅਧਿਆਤਮਿਕਤਾ ਰਾਹੀਂ ਭਾਰਤ ਦੇ ਸੱਭਿਆਚਾਰਕ ਦ੍ਰਿਸ਼ ਨੂੰ ਹੋਰ ਅਮੀਰ ਬਣਾਇਆ। ਉੱਤਰੀ ਭਾਰਤ ਵਿੱਚ ਗੰਗਾ-ਜਮੁਨੀ ਤਹਿਜ਼ੀਬ ਦਾ ਉਭਾਰ ਪਰੰਪਰਾਵਾਂ ਦੇ ਇਸ ਮਿਸ਼ਰਣ ਦਾ ਪ੍ਰਤੀਕ ਸੀ, ਜਿੱਥੇ ਵੱਖ-ਵੱਖ ਧਰਮਾਂ ਦੇ ਲੋਕ ਇੱਕ ਦੂਜੇ ਦੇ ਸਮਾਜਿਕ ਅਤੇ ਸੱਭਿਆਚਾਰਕ ਜੀਵਨ ਵਿੱਚ ਹਿੱਸਾ ਲੈਂਦੇ ਸਨ।

ਭਗਤੀ ਅਤੇ ਸੂਫ਼ੀ ਲਹਿਰਾਂ ਨੇ ਸਹਿ-ਹੋਂਦ ਦੀ ਇਸ ਭਾਵਨਾ ਨੂੰ ਪਾਲਣ ਵਿੱਚ ਇੱਕ ਪਰਿਵਰਤਨਸ਼ੀਲ ਭੂਮਿਕਾ ਨਿਭਾਈ। ਮੋਇਨੂਦੀਨ ਚਿਸ਼ਤੀ, ਨਿਜ਼ਾਮੁਦੀਨ ਔਲੀਆ ਅਤੇ ਕਬੀਰ ਵਰਗੇ ਸੰਤਾਂ ਨੇ ਸ਼ਖ਼ਤ ਸੰਪਰਦਾਇਕ ਸੀਮਾਵਾਂ ਤੋਂ ਪਰੇ ਦਇਆ, ਨਿਮਰਤਾ ਅਤੇ ਸ਼ਰਧਾ ਦਾ ਪ੍ਰਚਾਰ ਕੀਤਾ। ਉਨ੍ਹਾਂ ਦੀਆਂ ਸਿੱਖਿਆਵਾਂ ਆਮ ਭਾਰਤੀਆਂ ਨਾਲ ਗੂੰਜਦੀਆਂ ਸਨ ਕਿਉਂਕਿ ਉਨ੍ਹਾਂ ਨੇ ਵੰਡ ਉੱਤੇ ਮਨੁੱਖਤਾ 'ਤੇ ਜ਼ੋਰ ਦਿੱਤਾ। ਆਜ਼ਾਦੀ ਸੰਗਰਾਮ ਦੌਰਾਨ ਵੀ, ਵੱਖ-ਵੱਖ ਧਾਰਮਿਕ ਪਿਛੋਕੜਾਂ ਦੇ ਨੇਤਾ ਬਸਤੀਵਾਦ ਦੇ ਵਿਰੁੱਧ ਇਕੱਠੇ ਖੜ੍ਹੇ ਸਨ। ਮਹਾਤਮਾ ਗਾਂਧੀ ਨੇ ਵਾਰ-ਵਾਰ ਜ਼ੋਰ ਦੇ ਕੇ ਕਿਹਾ ਕਿ ਧਰਮ ਨੂੰ ਨੈਤਿਕ ਆਚਰਣ ਦੀ ਅਗਵਾਈ ਕਰਨੀ ਚਾਹੀਦੀ ਹੈ, ਨਫ਼ਰਤ ਨੂੰ ਭੜਕਾਉਣਾ ਨਹੀਂ। ਇਸੇ ਤਰ੍ਹਾਂ, ਮੌਲਾਨਾ ਅਬੁਲ ਕਲਾਮ ਆਜ਼ਾਦ ਵਰਗੇ ਨੇਤਾਵਾਂ ਨੇ ਦਲੀਲ ਦਿੱਤੀ ਕਿ ਡੂੰਘੇ ਮੁਸਲਿਮ ਅਤੇ ਡੂੰਘੇ ਭਾਰਤੀ ਹੋਣਾ ਵਿਰੋਧੀ ਪਛਾਣਾਂ ਨਹੀਂ ਹਨ ਸਗੋਂ ਪੂਰਕ ਹਨ।

ਸੁਤੰਤਰ ਭਾਰਤ ਨੇ ਸੰਵਿਧਾਨਕ ਸੁਰੱਖਿਆ ਦੁਆਰਾ ਇਸ ਦ੍ਰਿਸ਼ਟੀਕੋਣ ਨੂੰ ਸੰਸਥਾਗਤ ਬਣਾਇਆ। ਸੰਵਿਧਾਨ ਦੇ ਅਨੁਛੇਦ 25 ਤੋਂ 28 ਧਰਮ ਦੀ ਆਜ਼ਾਦੀ ਦੀ ਗਰੰਟੀ ਦਿੰਦੇ ਹਨ, ਹਰ ਨਾਗਰਿਕ ਨੂੰ ਆਪਣੇ ਵਿਸ਼ਵਾਸ ਦੀ ਆਜ਼ਾਦੀ ਨਾਲ ਪਾਲਣਾ ਕਰਨ ਅਤੇ ਅਭਿਆਸ ਕਰਨ ਦੀ ਆਗਿਆ ਦਿੰਦੇ ਹਨ। ਇਸਦੇ ਨਾਲ ਹੀ, ਅਨੁਛੇਦ 14, 15 ਅਤੇ 16 ਕਾਨੂੰਨ ਦੇ ਸਾਹਮਣੇ ਸਮਾਨਤਾ ਨੂੰ ਯਕੀਨੀ ਬਣਾਉਂਦੇ ਹਨ ਅਤੇ ਧਰਮ, ਜਾਤ, ਲਿੰਗ ਜਾਂ ਜਨਮ ਸਥਾਨ ਦੇ ਅਧਾਰ 'ਤੇ ਵਿਤਕਰੇ ਨੂੰ ਮਨ੍ਹਾ ਕਰਦੇ ਹਨ। ਇਸ ਤਰ੍ਹਾਂ ਸੰਵਿਧਾਨ ਇੱਕ ਸੰਤੁਲਨ ਬਣਾਉਂਦਾ ਹੈ ਜਿੱਥੇ ਧਾਰਮਿਕ ਪਛਾਣ ਦਾ ਸਤਿਕਾਰ ਕੀਤਾ ਜਾਂਦਾ ਹੈ, ਪਰ ਨਾਗਰਿਕਤਾ ਸਾਂਝੀ ਬੰਧਨ ਸ਼ਕਤੀ ਬਣੀ ਰਹਿੰਦੀ ਹੈ। ਮਹੱਤਵਪੂਰਨ ਗੱਲ ਇਹ ਹੈ ਕਿ, ਧਾਰਾ 32 ਦੇ ਤਹਿਤ ਸੰਵਿਧਾਨਕ ਉਪਚਾਰ ਨਾਗਰਿਕਾਂ ਨੂੰ ਸੁਪਰੀਮ ਕੋਰਟ ਤੱਕ ਪਹੁੰਚ ਕਰਨ ਦਾ ਅਧਿਕਾਰ ਦਿੰਦੇ ਹਨ ਜਦੋਂ ਵੀ ਮੌਲਿਕ ਅਧਿਕਾਰਾਂ ਦੀ ਉਲੰਘਣਾ ਹੁੰਦੀ ਹੈ, ਜਿਸ ਨਾਲ ਸੰਵਿਧਾਨਕ ਸੁਰੱਖਿਆ ਸਿਰਫ਼ ਪ੍ਰਤੀਕਾਤਮਕ ਨਹੀਂ ਹੁੰਦੀ ਸਗੋਂ ਲਾਗੂ ਕਰਨ ਯੋਗ ਹੁੰਦੀ ਹੈ।

ਫਿਰ ਵੀ ਸੰਵਿਧਾਨਕ ਗਾਰੰਟੀਆਂ ਸਿਰਫ਼ ਉਦੋਂ ਤੱਕ ਨਾਕਾਫ਼ੀ ਹਨ ਜਦੋਂ ਤੱਕ ਸਮਾਜ ਸਮੂਹਿਕ ਤੌਰ 'ਤੇ ਵਿਸ਼ਵਾਸ ਅਤੇ ਹਮਦਰਦੀ ਦਾ ਪਾਲਣ-ਪੋਸ਼ਣ ਨਹੀਂ ਕਰਦਾ। ਸਮਕਾਲੀ ਭਾਰਤ ਡਿਜੀਟਲ ਗਲਤ ਜਾਣਕਾਰੀ, ਚੋਣਵੇਂ ਇਤਿਹਾਸਕ ਵਿਆਖਿਆਵਾਂ ਅਤੇ ਰਾਜਨੀਤਿਕ ਧਰੁਵੀਕਰਨ ਦੁਆਰਾ ਵਧ ਰਹੇ ਫਿਰਕੂ ਸ਼ੱਕ ਦੀ ਚੁਣੌਤੀ ਦਾ ਸਾਹਮਣਾ ਕਰ ਰਿਹਾ ਹੈ। ਧਾਰਮਿਕ ਪਛਾਣਾਂ ਨੂੰ ਕਈ ਵਾਰ ਚੋਣ ਲਾਭਾਂ ਲਈ ਵਰਤਿਆ ਜਾਂਦਾ ਹੈ, ਨਾਗਰਿਕਾਂ ਨੂੰ ਦੇਸ਼ ਦੀ ਤਰੱਕੀ ਵਿੱਚ ਬਰਾਬਰ ਹਿੱਸੇਦਾਰ ਵਜੋਂ ਮਾਨਤਾ ਦੇਣ ਦੀ ਬਜਾਏ ਫਿਰਕੂ ਸ਼੍ਰੇਣੀਆਂ ਵਿੱਚ ਘਟਾ ਦਿੱਤਾ ਜਾਂਦਾ ਹੈ। ਅਜਿਹੇ ਪ੍ਰਵਿਰਤੀਆਂ ਸਮਾਜਿਕ ਤਾਣੇ-ਬਾਣੇ ਨੂੰ ਖ਼ਤਰਾ ਹਨ ਜਿਸਨੇ ਭਾਰਤ ਨੂੰ ਇਤਿਹਾਸਕ ਤੌਰ 'ਤੇ ਵੱਖਰਾ ਸਮਾਜਾਂ ਤੋਂ ਵੱਖਰਾ ਕੀਤਾ ਹੈ। ਇਸ ਦੇ ਨਾਲ ਹੀ, ਅਣਗਿਣਤ ਉਦਾਹਰਨਾਂ ਹਨ ਜੋ ਭਾਰਤ ਦੇ ਸੰਯੁਕਤ ਸੱਭਿਆਚਾਰ ਨੂੰ ਮੁੜ ਦੁਹਰਾਉਂਦੀਆਂ ਰਹਿੰਦੀਆਂ ਹਨ। ਦੇਸ਼ ਭਰ ਵਿੱਚ, ਹਿੰਦੂ ਈਦ ਦੇ ਜਸ਼ਨਾਂ ਵਿੱਚ ਹਿੱਸਾ ਲੈਂਦੇ ਹਨ, ਮੁਸਲਮਾਨ ਗੁਰਪੁਰਬਾਂ ਦੌਰਾਨ ਲੰਗਰ ਵੰਡਦੇ ਹਨ, ਸਿੱਖ ਸੰਕਟ ਦੇ ਸਮੇਂ ਮੰਦਰਾਂ ਅਤੇ ਮਸਜਿਦਾਂ ਦੀ ਰੱਖਿਆ ਕਰਦੇ ਹਨ, ਅਤੇ ਈਸਾਈ ਵਿਦਿਅਕ ਅਤੇ ਸਿਹਤ ਸੰਭਾਲ ਸੰਸਥਾਵਾਂ ਚਲਾਉਂਦੇ ਹਨ ਜੋ ਧਰਮ ਦੀ ਪਰਵਾਹ ਕੀਤੇ ਬਿਨਾਂ ਲੋਕਾਂ ਦੀ ਸੇਵਾ ਕਰਦੇ ਹਨ। ਕੁਦਰਤੀ ਆਫ਼ਤਾਂ ਅਤੇ ਰਾਸ਼ਟਰੀ ਐਮਰਜੈਂਸੀ ਦੌਰਾਨ, ਆਮ ਭਾਰਤੀ ਵਾਰ-ਵਾਰ ਇਹ ਦਰਸਾਉਂਦੇ ਹਨ ਕਿ ਦਇਆ ਧਾਰਮਿਕ ਸੀਮਾਵਾਂ ਤੋਂ ਪਾਰ ਹੈ। ਭਾਰਤੀ ਹਥਿਆਰਬੰਦ ਸੈਨਾਵਾਂ ਵੀ ਵਿਭਿੰਨਤਾ ਵਿੱਚ ਏਕਤਾ ਦੀ ਇੱਕ ਸ਼ਕਤੀਸ਼ਾਲੀ ਉਦਾਹਰਣ ਬਣੀਆਂ ਹੋਈਆਂ ਹਨ, ਜਿੱਥੇ ਵੱਖ-ਵੱਖ ਧਰਮਾਂ ਦੇ ਸਿਪਾਹੀ ਇੱਕੋ ਤਿਰੰਗੇ ਦੀ ਬਰਾਬਰ ਵਚਨਬੱਧਤਾ ਨਾਲ ਰੱਖਿਆ ਕਰਦੇ ਹਨ। ਖਾਸ ਕਰਕੇ ਭਾਰਤੀ ਮੁਸਲਮਾਨਾਂ ਲਈ, ਰਾਸ਼ਟਰੀ ਸੰਬੰਧਾਂ ਬਾਰੇ ਬਹਿਸ ਅਕਸਰ ਵਾਧੂ ਜਾਂਚ ਕਰਦੀ ਹੈ। ਹਾਲਾਂਕਿ, ਭਾਰਤੀ ਇਤਿਹਾਸ ਖੁਦ ਵੰਡਣ ਵਾਲੇ ਬਿਰਤਾਂਤਾਂ ਦਾ ਸਖ਼ਤ ਖੰਡਨ ਪੇਸ਼ ਕਰਦਾ ਹੈ। ਮੌਲਾਨਾ ਆਜ਼ਾਦ ਅਤੇ ਅਸ਼ਫਾਕੁੱਲਾ ਖਾਨ ਵਰਗੇ ਆਜ਼ਾਦੀ ਘੁਲਾਟੀਆਂ ਤੋਂ ਲੈ ਕੇ ਏ. ਪੀ. ਜੇ. ਅਬਦੁਲ ਕਲਾਮ ਵਰਗੇ ਵਿਗਿਆਨੀਆਂ ਤੱਕ, ਭਾਰਤੀ ਮੁਸਲਮਾਨਾਂ ਨੇ ਰਾਸ਼ਟਰ ਨਿਰਮਾਣ ਵਿੱਚ ਬਹੁਤ ਵੱਡਾ ਯੋਗਦਾਨ ਪਾਇਆ ਹੈ। ਸਿੱਖਿਆ, ਰੱਖਿਆ, ਵਿਗਿਆਨ, ਕਲਾ ਅਤੇ ਜਨਤਕ ਸੇਵਾ ਵਿੱਚ ਉਨ੍ਹਾਂ ਦੀ ਭਾਗੀਦਾਰੀ ਰਾਸ਼ਟਰ ਨਾਲ ਇੱਕ ਅਟੁੱਟ ਬੰਧਨ ਨੂੰ ਦਰਸਾਉਂਦੀ ਹੈ। ਭਾਰਤ ਵਿੱਚ ਦੇਸ਼ ਭਗਤੀ ਨੂੰ ਕਦੇ ਵੀ ਧਾਰਮਿਕ ਪਛਾਣ ਛੱਡਣ ਦੀ ਲੋੜ ਨਹੀਂ ਪਈ; ਇਸ ਦੀ ਬਜਾਏ, ਇਸਨੇ ਸੰਵਿਧਾਨਕ ਕਦਰਾਂ-ਕੀਮਤਾਂ, ਸਮਾਜਿਕ ਸਦਭਾਵਨਾ ਅਤੇ ਸਮੂਹਿਕ ਤਰੱਕੀ ਪ੍ਰਤੀ ਵਚਨਬੱਧਤਾ ਦੀ ਮੰਗ ਕੀਤੀ ਹੈ। ਭਾਰਤ ਦੀ ਅਸਲ ਤਾਕਤ ਇੱਕੋ ਸਮੇਂ ਕਈ ਪਛਾਣਾਂ ਨੂੰ ਅਨੁਕੂਲ ਬਣਾਉਣ ਦੀ ਯੋਗਤਾ ਵਿੱਚ ਹੈ। ਇੱਕ ਵਿਅਕਤੀ ਇੱਕੋ ਸਮੇਂ ਮਾਣ ਨਾਲ ਧਾਰਮਿਕ ਅਤੇ ਮਾਣ ਨਾਲ ਭਾਰਤੀ ਹੋ ਸਕਦਾ ਹੈ। ਸੰਵਿਧਾਨ ਨਾਗਰਿਕਾਂ ਨੂੰ ਆਪਣੇ ਵਿਸ਼ਵਾਸਾਂ ਨੂੰ ਮਿਟਾਉਣ ਲਈ ਨਹੀਂ ਕਹਿੰਦਾ; ਇਹ ਉਨ੍ਹਾਂ ਨੂੰ ਨਿਆਂ, ਆਜ਼ਾਦੀ, ਸਮਾਨਤਾ ਅਤੇ ਭਾਈਚਾਰੇ ਨੂੰ ਕਾਇਮ ਰੱਖਣ ਲਈ ਕਹਿੰਦਾ ਹੈ। ਇਹ ਕਦਰਾਂ-ਕੀਮਤਾਂ ਵਿਸ਼ਵਾਸ ਦੇ ਵਿਰੁੱਧ ਨਹੀਂ ਹਨ। ਦਰਅਸਲ, ਜ਼ਿਆਦਾਤਰ ਧਾਰਮਿਕ ਪਰੰਪਰਾਵਾਂ ਦਇਆ, ਇਮਾਨਦਾਰੀ ਅਤੇ ਸਹਿ-ਹੋਂਦ ਦੀ ਵਕਾਲਤ ਕਰਦੀਆਂ ਹਨ ਜੋ ਲੋਕਤੰਤਰ ਨੂੰ ਕਮਜ਼ੋਰ ਕਰਨ ਦੀ ਬਜਾਏ ਮਜ਼ਬੂਤ ਕਰਦੀਆਂ ਹਨ।

ਭਾਰਤ ਦਾ ਭਵਿੱਖ ਧਾਰਮਿਕ ਪਛਾਣ ਅਤੇ ਰਾਸ਼ਟਰੀ ਸੰਬੰਧਾਂ ਵਿਚਕਾਰ ਨਾਜ਼ੁਕ ਪਰ ਸ਼ਕਤੀਸ਼ਾਲੀ ਸੰਤੁਲਨ ਨੂੰ ਸੁਰੱਖਿਅਤ ਰੱਖਣ 'ਤੇ ਨਿਰਭਰ ਕਰਦਾ ਹੈ। ਦੇਸ਼ ਦੀ ਸੱਭਿਅਤਾ ਦੀ ਯਾਤਰਾ ਦਰਸਾਉਂਦੀ ਹੈ ਕਿ ਵਿਭਿੰਨਤਾ ਕਦੇ ਵੀ ਇਸਦੀ ਕਮਜ਼ੋਰੀ ਨਹੀਂ ਰਹੀ; ਇਹ ਹਮੇਸ਼ਾ ਇਸਦੀ ਸਭ ਤੋਂ ਵੱਡੀ ਤਾਕਤ ਰਹੀ ਹੈ। ਅਜਿਹੇ ਬਹੁਲ ਸਮਾਜ 'ਤੇ ਇਕਸਾਰਤਾ ਨੂੰ ਮਜਬੂਰ ਕਰਨ ਦੀਆਂ ਕੋਸ਼ਿਸ਼ਾਂ ਭਾਰਤ ਦੀ ਭਾਵਨਾ ਨੂੰ ਨੁਕਸਾਨ ਪਹੁੰਚਾਉਣ ਦਾ ਜੋਖਮ ਲੈਂਦੀਆਂ ਹਨ। ਰਾਸ਼ਟਰੀ ਏਕਤਾ ਡਰ ਜਾਂ ਸ਼ੱਕ ਦੁਆਰਾ ਨਹੀਂ ਬਣਾਈ ਜਾ ਸਕਦੀ; ਇਸਨੂੰ ਆਪਸੀ ਸਤਿਕਾਰ, ਸੰਵਿਧਾਨਕ ਵਿਸ਼ਵਾਸ ਅਤੇ ਸਾਂਝੀ ਜ਼ਿੰਮੇਵਾਰੀ ਤੋਂ ਉਭਰਨਾ ਚਾਹੀਦਾ ਹੈ।

ਭਾਰਤੀ ਸੰਵਿਧਾਨ ਇਸ ਸਹਿ-ਹੋਂਦ ਲਈ ਕਾਨੂੰਨੀ ਢਾਂਚਾ ਪ੍ਰਦਾਨ ਕਰਦਾ ਹੈ, ਪਰ ਇਸਨੂੰ ਕਾਇਮ ਰੱਖਣ ਲਈ ਨਾਗਰਿਕਾਂ ਤੋਂ ਨੈਤਿਕ ਹਿੰਮਤ, ਨੇਤਾਵਾਂ ਤੋਂ ਬੌਧਿਕ ਇਮਾਨਦਾਰੀ ਅਤੇ ਸੰਸਥਾਵਾਂ ਤੋਂ ਸੰਵੇਦਨਸ਼ੀਲਤਾ ਦੀ ਲੋੜ ਹੁੰਦੀ ਹੈ। ਸਕੂਲਾਂ, ਮੀਡੀਆ ਪਲੇਟਫਾਰਮਾਂ, ਧਾਰਮਿਕ ਨੇਤਾਵਾਂ ਅਤੇ ਸਿਵਲ ਸਮਾਜ ਨੂੰ ਵੰਡ ਦੀ ਬਜਾਏ ਸੰਵਾਦ ਨੂੰ ਉਤਸ਼ਾਹਿਤ ਕਰਨ ਲਈ ਸਮੂਹਿਕ ਤੌਰ 'ਤੇ ਕੰਮ ਕਰਨਾ ਚਾਹੀਦਾ ਹੈ। ਸਮੇਂ ਦੀ ਲੋੜ ਮੁਕਾਬਲੇਬਾਜ਼ੀ ਰਾਸ਼ਟਰਵਾਦ ਨਹੀਂ, ਸਗੋਂ ਸੰਵਿਧਾਨਕ ਕਦਰਾਂ-ਕੀਮਤਾਂ ਵਿੱਚ ਜੜ੍ਹੀ ਹੋਈ ਹਮਦਰਦੀ ਵਾਲੀ ਨਾਗਰਿਕਤਾ ਹੈ।

ਭਾਰਤ ਦੀ ਸਮਕਾਲੀ ਸੱਭਿਆਚਾਰ; ਸਦੀਆਂ ਦੀ ਸਹਿ-ਹੋਂਦ ਦੁਆਰਾ ਆਕਾਰ ਪ੍ਰਾਪਤ ਇਸਦੀ ਸਭ ਤੋਂ ਕੀਮਤੀ ਵਿਰਾਸਤ ਬਣੀ ਹੋਈ ਹੈ। ਦੁਨੀਆ ਭਰ ਵਿੱਚ ਧਰੁਵੀਕਰਨ ਦੁਆਰਾ ਚਿੰਨ੍ਹ ?ਤ ਯੁੱਗ ਵਿੱਚ, ਭਾਰਤ ਇੱਕ ਅਜਿਹੇ ਮਾਡਲ ਵਜੋਂ ਖੜ੍ਹਾ ਰਹਿਣਾ ਜਾਰੀ ਰੱਖ ਸਕਦਾ ਹੈ ਜਿੱਥੇ ਵਿਸ਼ਵਾਸ ਅਤੇ ਰਾਸ਼ਟਰਵਾਦ ਟਕਰਾਉਂਦੇ ਨਹੀਂ ਹਨ ਸਗੋਂ ਇੱਕਸੁਰਤਾ ਨਾਲ ਇਕੱਠੇ ਰਹਿੰਦੇ ਹਨ। ਸੱਚਮੁੱਚ ਭਾਰਤੀ ਹੋਣ ਦਾ ਮਤਲਬ ਹੈ ਕਿਸੇ ਦੀ ਧਾਰਮਿਕ ਪਛਾਣ ਨੂੰ ਰੱਦ ਕਰਨਾ ਨਹੀਂ, ਸਗੋਂ ਇਸ ਵੱਡੇ ਵਿਚਾਰ ਨੂੰ ਅਪਣਾਉਣਾ ਕਿ ਡੂੰਘੀ ਵਿਭਿੰਨਤਾ ਦੇ ਵਿਚਕਾਰ ਵੀ ਏਕਤਾ ਸੰਭਵ ਹੈ।

-ਇਸ਼ਾ ਵਾਰਸੀ
ਫਰੈਂਕੋਫੋਨ ਅਤੇ ਪੱਤਰਕਾਰੀ ਅਧਿਐਨ,
ਜਾਮੀਆ ਮਿਲੀਆ ਇਸਲਾਮੀਆ।

ਪੰਜਾਬੀ ਯੂਨੀਵਰਸਿਟੀ ਤੋਂ ਮੰਦਭਾਗੀ ਖ਼ਬਰ: ਹੋਸਟਲ ਦੇ ਕਮਰੇ 'ਚੋਂ ਮਿਲੀ ਵਿਦਿਆਰਥੀ ਦੀ ਲਾਸ਼, ਕੈਂਪਸ 'ਚ ਮਚੀ ਹਾਹਾਕਾਰ



ਪਟਿਆਲਾ, 21 ਮਈ (ਰਾਜਿੰਦਰ ਸਿੰਘ ਜਾਲੀ): ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਕੈਂਪਸ ਤੋਂ ਇੱਕ ਬੇਹੱਦ ਮੰਦਭਾਗੀ ਅਤੇ ਦੁਖਦਾਈ ਖ਼ਬਰ ਸਾਹਮਣੇ ਆਈ ਹੈ। ਇੱਥੋਂ ਦੇ ਇੱਕ ਹੋਸਟਲ ਦੇ ਕਮਰੇ ਵਿੱਚੋਂ ਬੀ.ਟੈੱਕ ਦੇ ਵਿਦਿਆਰਥੀ ਦੀ ਸ਼ੱਕੀ ਹਾਲਾਤ ਵਿੱਚ ਲਾਸ਼ ਬਰਾਮਦ ਹੋਈ ਹੈ। ਮ੍ਰਿਤਕ ਵਿਦਿਆਰਥੀ ਦੀ ਪਛਾਣ ਵਰੁਣ ਪ੍ਰੀਤ ਸਿੰਘ ਵਜੋਂ ਹੋਈ ਹੈ, ਜੋ ਕਿ ਜ਼ਿਲ੍ਹਾ ਤਰਨਤਾਰਨ ਦੇ ਪਿੰਡ ਪਿੰਗ ਕੰਗ ਦਾ ਰਹਿਣ ਵਾਲਾ ਸੀ। ਇਸ ਘਟਨਾ ਤੋਂ ਬਾਅਦ ਪੂਰੇ ਯੂਨੀਵਰਸਿਟੀ ਕੈਂਪਸ ਵਿੱਚ ਸੋਗ ਦੀ ਲਹਿਰ ਦੌੜ ਗਈ ਹੈ ਸੂਚਨਾ ਮਿਲਦਿਆਂ ਹੀ ਸਥਾਨਕ ਥਾਣਾ ਅਰਬਨ ਅਸਟੇਟ ਦੀ ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਲਾਸ਼ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ ਹੈ ਅਤੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ ਮਿਲੀ ਜਾਣਕਾਰੀ ਅਨੁਸਾਰ, ਵਰੁਣ ਪ੍ਰੀਤ ਸਿੰਘ ਯੂਨੀਵਰਸਿਟੀ ਵਿੱਚ ਬੀ.ਟੈੱਕ ਦੀ ਪੜ੍ਹਾਈ ਕਰ ਰਿਹਾ ਸੀ। ਉਸਨੇ ਪਹਿਲਾਂ ਯੂਨੀਵਰਸਿਟੀ ਦੇ ਬਾਬਾ ਬੰਦਾ ਸਿੰਘ ਬਹਾਦਰ ਹੋਸਟਲ ਵਿੱਚ ਕਮਰੇ ਲਈ ਦਰਖਾਸਤ ਦਿੱਤੀ ਸੀ ਪਰ ਬਾਅਦ ਵਿੱਚ ਉਹ ਕੈਂਪਸ ਤੋਂ ਬਾਹਰ ਇੱਕ ਪੇਇੰਗ ਗੈਸਟ (ਪੀ.ਜੀ.) ਵਿੱਚ ਰਹਿਣ ਲੱਗ ਪਿਆ ਸੀ। ਬੁੱਧਵਾਰ ਦੀ ਰਾਤ ਨੂੰ ਇਹ ਭਾਣਾ ਉਸ ਵੇਲੇ ਉਜਾਗਰ ਹੋਇਆ ਜਦੋਂ ਹੋਸਟਲ ਵਿੱਚ ਰਹਿਣ ਵਾਲਾ ਇੱਕ ਹੋਰ ਵਿਦਿਆਰਥੀ ਇੱਕ ਬੰਦ ਪਏ ਕਮਰੇ ਵਿੱਚੋਂ ਆਪਣਾ ਸਾਮਾਨ ਚੁੱਕਣ ਲਈ ਉੱਥੇ ਗਿਆ। ਕਮਰੇ ਦੇ ਅੰਦਰ ਵਰੁਣ ਪ੍ਰੀਤ ਬੇਸੁੱਧ ਹਾਲਤ ਵਿੱਚ ਪਿਆ ਹੋਇਆ ਸੀ ਸਥਿਤੀ ਨੂੰ ਦੇਖਦਿਆਂ ਉਕਤ ਵਿਦਿਆਰਥੀ ਨੇ ਤੁਰੰਤ ਯੂਨੀਵਰਸਿਟੀ ਦੇ ਸੁਰੱਖਿਆ ਕਰਮਚਾਰੀਆਂ ਨੂੰ ਸੂਚਨਾ ਦਿੱਤੀ। ਜਦੋਂ ਵਰੁਣ ਨੇ ਕੋਈ ਹਰਕਤ ਨਹੀਂ ਕੀਤੀ ਤਾਂ ਕੈਂਪਸ ਸਥਿਤ ਡਿਸਪੈਂਸਰੀ ਦੀ ਮੈਡੀਕਲ ਟੀਮ ਨੂੰ ਤੁਰੰਤ ਮੌਕੇ 'ਤੇ ਸੱਦਿਆ ਗਿਆ। ਡਾਕਟਰਾਂ ਦੀ ਟੀਮ ਨੇ ਜਾਂਚ ਤੋਂ ਬਾਅਦ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਯੂਨੀਵਰਸਿਟੀ ਪ੍ਰਸ਼ਾਸਨ ਨੇ ਮੁਸਤੈਦੀ ਦਿਖਾਉਂਦੇ ਹੋਏ ਤੁਰੰਤ ਇਸ ਦੀ ਜਾਣਕਾਰੀ ਥਾਣਾ ਅਰਬਨ ਅਸਟੇਟ ਪੁਲਿਸ ਅਤੇ ਮ੍ਰਿਤਕ ਵਿਦਿਆਰਥੀ ਦੇ ਪਰਿਵਾਰਕ ਮੈਂਬਰਾਂ ਨੂੰ ਦਿੱਤੀ। ਹੋਸਟਲ ਪ੍ਰੋਵੋਸਟ ਦਾ ਕਹਿਣਾ ਹੈ ਕਿ ਮੌਤ ਦੇ ਅਸਲ ਕਾਰਨਾਂ ਬਾਰੇ ਅਜੇ ਕੁਝ ਨਹੀਂ ਕਿਹਾ ਜਾ ਸਕਦਾ। ਪੁਲਿਸ ਮੁਤਾਬਕ ਲਾਸ਼ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ ਅਤੇ ਰਿਪੋਰਟ ਆਉਣ ਤੋਂ ਬਾਅਦ ਹੀ ਮੌਤ ਦੇ ਸਹੀ ਕਾਰਨਾਂ ਦਾ ਪਤਾ ਲੱਗ ਸਕੇਗਾ। ਪਰਿਵਾਰ ਦੇ ਪਹੁੰਚਣ ਤੋਂ ਬਾਅਦ ਅਗਲੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਅੱਤ ਦੀ ਗਰਮੀ ਦੇ ਦੌਰਾਨ ਵੀ ਧਾਰਮਿਕ ਅਸਥਾਨਾਂ 'ਤੇ ਵੱਸਦੀ ਹੈ ਰੂਹਾਨੀ ਠੰਡਕ : ਗੌਰਵ ਰਾਣਾ

ਨੂਰਪੁਰ ਬੇਦੀ, 21 ਮਈ (ਮਨਦੀਪ ਬਾਲੀ): ਪਿੰਡ ਨੂਰਪੁਰ ਖੁਰਦ ਵਿਖੇ ਬਾਬਾ ਸਿੱਧ ਚਾਨੋਂ ਜੀ ਨੂੰ ਸਮਰਪਿਤ ਤੀਜਾ ਵਿਸ਼ਾਲ ਧਾਰਮਿਕ ਸਮਾਗਮ ਸ਼ਰਧਾ, ਭਗਤੀ ਅਤੇ ਧੂਮਧਾਮ ਨਾਲ ਮਨਾਇਆ ਗਿਆ। ਦਰਗਾਹ ਬਾਬਾ ਸਿੱਧ ਚਾਨੋਂ ਜੀ ਵਿਖੇ ਕਰਵਾਏ ਗਏ ਇਸ ਧਾਰਮਿਕ ਸਮਾਗਮ ਵਿੱਚ ਪੰਜਾਬ ਮੋਰਚਾ ਦੇ ਕਨਵੀਨਰ ਅਤੇ ਸਮਾਜ ਸੇਵੀ ਗੌਰਵ ਰਾਣਾ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕਰਦੇ ਹੋਏ ਮੱਥਾ ਟੇਕਿਆ ਅਤੇ ਸੰਗਤਾਂ ਨਾਲ ਰਲ ਮਿਲ ਕੇ ਧਾਰਮਿਕ ਅਰਦਾਸ ਵਿੱਚ ਹਾਜ਼ਰੀ ਭਰੀ। ਇਸ ਮੌਕੇ ਭਗਤ ਬਾਬਾ ਨਿੰਮਾ ਜੀ ਦੀ ਅਗਵਾਈ ਹੇਠ ਹੋਈ ਧਾਰਮਿਕ ਪੂਜਾ-ਅਰਚਨਾ ਦੌਰਾਨ ਇਲਾਕੇ ਦੀ ਸੁੱਖ-ਸ਼ਾਂਤੀ ਅਤੇ ਚੜ੍ਹਦੀ ਕਲਾ ਲਈ ਅਰਦਾਸ ਕੀਤੀ ਗਈ। ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਪਹੁੰਚੀਆਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਗੌਰਵ ਰਾਣਾ ਨੇ ਕਿਹਾ ਕਿ ਸਾਡਾ ਨੀਮ ਪਹਾੜੀ ਦੂਣੀ ਦਾ ਇਲਾਕਾ ਸੰਤ ਮਹਾਂਪੁਰਸ਼ਾਂ, ਗੁਰੂਆਂ, ਪੀਰਾਂ ਅਤੇ ਪੈਗੰਬਰਾਂ ਦੀ ਪਵਿੱਤਰ ਚਰਨ-ਧੂੜ ਨਾਲ ਰੰਗਿਆ ਹੋਇਆ ਹੈ। ਗੌਰਵ ਰਾਣਾ ਨੇ ਕਿਹਾ ਕਿ ਅੱਜ ਗੈਸ ਸਿਲੰਡਰਾਂ ਅਤੇ ਆਧੁਨਿਕ ਯੁੱਗ ਦੇ ਦੌਰ ਵਿੱਚ ਵੀ ਸਾਡੇ ਪੇਂਡੂ ਇਲਾਕਿਆਂ ਵਿੱਚ ਚੁੱਲਿਆਂ ਅਤੇ ਲੱਕੜੀਆਂ 'ਤੇ ਭੰਡਾਰੇ ਤਿਆਰ ਕਰਨ ਦੀ ਪੁਰਾਤਨ ਪਰੰਪਰਾ ਅਜੇ ਤੱਕ ਜਿਊਂਦੀ ਹੈ। ਇਸ ਦੌਰਾਨ ਗੌਰਵ ਰਾਣਾ ਵੱਲੋਂ ਧਾਰਮਿਕ ਕਾਰਜਾਂ ਲਈ ਕਲੱਬ ਨੂੰ ਆਰਥਿਕ ਸਹਾਇਤਾ ਵੀ ਭੇਟ ਕੀਤੀ ਗਈ ਅਤੇ ਇਲਾਕੇ ਦੇ ਲੋਕਾਂ ਦੇ ਹੱਕਾਂ ਅਤੇ ਧਾਰਮਿਕ ਸੇਵਾ ਲਈ ਹਮੇਸ਼ਾਂ ਡਟੇ ਰਹਿਣ ਦਾ ਭਰੋਸਾ ਦਿੱਤਾ ਗਿਆ। ਇਸ ਮੌਕੇ ਮਿੰਦਰ ਬੱਗਾ, ਬਲਵੀਰ ਖਾਨ, ਅੰਗਰੇਜ਼ ਲਾਲ, ਧਰਮਪਾਲ ਸੈਣੀ, ਬਲਜੀਤ ਸੈਣੀ, ਬਲਰਾਜ ਸੈਣੀ, ਡਾ. ਰਮੇਸ਼ ਕੁਮਾਰ, ਜਿੰਦਰ ਕੁਮਾਰ, ਸੋਨੀ ਸੈਣੀ, ਦਰਸ਼ਨ ਲੁਧਿਆਣਾ ਸਮੇਤ ਵੱਡੀ ਗਿਣਤੀ ਵਿੱਚ ਸੰਗਤਾਂ ਅਤੇ ਇਲਾਕੇ ਦੇ ਪਤਵੰਤੇ ਹਾਜ਼ਰ ਸਨ।

ਹਰ ਧਰਮ ਦਾ ਸਤਿਕਾਰ ਕਰਨ ਵਾਲਾ ਨੌਜਵਾਨ 'ਸੀਰਾ ਪੰਨੂ'



ਬਠਿੰਡਾ, 21 ਮਈ (ਰਾਜੀਵ ਗੋਇਲ): ਜਿਲੇਹ ਦੇ ਕਸਬਾ ਭਗਤਾ ਭਾਈਕਾ ਦੀ ਨਗਰ ਪੰਚਾਇਤ ਚੋਣ ਨੂੰ ਲੈ ਕੇ ਅਖਾੜਾ ਮਗਿਆ ਹੋਇਆ ਹੈ ਅਤੇ ਉਮੀਦਵਾਰਾਂ ਦੇ ਨਾਲ-ਨਾਲ ਆਮ ਲੋਕ ਵੀ ਇਹਨਾਂ ਚੋਣਾਂ ਦਾ ਸਵਾਦ ਲੈਂਦੇ ਆਮ ਦੇਖੇ ਜਾ ਸਕਦੇ ਹਨ ।ਨਗਰ ਪੰਚਾਇਤ ਦੀ ਚੋਣ ਨੂੰ ਲੈ ਕੇ ਸਾਰੀਆਂ ਹੀ ਸਿਆਸੀ ਪਾਰਟੀਆਂ ਵੱਲੋਂ ਆਪਣੇ ਉਮੀਦਵਾਰ ਮੈਦਾਨ ਵਿੱਚ ਉਤਾਰ ਗਏ ਹਨ ਅਤੇ ਇਸੇ ਤਰ੍ਹਾਂ ਆਮ ਆਦਮੀ ਪਾਰਟੀ ਵੱਲੋਂ ਵਾਰਡ ਨੰਬਰ 12 ਤੋਂ ਜਗਸੀਰ ਸਿੰਘ ਉਰਫ ਸੀਰਾ ਪੰਨੂ ਨੂੰ ਆਪਣਾ ਉਮੀਦਵਾਰ ਐਲਾਨਿਆ ਗਿਆ ਹੈ,ਜਿਸਦਾ ਮੁਕਾਬਲਾ ਕਾਂਗਰਸ ਦੇ ਉਮੀਦਵਾਰ ਸੁਰੇਸ਼ ਕੁਮਾਰ ਸਬਜੀ ਵਾਲੇ ਨਾਲ ਹੈ ਭਾਵੇਂ ਹੀ ਅਕਾਲੀਦਲ ਵੱਲੋਂ ਆਪਣਾ ਉਮੀਦਵਾਰ ਕਰਨ ਦੂਆ ਨੂੰ ਉਤਾਰਿਆ ਗਿਆ ਹੈ ਪਰ ਉਕਤ ਨੌਜਵਾਨ ਦਾ ਕੋਈ ਸਿਆਸੀ ਪਿਛੋਕੜਕੋਈ ਖਾਸ ਨਹੀਂ ਹੈ। ਇਸ ਵਾਰਡ ਵਿੱਚ ਸੀਰਾ ਪੰਨੂ ਕਾਫੀ ਮਿਹਨਤ ਕਰ ਰਹੇ ਹਨ,ਕਿਉਂਕਿ ਉਕਤ ਉਮੀਦਵਾਰ ਭਾਵੇਂ ਹੀ ਜਿਮੀਦਾਰ ਪਰਿਵਾਰ ਨਾਲ ਸੰਬੰਧ ਰੱਖਦੇ ਹਨ ਪਰ ਨਾਲ-ਨਾਲ ਉਹ ਹਿੰਦੂ ਧਰਮ ਦਾ ਸਤਿਕਾਰ ਕਰਦੇ ਹੋਏ ਹਿੰਦੂ ਧਰਮ ਨਾਲ ਸੰਬੰਧਤ ਪਵਿੱਤਰ ਤਿਉਹਾਰਾਂ ਵਿੱਚ ਵੀ ਵਧ ਚੜ੍ਹ ਕੇ ਹਿੱਸਾ ਲੈਂਦੇ ਹਨ।

ਦੇਸ਼ ਪੱਧਰੀ ਹੜਤਾਲ ਦੇ ਸੱਦੇ ਤੇ ਦਵਾਈਆਂ ਦੀ ਦੁਕਾਨਾਂ ਰਹੀਆਂ ਬੰਦ

ਲਹਿਰਾਗਾਗਾ, 21 ਮਈ (ਮਨਪ੍ਰੀਤ ਕੌਰ ਸੈਣੀ ਚੂੜਲ ਕਲਾਂ): ਕੈਮਿਸਟ ਐਸੋਸੀਏਸ਼ਨ ਲਹਿਰਾ ਗਾਗਾ ਵੱਲੋਂ ਅੱਜ ਆਲ ਇੰਡੀਆ ਕੈਮਿਸਟ ਐਂਡ ਡਰਗਿਸਟ ਐਸੋਸੀਏਸ਼ਨ ਅਤੇ ਪੰਜਾਬ ਕੈਮਿਸਟ ਐਸੋਸੀਏਸਨ ਵੱਲੋਂ ਦੇਸ਼ ਭਰ ਵਿੱਚ ਦੀ ਦਿੱਤੀ ਗਈ ਹੜਤਾਲ ਦੇ ਸੱਦੇ ਤੇ ਦਵਾਈਆਂ ਦੁਕਾਨਾਂ ਨੂੰ ਪੂਰਨ ਤੌਰ ਤੇ ਬੰਦ ਰੱਖਿਆ ਗਿਆ, ਤਾਂ ਜੋ ਆਪਣੀਆਂ ਹੱਕੀ ਮੰਗਾਂ ਲਈ ਸਰਕਾਰ ਵਿਰੁੱਧ ਰੋਸ ਜਾਹਿਰ ਕੀਤਾ ਜਾ ਸਕੇ। ਕੈਮਿਸਟ ਐਸੋਸੀਏਸ਼ਨ ਲਹਿਰਾ ਗਾਗਾ ਦੇ ਪਧਾਨ ਸਤਿੰਦਰ ਕੁਮਾਰ ਅਤੇ ਸੈਕਟਰੀ ਦੇ ਖੁਸ਼ਵਿੰਦਰ ਸ਼ਰਮਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਇਹ ਹੜਤਾਲ ਆਨਲਾਈਨ ਫਾਰਮੇਸੀ ਦੇ ਵਿਰੋਧ ਵਿਚ ਅਤੇ ਕੈਮਿਸਟਾਂ ਨੂੰ ਹੋਰ ਆ ਰਹੀਆਂ ਮੁਸ਼ਕਿਲਾਂ ਦਾ ਹੱਲ ਕਰਵਾਉਣ ਲਈ ਇਹ ਬੰਦ ਦਾ ਫੈਸਲਾ ਕੀਤਾ ਗਿਆ ਹੈ !ਇਸ ਮੌਕੇ ਤਰਸੇਮ ਗੋਇਲ, ਰਾਜੀ ਭਾਰਦਵਾਜ, ਕ੍ਰਿਸਨ ਚੰਦ, ਸੰਜੇ ਕਾਂਸਲ, ਵਾਈਸ ਪ੍ਰਧਾਨ ਮੁਕੇਸ਼ ਗੁਰਨੇ, ਰਮਨੀਤ ਗਰਗ, ਰੌਬਿਨ ਬਾਂਸਲ, ਰੋਮੀ, ਬਚਨ ਦੇਵ, ਬਿਬੇਕ ਸਰਮਾ, ਆਦਿ ਹਾਜ਼ਰ ਸਨ।

ਪੰਥਕ ਏਕਤਾ ਸਮੇਂ ਦੀ ਲੋੜ ਪਰ ਅਕਾਲੀ ਦਲਾਂ ਦੀ ਹਾਲਤ ਟਾਹਣੀਓਂ ਟੁੱਟੇ ਪੱਤੇ ਵਰਗੀ: ਪਰਗਟ ਗਾਗਾ

ਲਹਿਰਾਗਾਗਾ ਮੂਨਕ, 21 ਮਈ (ਮਨਪ੍ਰੀਤ ਕੌਰ ਸੈਣੀ ਚੂੜਲ ਕਲਾਂ): ਅੱਜ ਜਦੋਂ ਖਾਲਸਾ ਪੰਥ ਨੂੰ ਏਕਤਾ ਦੀ ਸਖ਼ਤ ਲੋੜ ਹੈ, ਉਸ ਵੇਲੇ ਵੱਖ-ਵੱਖ ਅਕਾਲੀ ਦਲਾਂ ਅਤੇ ਪੰਥਕ ਆਗੂਆਂ ਦੀ ਹਾਲਤ ਟਾਹਣੀਓਂ ਟੁੱਟੇ ਪੱਤੇ ਵਰਗੀ ਬਣੀ ਹੋਈ ਹੈ। ਇਹ ਵਿਚਾਰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਹਲਕਾ ਇੰਚਾਰਜ ਲਹਿਰਾਗਾਗਾ ਜਥੇਦਾਰ ਪਰਗਟ ਸਿੰਘ ਗਾਗਾ ਨੇ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਇਸ ਸਮੇਂ ਸਿਰਫ਼ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਹੀ ਅਜਿਹਾ ਦਲ ਹੈ ਜੋ ਆਪਣੇ ਸਿਧਾਂਤਾਂ ਅਤੇ ਗੁਰੂ ਸਾਹਿਬਾਨ ਦੀ ਸੋਚ 'ਤੇ ਅਟੱਲ ਖੜ੍ਹਾ ਹੈ। ਜਥੇਦਾਰ ਪਰਗਟ ਸਿੰਘ ਗਾਗਾ ਨੇ ਕਿਹਾ ਕਿ ਵੱਖ-ਵੱਖ ਅਕਾਲੀ ਦਲਾਂ ਅਤੇ ਪੰਥਕ ਆਗੂਆਂ ਵਿਚ ਟੁੱਟ-ਫੁੱਟ ਜਾਰੀ ਹੈ। ਕਈ ਆਗੂ ਭਾਜਪਾ ਅਤੇ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਚੁੱਕੇ ਹਨ। ਉਨ੍ਹਾਂ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਪੰਜਾਬ ਵਿਚ ਕਾਨੂੰਨੀ ਵਿਵਸਥਾ ਲਗਾਤਾਰ ਖ਼ਰਾਬ ਹੋ ਰਹੀ ਹੈ ਅਤੇ ਰੋਜ਼ਾਨਾ ਝੂਠੇ ਪੁਲਿਸ ਮੁਕਾਬਲੇ, ਅਗਵਾਹੀਆਂ ਅਤੇ ਕਤਲਾਂ ਦੀਆਂ ਘਟਨਾਵਾਂ ਸਾਹਮਣੇ ਆ ਰਹੀਆਂ ਹਨ। ਉਨ੍ਹਾਂ ਦੋਸ਼ ਲਗਾਇਆ ਕਿ ਸਰਕਾਰ ਬੇਰੁਜ਼ਗਾਰੀ ਖਤਮ ਕਰਨ, ਉਦਯੋਗ ਲਿਆਉਣ, ਕਿਸਾਨਾਂ ਨੂੰ ਫਸਲਾਂ ਦੇ ਉਚਿਤ ਭਾਅ ਅਤੇ ਖ਼ਰਾਬੇ ਦਾ ਮੁਆਵਜ਼ਾ ਦੇਣ ਵਿਚ ਪੂਰੀ ਤਰ੍ਹਾਂ ਨਾਕਾਮ ਰਹੀ ਹੈ। ਗਾਗਾ ਨੇ ਕਿਹਾ ਕਿ ਸਫਾਈ ਸੇਵਕਾਂ ਨਾਲ ਹੋ ਰਹੀ ਬੇਇਨਸਾਫ਼ੀ ਅਤੇ ਸ਼ਹਿਰਾਂ ਵਿਚ ਵਧ ਰਹੀ ਗੰਦਗੀ ਵੀ ਸਰਕਾਰ ਦੀ ਕਾਰਗੁਜ਼ਾਰੀ 'ਤੇ ਸਵਾਲ ਖੜ੍ਹੇ ਕਰਦੀ ਹੈ। ਉਨ੍ਹਾਂ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਿਚ ਪੰਜਾਬ ਦੇ ਹੱਕਾਂ ਨੂੰ ਖਤਮ ਕਰਨ ਅਤੇ ਚੰਡੀਗੜ੍ਹ ਵਿਚ 60-40 ਫਾਰਮੂਲੇ ਨੂੰ ਤਿਆਗਣ ਨੂੰ ਵੀ ਪੰਜਾਬ ਦੇ ਹਿੱਤਾਂ ਦੇ ਖ਼ਿਲਾਫ਼ ਕਰਾਰ ਦਿੱਤਾ। ਜਥੇਦਾਰ ਪਰਗਟ ਸਿੰਘ ਗਾਗਾ ਨੇ ਪੰਜਾਬ ਵਾਸੀਆਂ ਅਤੇ ਸਿੱਖ ਕੌਮ ਨੂੰ ਅਪੀਲ ਕੀਤੀ ਕਿ ਉਹ ਸਿਧਾਂਤਕ ਰਾਜਨੀਤੀ ਲਈ ਸ. ਸਿਮਰਨਜੀਤ ਸਿੰਘ ਮਾਨ ਅਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੂੰ ਮਜ਼ਬੂਤ ਕਰਨ ਤਾਂ ਜੋ "ਬੇਗਮਪੁਰਾ"ਵਾਲੀ ਸੋਚ 'ਤੇ ਅਧਾਰਿਤ ਰਾਜ ਵਿਵਸਥਾ ਕਾਇਮ ਕੀਤੀ ਜਾ ਸਕੇ।

ਮੇਰਾ ਮਕਸਦ, ਮੇਰੇ ਲੋਕਾਂ ਦੀ ਸੇਵਾ-ਸਿਕੰਦਰ ਕੋਠਾਗੁਰੂ

ਬਠਿੰਡਾ, 21 ਮਈ (ਰਾਜੀਵ ਗੋਇਲ): ਸਾਬਕਾ ਵਜ਼ੀਰ ਗੁਰਪ੍ਰੀਤ ਸਿੰਘ ਕਾਂਗੜ੍ਹ ਦੇ ਥਾਪੜੇ ਹੇਠ ਚੋਣ ਲੜੇ ਰਹੇ ਜਿਲੇਹ ਦੇ ਕਸਬਾ ਭਗਤਾ ਭਾਈਕਾ ਦੇ ਨੇੜਲੇ ਪਿੰਡ ਕੋਠਾਗੁਰੂ ਦੇ ਵਾਰਡ ਨੰਬਰ 1 ਤੋਂ ਉਮੀਦਵਾਰ ਸੀਮਾ ਕੌਰ ਦੇ ਪਤੀ ਸਿਕੰਦਰ ਸਿੰਘ ਨੇ ਕਿਹਾ ਕਿ ਉਹਨਾਂ ਦਾ ਮੁੱਖ ਮਕਸਦ ਲੋਕਾਂ ਦੀ ਸੇਵਾ ਕਰਨਾ ਹੈ। ਭਾਵੇਂ ਹੀ ਉਹ ਸਿਆਸਤ ਤੋਂ ਕੋਹਾਂ ਦੂਰ ਹਨ ਅਤੇ ਸਾਦੇ ਤੇ ਸਾਊ ਪਰਿਵਾਰ ਨਾਲ ਸੰਬੰਧ ਰੱਖਦੇ ਹਨ ਪਰ ਕਾਂਗੜ੍ਹ ਵੱਲੋਂ 2002 ਵਿੱਚ ਹਲਕਾ ਰਾਮਪੁਰਾ ਫੂਲ ਤੋਂ ਅਜਾਦ ਚੋਣ ਲੜੀ ਗਈ ਸੀ,ਜਿਸਤੋਂ ਉਹ ਪ੍ਰਭਾਵਿਤ ਹੋ ਕੇ ਕਾਂਗੜ੍ਹ ਨਾਲ ਨਿੱਜੀ ਤੌਰ 'ਤੇ ਜੁੜ ਗਏ। ਉਹਨਾਂ ਕਿਹਾ ਕਿ ਜੇਕਰ ਵਾਰਡ ਦੇ ਲੋਕ ਉਹਨਾਂ ਨੂੰ ਫਤਵਾ ਦਿੰਦੇ ਹਨ ਤਾਂ ਉਹ ਨਿਸੁਆਰਥ ਹੋ ਕੇ ਪਾਰਟੀਬਾਜੀ ਤੋਂ ਉੱਪਰ ਉੱਠ ਕੇ ਆਮ ਲੋਕਾਂ ਦੀ ਸੇਵਾ ਕਰਨਗੇ। ਉਹਨਾਂ ਇਹ ਵੀ ਕਿਹਾ ਕਿ ਭਾਵੇਂ ਹੀ ਉਹ ਆਪਣੇ ਵਾਰਡ ਦੀ ਰਹਿਣ ਵਾਲੀ ਲੜਕੀ ਦੀ ਸ਼ਾਦੀ 'ਤੇ ਪਹਿਲਾਂ ਤੋਂ ਹੀ ਸਹਾਇਤਾ ਕਰਦੇ ਆ ਰਹੇ ਹਨ ਪਰ ਹੁਣ ਵੀ ਉਹ ਜਿੱਤ ਤੋਂ ਬਾਅਦ 5100/- ਰੁਪਏ ਸ਼ਗਨ ਦੀ ਰਾਸ਼ੀ ਨੂੰ ਬਰਕਰਾਰ ਰੱਖਣਗੇ।

ਪੰਚਮੀ ਦੇ ਦਿਹਾੜੇ ਮੌਕੇ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਸੰਗਤਾਂ ਵੱਡੀ ਗਿਣਤੀ 'ਚ ਸੰਗਤਾਂ ਨਤਮਸਤਕ

ਪਟਿਆਲਾ, 21 ਮਈ (ਰਾਜਿੰਦਰ ਸਿੰਘ ਥਿੰਦ): ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਚਰਨਛੋਹ ਅਸਥਾਨ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਵਿਖੇ ਪੰਚਮੀ ਦੇ ਦਿਹਾੜੇ ਮੌਕੇ ਸੰਗਤਾਂ ਵੱਡੀ ਗਿਣਤੀ ਵਿਚ ਗੁਰੂ ਦਰਬਾਰ ਵਿਖੇ ਨਤਮਸਤਕ ਹੋਈਆਂ। ਤੜਕਸਵੇਰੇ ਕਵਾੜ ਖੁੱਲ੍ਹਣ ਮਗਰੋਂ ਹੈਡ ਗ੍ਰੰਥੀ ਭਾਈ ਪ੍ਰਨਾਮ ਸਿੰਘ ਨੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਅਤੇ ਸੰਗਤਾਂ ਨੇ ਹਜ਼ੂਰੀ ਰਾਗੀ ਕੀਰਤਨੀ ਜੱਥਿਆਂ ਪਾਸੋਂ ਚਲਾਏ ਕੀਰਤਨ ਪ੍ਰਵਾਹ ਦਾ ਆਨੰਦ ਵੀ ਮਾਣਿਆ। ਇਸ ਮੌਕੇ ਵੱਡੀ ਗਿਣਤੀ ਵਿਚ ਨਤਮਸਤਕ ਹੋਣ ਪੁੱਜੀਆਂ ਸੰਗਤਾਂ ਨੇ ਜਿਥੇ ਪੰਗਤ ਅਤੇ ਸੰਗਤ ਕੀਤੀ, ਉਥੇ ਹੀ ਪਵਿੱਤਰ ਸਰੋਵਰ ਵਿਚ ਇਸ਼ਨਾਨ ਵੀ ਕੀਤਾ। ਗੁਰਦੁਆਰਾ ਸਾਹਿਬ ਦੇ ਦੀਵਾਨ ਹਾਲ ਵਿਖੇ ਧਾਰਮਕ ਦੀਵਾਨ ਸਜਾਏ ਗਏ, ਜਿਥੇ ਭਾਈ ਮਲਕੀਤ ਸਿੰਘ, ਗੁਰਪਿਆਰ ਸਿੰਘ ਜੌਹਰ, ਮਨਵਿੰਦਰ ਸਿੰਘ ਸੁਨਾਮ, ਬਲਬੀਰ ਸਿੰਘ ਸਾਗਰ, ਅਰਜਨ ਸਿੰਘ ਰਾਜਪੁਰਾ, ਗੁਰਮੀਤ ਕੌਰ ਅੰਬਾਲਾ, ਭਾਈ ਸੁਖਦੇਵ ਸਿੰਘ ਹਡਾਣਾ, ਭਾਈ ਰੂਪ ਸਿੰਘ ਬਲਬੇਲਾ ਆਦਿ ਨੇ ਸੰਗਤਾਂ ਨੂੰ ਗੁਰੂ ਇਤਿਹਾਸ ਸੁਣਾ ਕੇ ਨਿਹਾਲ ਕੀਤਾ। ਇਸ ਮੌਕੇ ਉਚੇਚੇ ਤੌਰ 'ਤੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ, ਅੰਤ੍ਰਿਗ ਕਮੇਟੀ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ ਅਤੇ ਜਥੇਦਾਰ ਜਸਮੇਰ ਸਿੰਘ ਲਾਛੜੂ ਪੁੱਜੇ ਹੋਏ ਸਨ। ਸੰਗਤਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਿੱਖ ਇਤਿਹਾਸ ਵਿਚ ਦੋ ਘੱਲੂਘਾਰਿਆਂ ਦਾ ਵਿਸ਼ੇਸ਼ ਜ਼ਿਕਰ ਕੀਤਾ ਜਾਂਦਾ ਹੈ ਜਿਨ੍ਹਾਂ 'ਚੋਂ ਇੱਕ ਨੂੰ ਵੱਡਾ ਅਤੇ ਦੂਸਰੇ ਨੂੰ ਛੋਟਾ ਘੱਲੂਘਾਰਾ ਕਿਹਾ ਜਾਂਦਾ ਹੈ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਮੈਨੇਜਰ ਭਾਗ ਸਿੰਘ ਨੇ ਗੁਰੂ ਘਰ ਵੱਡੀ ਗਿਣਤੀ ਵਿਚ ਮੱਥਾ ਟੇਕਣ ਪੁੱਜਦੀਆਂ ਪੁੱਜੀਆਂ ਸੰਗਤਾਂ ਦਾ ਧੰਨਵਾਦ ਕੀਤਾ। ਇਸ ਦੌਰਾਨ ਹੋਰਨਾਂ ਤੋਂ ਇਲਾਵਾ ਐਡੀਸ਼ਨਲ ਮੈਨੇਜਰ ਮਨਦੀਪ ਸਿੰਘ, ਮੀਤ ਮੈਨੇਜਰ ਨਵਜਿੰਦਰ ਸਿੰਘ, ਮਨਜੀਤ ਸਿੰਘ, ਅਕਾਊਂਟੈਂਟ ਗੁਰਮੀਤ ਸਿੰਘ, ਭਾਈ ਸਰਬਜੀਤ ਸਿੰਘ, ਭਾਈ ਹਜ਼ੂਰ ਸਿੰਘ, ਭਾਰਤੀ ਘੱਟ ਗਿਣਤੀ ਦਲਿਤ ਫਰੰਟ ਦੇ ਪ੍ਰਧਾਨ ਜੋਗਿੰਦਰ ਸਿੰਘ ਪੰਛੀ, ਪ੍ਰਚਾਰਕ ਪਰਵਿੰਦਰ ਸਿੰਘ ਬਰਾੜਾ, ਅਵਤਾਰ ਸਿੰਘ ਬੱਲੋਪੁਰ, ਪਰਵਿੰਦਰ ਸਿੰਘ ਰਿਉਂਦ ਤੋਂ ਇਲਾਵਾ ਸ਼ ?ਰਮਣੀ ਕਮੇਟੀ ਅਧਿਕਾਰੀ ਤੇ ਸਟਾਫ ਮੈਂਬਰ ਆਦਿ ਸ਼ਾਮਲ ਸਨ।

ਗਰਭਵਤੀ ਔਰਤਾਂ ਅਤੇ ਬੱਚਿਆਂ ਦੀ ਸਿਹਤ ਸੰਭਾਲ 'ਚ ਨਾ ਵਰਤੀ ਜਾਵੇ ਲਾਪਰਵਾਹੀ: ਐਸ ਐਮ ਓ ਬਲਾਚੌਰ

ਬਲਾਚੌਰ, 21 ਮਈ (ਤਜਿੰਦਰ ਜੋਤ) ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਲੈਫ. ਜਨਰਲ ਬਿਕਰਮ ਸਿੰਘ ਸਬ ਡਵੀਜ਼ਨਲ ਹਸਪਤਾਲ ਬਲਾਚੌਰ ਦੇ ਸੀਨੀਅਰ ਮੈਡੀਕਲ ਅਫਸਰ ਡਾ. ਸਤਿੰਦਰਜੀਤ ਕੌਰ ਨੇ ਬੱਚਿਆਂ ਤੇ ਗਰਭਵਤੀ ਔਰਤਾਂ ਦੀ ਸਿਹਤ ਸੁਰੱਖਿਆ ਲਈ ਚਲਾਏ ਜਾ ਰਹੇ ਮਮਤਾ ਦਿਵਸ ਪ੍ਰੋਗਰਾਮ ਤਹਿਤ ਸਬ ਸੈਂਟਰ ਜੋਗੇਵਾਲ ਅਤੇ ਸਿੰਬਲ ਮਜਾਰਾ ਦਾ ਵਿਸ਼ੇਸ਼ ਦੌਰਾ ਕੀਤਾ। ਇਸ ਦੌਰੇ ਦੌਰਾਨ ਉਨ੍ਹਾਂ ਨੇ ਉੱਥੇ ਮਿਲ ਰਹੀਆਂ ਸਿਹਤ ਸੇਵਾਵਾਂ ਦਾ ਬਾਰੀਕੀ ਨਾਲ ਜਾਇਜ਼ਾ ਲਿਆ ਅਤੇ ਗਰਭਵਤੀ ਮਹਿਲਾਵਾਂ, ਦੁੱਧ ਪਿਲਾਉਣ ਵਾਲੀਆਂ ਮਾਵਾਂ ਅਤੇ ਛੋਟੇ ਬੱਚਿਆਂ ਨੂੰ ਦਿੱਤੀਆਂ ਜਾ ਰਹੀਆਂ ਸਿਹਤ ਸਹੂਲਤਾਂ ਦੀ ਵਿਸਥਾਰ ਨਾਲ ਸਮੀਖਿਆ ਕੀਤੀ।ਡਾ. ਸਤਿੰਦਰਜੀਤ ਕੌਰ ਨੇ ਮੌਕੇ ਤੇ ਹਾਜ਼ਰ ਸਿਹਤ ਕਰਮਚਾਰੀਆਂ ਨਾਲ ਇਕ ਅਹਿਮ ਮੀਟਿੰਗ ਵੀ ਕੀਤੀ। ਉਨ੍ਹਾਂ ਨੇ ਸਟਾਫ ਨੂੰ ਮਾਵਾਂ ਤੇ ਬੱਚਿਆਂ ਦੀ ਸਿਹਤ ਸੰਭਾਲ ਸਬੰਧੀ ਸਰਕਾਰੀ ਯੋਜਨਾਵਾਂ ਨੂੰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਦੇ ਸਖ਼ਤ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ: ਮਮਤਾ ਦਿਵਸ ਦਾ ਮੁੱਖ ਉਦੇਸ਼ ਗਰਭਵਤੀ ਮਹਿਲਾਵਾਂ ਅਤੇ ਨਵ-ਜੰਮੇ ਬੱਚਿਆਂ ਨੂੰ ਸਮੇਂ ਸਿਰ ਸਿਹਤ ਸੇਵਾਵਾਂ ਮੁਹੱਈਆ ਕਰਵਾਉਣਾ ਹੈ ਤਾਂ ਜੋ ਮਾਵਾਂ ਤੇ ਬੱਚਿਆਂ ਦੀ ਮੌਤ ਦਰ ਵਿੱਚ ਕਮੀ ਲਿਆਂਦੀ ਜਾ ਸਕੇ। ਉਨ੍ਹਾਂ ਨੇ ਸਿਹਤ ਕੇਂਦਰਾਂ ਚ ਆਈਆਂ ਗਰਭਵਤੀ ਮਹਿਲਾਵਾਂ ਨੂੰ ਸੰਤੁਲਿਤ ਖੁਰਾਕ ਖਾਣ, ਨਿਯਮਿਤ ਸਿਹਤ ਜਾਂਚ ਕਰਵਾਉਣ, ਆਇਰਨ ਅਤੇ ਕੈਲਸ਼ੀਅਮ ਦੀਆਂ ਗੋਲੀਆਂ ਦੀ ਨਿਰੰਤਰ ਵਰਤੋਂ ਕਰਨ ਅਤੇ ਸਮੇਂ ਸਿਰ ਟੀਕਾਕਰਣ ਕਰਵਾਉਣ ਬਾਰੇ ਜਾਗਰੂਕ ਕੀਤਾ। ਇਸ ਦੇ ਨਾਲ ਹੀ ਉਨ੍ਹਾਂ ਨੇ ਮਾਵਾਂ ਨੂੰ ਬੱਚੇ ਦੇ ਜਨਮ ਤੋਂ ਤੁਰੰਤ ਬਾਅਦ ਮਾਂ ਦਾ ਪਹਿਲਾ ਗਾੜ੍ਹਾ ਦੁੱਧ ਪਿਲਾਉਣ, ਬੱਚੇ ਦੀ ਸਾਫ਼-ਸਫ਼ਾਈ ਅਤੇ ਪੋਸ਼ਣ ਸੰਬੰਧੀ ਅਹਿਮ ਨੁਕਤੇ ਵੀ ਸਾਂਝੇ ਕੀਤੇ।ਐਸ.ਐਮ.ਓ. ਨੇ ਅੱਗੇ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਪਿੰਡ ਪੱਧਰ 'ਤੇ ਲੋਕਾਂ ਨੂੰ ਬਿਹਤਰ ਸਿਹਤ ਸੇਵਾਵਾਂ ਦੇਣ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ ਅਤੇ 'ਮਮਤਾ ਦਿਵਸ' ਇਸ ਮੁਹਿੰਮ ਦਾ ਇੱਕ ਬਹੁਤ ਹੀ ਮਹੱਤਵਪੂਰਨ ਹਿੱਸਾ ਹੈ। ਉਨ੍ਹਾਂ ਕਿਹਾ ਕਿ ਗਰਭ ਅਵਸਥਾ ਦੌਰਾਨ ਨਿਯਮਿਤ ਜਾਂਚ ਅਤੇ ਸਹੀ ਦੇਖਭਾਲ ਨਾਲ ਮਾਂ ਅਤੇ ਬੱਚੇ ਦੋਵਾਂ ਨੂੰ ਕਈ ਗੰਭੀਰ ਬਿਮਾਰੀਆਂ ਤੋਂ ਬਚਾਇਆ ਜਾ ਸਕਦਾ ਹੈ।ਉਨ੍ਹਾਂ ਸਿਹਤ ਸਟਾਫ ਨੂੰ ਹਦਾਇਤ ਕੀਤੀ ਕਿ ਹਰ ਯੋਗ ਲਾਭਪਾਤਰੀ ਤੱਕ ਸਰਕਾਰੀ ਸਿਹਤ ਯੋਜਨਾਵਾਂ ਦਾ ਲਾਭ ਪਹੁੰਚਾਉਣਾ ਯਕੀਨੀ ਬਣਾਇਆ ਜਾਵੇ ਅਤੇ ਗਰਭਵਤੀ ਮਹਿਲਾਵਾਂ ਦੀ ਸਮੇਂ-ਸਮੇਂ 'ਤੇ ਟ੍ਰੈਕਿੰਗ ਕੀਤੀ ਜਾਵੇ। ਅਖੀਰ ਵਿੱਚ, ਉਨ੍ਹਾਂ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਗਰਭਵਤੀ ਮਹਿਲਾਵਾਂ ਆਪਣੀਆਂ ਨਿਯਮਿਤ ਜਾਂਚਾਂ ਅਤੇ ਟੀਕਾਕਰਣ ਜ਼ਰੂਰ ਕਰਵਾਉਣ ਅਤੇ ਬੱਚਿਆਂ ਦੀ ਸਿਹਤ ਸੰਭਾਲ ਵਿੱਚ ਕੋਈ ਲਾਪਰਵਾਹੀ ਨਾ ਵਰਤਣ ਤਾਂ ਜੋ ਇੱਕ ਤੰਦਰੁਸਤ ਸਮਾਜ ਦਾ ਨਿਰਮਾਣ ਕੀਤਾ ਜਾ ਸਕੇ।ਇਸ ਮੌਕੇ ਡਾ. ਮਨਦੀਪ ਸਿੰਘ, ਬਲਾਕ ਐਕਸਟੈਂਸ਼ਨ ਐਜੂਕੇਟਰ ਨਿਰਮਲ ਸਿੰਘ, ਗੁਰਨੇਕ ਸਿੰਘ, ਗੁਰਮੁੱਖ ਸਿੰਘ ਅਤੇ ਗੁਰਵਿੰਦਰ ਕੌਰ ਸਮੇਤ ਹੋਰ ਸਿਹਤ ਕਰਮਚਾਰੀ ਵੀ ਮੌਜੂਦ ਸਨ।

ਦ ਨੋਰਵੁੱਡ ਸਕੂਲ ਚਾਹਲ ਦਾ 2026-2027 ਦਾ ਨਿਵੇਸ਼ ਸਮਾਰੋਹ ਬੜੀ ਧੂਮ-ਧਾਮ ਨਾਲ ਸੰਪੂਰਨ ਹੋਇਆ

ਨਵਾਂਸ਼ਹਿਰ/ਕਾਠਗੜ੍ਹ 21 ਮਈ (ਜਤਿੰਦਰ ਪਾਲ ਸਿੰਘ ਕਲੇਰ) ਦ ਨੋਰਵੁੱਡ ਸਕੂਲ, ਚਾਹਲ ਵੱਲੋਂ ਸਕੂਲ ਦੇ ਵਿੱਚ ਇੱਕ ਚੋਣ ਪ੍ਰਕਿਰਿਆ ਕੀਤੀ ਗਈ। ਜਿਸ ਵਿੱਚ ਸਕੂਲ ਲਈ ਪ੍ਰਤੀਨਿਧੀ ਲੜਕਾ ਅਤੇ ਲੜਕੀ ਇਸੇ ਤਰ੍ਹਾਂ ਹੀ ਖੇਡ ਵਿਭਾਗ ਲਈ ਵੀ ਪ੍ਰਤੀਨਿਧੀ ਲੜਕਾ ਅਤੇ ਲੜਕੀ ਦੀ ਚੋਣ ਲਈ ਬੱਚਿਆਂ ਤੋਂ ਉਨ੍ਹਾਂ ਦੇ ਨਾਮ ਲਏ ਗਏ। ਉਹਨਾਂ ਨੂੰ ਚੋਣ ਨਿਸ਼ਾਨ ਦਿੱਤੇ ਗਏ ਅਤੇ ਬੱਚਿਆਂ ਨੇ ਸਕੂਲ ਵਿੱਚ ਪੂਰੀ ਚੋਣ ਪ੍ਰਕਿਰਿਆ ਨੂੰ ਅਮਲ ਵਿੱਚ ਲਿਆਂਦਾ। ਇਹਨਾਂ ਵੋਟਾਂ ਵਿੱਚ ਛੇਵੀਂ ਜਮਾਤ ਤੋਂ ਬਾਰਵੀਂ ਜਮਾਤ ਤੱਕ ਦੇ ਬੱਚਿਆਂ ਅਤੇ ਅਧਿਆਪਕਾਂ ਨੂੰ ਆਪਣੀ ਯੋਗਤਾਵਾਂ ਸੰਬੰਧੀ ਚੋਣ ਪ੍ਰਚਾਰ ਕਰਕੇ ਪ੍ਰਭਾਵਿਤ ਕੀਤਾ, ਆਪਣੇ ਚੋਣ ਨਿਸ਼ਾਨ ਬਾਰੇ ਜਾਣਕਾਰੀ ਦਿੱਤੀ ਅਤੇ ਵੋਟ ਪਾਉਣ ਲਈ ਉਤਸ਼ਾਹਿਤ ਕੀਤਾ। ਬੱਚਿਆਂ ਨੇ ਪੂਰੀ ਚੋਣ ਪ੍ਰਣਾਲੀ ਦਾ ਆਨੰਦ ਲਿਆ ਤੇ ਇਸਦਾ ਤਜੁਰਬਾ ਕੀਤਾ। 11 ਮਈ ਨੂੰ ਸਕੂਲ ਵਿੱਚ ਵੋਟਾਂ ਪਵਾਈਆਂ ਗਈਆਂ ਜਿਸ ਵਿੱਚ ਵਿਦਿਆਰਥੀਆਂ ਤੇ ਸਟਾਫ ਮੈਂਬਰਾਂ ਨੇ ਆਪਣੇ ਇਸ ਅਧਿਕਾਰ ਦੀ ਵਰਤੋਂ ਕੀਤੀ। ਉਸ ਤੋਂ ਬਾਅਦ ਵੋਟਾਂ ਦੀ ਗਿਣਤੀ ਕੀਤੀ ਗਈ। ਜਿਸ ਵਿੱਚ ਪ੍ਰਤਿਨਿਧੀ ਲੜਕਾ ਮਨਿੰਦਰ ਕਲੇਰ, ਪ੍ਰਤੀਨਿਧੀ ਲੜਕੀ ਪ੍ਰਭਜੋਤ ਮੰਡੇਰ, ਸਪੋਰਟਸ ਪ੍ਰਤਿਨੀਧੀ ਲੜਕਾ ਬਲਰਾਮ ਖੇਪੜ ਅਤੇ ਸਪੋਰਟਸ ਪ੍ਰਤਿਨੀਧੀ ਲੜਕੀ ਸਮਿਰਨਦੀਪ ਕੌਰ ਦਿਓਲ ਚੁਣੇ ਗਏ। ਅੱਜ ਸਕੂਲ ਵਿੱਚ ਇਸ ਸੰਬੰਧੀ ਇੱਕ ਸਮਾਰੋਹ ਰੱਖਿਆ ਗਿਆ। ਜਿਸ ਵਿੱਚ ਚੁਣੇ ਗਏ ਪ੍ਰਤੀਨਿਧੀਆਂ ਨੂੰ ਬੈਜ ਲਗਾ ਕੇ ਸਨਮਾਨਿਤ ਕੀਤਾ ਗਿਆ ਅਤੇ ਉਹਨਾਂ ਨੂੰ ਜਿੰਮੇਵਾਰੀਆਂ ਸੌਂਪੀਆਂ ਗਈਆਂ। ਬੱਚਿਆਂ ਨੇ ਵੀ ਆਪਣੇ ਫਰਜ ਇਮਾਨਦਾਰੀ ਨਾਲ ਨਿਭਾਉਣ ਦਾ ਪ੍ਰਣ ਕੀਤਾ। ਇਸ ਮੌਕੇ ਤੇ ਸਕੂਲ ਦੇ ਚੇਅਰਮੈਨ ਸ੍ਰੀ ਮੋਹਿਤ ਕੁਮਾਰ, ਡਾਇਰੈਕਟਰ ਸ੍ਰੀਮਤੀ ਪੂਜਾ ਚੌਧਰੀ, ਸਕੂਲ ਪ੍ਰਿੰਸੀਪਲ ਸ੍ਰੀ ਰਵਿੰਦਰ ਸਿੰਘ ਭਨੋਟ ਅਤੇ ਵਾਈਸ ਪ੍ਰਿੰਸੀਪਲ ਸ੍ਰੀਮਤੀ ਰਜਨੀ ਭਨੋਟ ਨੇ ਸਾਰੇ ਸਾਰੇ ਚੁਣੇ ਗਏ ਬੱਚਿਆਂ ਨੂੰ ਸਨਮਾਨਿਤ ਕੀਤਾ। ਇਸ ਖੁਸ਼ੀ ਦੇ ਮੌਕੇ ਤੇ ਕੁੱਝ ਬੱਚਿਆਂ ਦੇ ਮਾਤਾ-ਪਿਤਾ ਵੀ ਮੌਜੂਦ ਸਨ ਜਿਨਾਂ ਨੇ ਚੁਣੇ ਹੋਏ ਬੱਚਿਆਂ ਨੂੰ ਮੁਬਾਰਕਬਾਦ ਦਿੱਤੀ। ਇਸ ਤਰਾਂ ਇੱਕ ਲੋਕਤੰਤਰਿਕ ਪ੍ਰਣਾਲੀ ਦੇ ਨਾਲ ਸਕੂਲ ਦੇ ਵਿਦਿਆਰਥੀ ਪ੍ਰਤੀਨਿਧੀਆਂ ਦੀ ਚੋਣ ਕੀਤੀ ਗਈ। ਇਸ ਨਾਲ ਜਿੱਥੇ ਬੱਚਿਆਂ ਵਿੱਚ ਜਾਗਰੂਕਤਾ ਆਉਂਦੀ ਹੈ ਉਸਦੇ ਨਾਲ-ਨਾਲ ਉਹਨਾਂ ਵਿੱਚ ਆਪਣੇ ਅਧਿਕਾਰਾਂ, ਫਰਜਾਂ ਅਤੇ ਜਿੰਮੇਵਾਰੀਆਂ ਦਾ ਅਹਿਸਾਸ ਵੀ ਪੈਦਾ ਹੁੰਦਾ ਹੈ। ਇਸ ਤਰਾਂ ਦੀਆਂ ਗਤੀਵਿਧੀਆਂ ਬੱਚਿਆਂ ਦੇ ਮਾਨਸਿਕ ਅਤੇ ਬੌਧਿਕ ਵਿਕਾਸ ਵਿੱਚ ਬਹੁਤ ਹੀ ਮਹੱਤਵਪੂਰਨ ਰੋਲ ਨਿਭਾਉਂਦੀਆਂ ਹਨ।

ਹੀਟਵੇਵ (ਲੂ) ਤੋਂ ਬਚਾਅ ਲਈ ਅੰਮ੍ਰਿਤਸਰ ਰੈੱਡ ਕਰਾਸ ਵੱਲੋਂ ਵਿਸ਼ੇਸ਼ ਸੈਮੀਨਾਰ

ਅੰਮ੍ਰਿਤਸਰ 21 ਮਈ (ਰਾਜੇਸ਼ ਡੈਨੀ) ਰੈਡ ਕਰਾਸ ਸੁਸਾਇਟੀ, ਅੰਮ੍ਰਿਤਸਰ ਵਲੋਂ ਅੱਜ ਇੱਕ ਸੈਮੀਨਾਰ ਰੈਡ ਕਰਾਸ ਭਵਨ ਵਿਖੇ ਆਯੋਜਿਤ ਕੀਤਾ ਗਿਆ ਜਿਸ ਵਿੱਚ ਵੱਖ ਵੱਖ ਵਿਦਿਅਕ ਸੰਸਥਾਵਾ ਅਤੇ ਐਨ ਜੀ ਓ ਦੇ ਨੁਮਾਇੰਦਿਆ ਨੇ ਭਾਗ ਲਿਆ ਅਤੇ ਇਸ ਮੌਕੇ ਤੇ ਰੈਡ ਕਰਾਸ ਦੇ ਪ੍ਰਧਾਨ ਸ਼੍ਰੀ ਦਲਵਿੰਦਰਜੀਤ ਸਿੰਘ ਡਿਪਟੀ ਕਮਿਸ਼ਨਰ, ਅੰਮ੍ਰਿਤਸਰ ਨੇ ਆਪਣੇ ਸੰਦੇਸ਼ ਵਿੱਚ ਕਿਹਾ ਕਿ ਹੀਟਵੇਵ ਤੋ ਬਚਣ ਦੇਲਈ ਸਮੂਹ ਐਨ ਜੀ ਓ ਅਤੇ ਵਿਦਿਅਕ ਸੰਸਥਾਵਾ ਆਮ ਲੋਕਾਂ ਨੂੰ ਸੁਚੇਤ ਅਤੇ ਸਿਖਿਅਤ ਕਰਨ ਅਤੇ ਹੀਟਵੇਵ (ਲੂ) ਤੋ ਬੱਚਣ ਲਈਜਾਰੀ ਕੀਤੀ ਗਈ ਐ ਡਵਾਈਜਰੀ ਦਾ ਪਾਲਣ ਕਰਨ ਲਈ ਸਾਰੇ ਅੰਮ੍ਰਿਤਸਰ ਵਾਸੀਆਂ ਨੂੰ ਅਪੀਲ ਕੀਤੀ ਕਿ ਪਿਆਸ ਨਾ ਲਗਣ ਤੇ ਵੀ ਸਮੇ ਸਮੇ ਤੇ ਪਾਣੀ ਪੀਦੇ ਰਹੋ । ਦੁਪਹਿਰ ਦੇ ਸਮੇ ਲੋੜ ਤੋ ਬਿਨ੍ਹਾ ਘਰੋ ਬਾਹਰ ਨਾ ਨਿਕਲੋ । ਇਸ ਦੇ ਨਾਲ ਹੀ ਉਨ੍ਹਾ ਨੇ ਰੈਡ ਕਰਾਸ ਨੂੰ ਨਿਰਦੇਸ਼ ਦਿੱਤੇ ਕਿ ਐਨ ਜੀ ਓ ਨਾਲ ਮਿਲ ਕੇ ਪਬਲਿਕ ਜਗ੍ਹਾ ਤੇ ਆਮ ਲੋਕਾਂ ਦੇ ਪੀਣ ਲਈ ਠੰਡੇ ਪਾਣੀ ਦਾ ਪ੍ਰਬੰਧ ਕੀਤਾ ਜਾਵੇ ਅਤੇ ਛਬੀਲਾ ਵੀ ਲਗਾ ਈਆ ਜਾਣ ਅਤੇ ਆਮ ਲੋਕਾਂ ਵਿੱਚ ਚੇਤਨਾ ਭਰਨ ਲਈ ਸੈਮੀਨਾਰ ਆਯੋਜਿਤ ਕੀਤੇ ਜਾਣ । ਇਸ ਮੌਕੇ ਤੇ ਸ਼੍ਰੀ ਸੈਮਸਨ ਮਸੀਹ, ਸੈਕਟਰੀ, ਰੈਡ ਕਰਾਸ ਨੇ ਦੱਸਿਆ ਕਿ ਵੱਖ ਵੱਖ ਐਨ ਜੀ ਓ ਅਤੇ ਵਿਦਿਅਕ ਸੰਸਥਾਵਾ ਨਾਲ ਹੀਟ ਐਡਵਾਈਜਰੀ ਸਾਂਝੀ ਕਰ ਦਿੱਤੀ ਗਈ ਹੈ ਅਤੇ ਇਸ ਸੇਵਾ ਲਈ ਸਾਡੀਆਂ ਰੈਡ ਕਰਾਸ ਦੇ ਨਾਲ ਜੁੜੇ ਐਨ ਜੀ ਓ ਅਤੇ ਵਿਦਿਅਕ ਅਦਾਰੇ ਗਤੀਸ਼ੀਲ ਹਨ। ਇਸ ਮੌਕੇ ਤੇ ਸ਼੍ਰੀ ਸ਼ਸ਼ਪਾਲ ਸਿੰਘ, ਸ਼੍ਰੀ ਮੁਕਲ ਸ਼ਰਮਾ. ਮਿਸ ਨੇਹਾ, ਸ਼੍ਰੀ ਯੂਸਫ ਮਸੀਹ ਅਤੇ ਸ਼੍ਰੀ ਪਲਵਿੰਦਰ ਸਿੰਘ ਹਾਜਰ ਸਨ।

ਸਾਬਕਾ ਚੇਅਰਮੈਨ ਹਰਅਮਰਿੰਦਰ ਸਿੰਘ (ਰਿੱਕੂ) ਚਾਂਦਪੁਰੀ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੇ ਸੀਨੀਅਰ ਆਗੂ ਨੇ ਫੜਿਆ ਭਾਜਪਾ ਦਾ ਪੱਲਾ

ਨਵਾਂਸ਼ਹਿਰ/ਪੋਜੇਵਾਲ 21 ਮਈ (ਜਤਿੰਦਰ ਪਾਲ ਸਿੰਘ ਕਲੇਰ) ਅੱਜ ਭਾਜਪਾ ਦੀ ਸੀਨੀਅਰ ਲੀਡਰਸ਼ਿਪ ਦੀ ਅਗਵਾਈ ਵਿੱਚ ਹੁਸ਼ਿਆਰਪੁਰ ਵਿਖੇ ਭਾਜਪਾ ਦੇ ਸੀਨੀਅਰ ਆਗੂ ਅਵਿਨਾਸ਼ ਰਾਏ ਦੀ ਪ੍ਰੇਰਨਾ ਸਦਕਾ ਇਲਾਕੇ ਦੇ ਨੌਜਵਾਨ ਆਗੂ ਅਤੇ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੇ ਸੀਨੀਅਰ ਆਗੂ ਅਤੇ ਸਾਬਕਾ ਚੇਅਰਮੈਨ ਹਰਅਮਰਿੰਦਰ ਸਿੰਘ ਰਿੱਕੂ ਚਾਂਦਪੁਰੀ ਨੂੰ ਭਾਜਪਾ ਦੇ ਸੀਨੀਅਰ ਆਗੂ ਤਰੁਣ ਚੁੱਘ ਰਾਸ਼ਟਰੀ ਜਨਰਲ ਸਕੱਤਰ ਬੀ ਜੇ ਪੀ ਦੀ ਯੋਗ ਅਗਵਾਈ ਵਿੱਚ ਰਿੱਕੂ ਚਾਂਦਪੁਰੀ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਕਰਵਾਇਆ ਗਿਆ।ਅਤੇ ਉਨ੍ਹਾਂ ਦਾ ਭਾਜਪਾ ਵਿੱਚ ਆਉਣ ਤੇ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ। ਉਨ੍ਹਾਂ ਨੇ ਭਾਜਪਾ ਦਾ ਪੱਲਾ ਫੜਦਿਆਂ ਪਾਰਟੀ ਦੀਆਂ ਲੋਕ ਪੱਖੀ ਨੀਤੀਆਂ ਤੇ ਭਰੋਸਾ ਜਤਾਇਆ। ਉਨ੍ਹਾਂ ਨੇ ਭਾਜਪਾ ਦੀਆਂ ਨੀਤੀਆਂ ਨੂੰ ਲੋਕਾਂ ਦੀ ਭਲਾਈ ਲਈ ਲਾਭਦਾਇਕ ਦੱਸਿਆ ਅਤੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਜੀ ਦੀ ਅਗਵਾਈ ਹੇਠ ਦੇਸ਼ ਵਿਕਾਸ ਦੀਆਂ ਨਵੀਆਂ ਬੁਲੰਦੀਆਂ ਨੂੰ ਛੂਹ ਰਿਹਾ ਹੈ ਅਤੇ ਭਾਰਤੀ ਜਨਤਾ ਪਾਰਟੀ ਹਰ ਵਰਗ ਦੇ ਲੋਕਾਂ ਦੀ ਭਲਾਈ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਕਿਸਾਨਾਂ, ਨੌਜਵਾਨਾਂ, ਮਹਿਲਾਵਾਂ ਅਤੇ ਆਮ ਲੋਕਾਂ ਲਈ ਚਲਾਈਆਂ ਜਾ ਰਹੀਆਂ ਭਲਾਈ ਸਕੀਮਾਂ ਕਾਰਨ ਲੋਕਾਂ ਦਾ ਭਰੋਸਾ ਭਾਜਪਾ ਤੇ ਲਗਾਤਾਰ ਵੱਧ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਹੁਣ ਰਵਾਇਤੀ ਸਿਆਸਤ ਤੋਂ ਉਪਰ ਉੱਠ ਕੇ ਵਿਕਾਸ ਅਤੇ ਸਾਫ਼ ਸੁਥਰੀ ਰਾਜਨੀਤੀ ਨੂੰ ਤਰਜੀਹ ਦੇ ਰਹੇ ਹਨ, ਜਿਸ ਕਰਕੇ ਹਰ ਰੋਜ਼ ਵੱਡੀ ਗਿਣਤੀ ਵਿੱਚ ਲੋਕ ਭਾਜਪਾ ਨਾਲ ਜੁੜ ਰਹੇ ਹਨ। ਰਿਕੂ ਚਾਂਦਪੁਰੀ ਨੇ ਕਿਹਾ ਕਿ ਹਲਕਾ ਨਵਾਂਸ਼ਹਿਰ ਵਿੱਚ ਭਾਰਤੀ ਜਨਤਾ ਦਾ ਪਰਿਵਾਰ ਤੇਜ਼ੀ ਨਾਲ ਵਧ ਰਿਹਾ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਪਾਰਟੀ ਨੂੰ ਹੋਰ ਵੱਡੀ ਮਜ਼ਬੂਤੀ ਮਿਲੇਗੀ।ਉਨ੍ਹਾਂ ਨੇ ਕਿਹਾ ਕਿ ਪਾਰਟੀ ਵਿੱਚ ਹਰ ਵਰਕਰ ਨੂੰ ਪੂਰਾ ਮਾਣ-ਸਨਮਾਨ ਦਿੱਤਾ ਜਾਵੇਗਾ ਅਤੇ ਮਿਲ ਕੇ ਅਤੇ ਪੰਜਾਬ ਦੇ ਵਿਕਾਸ ਲਈ ਕੰਮ ਕੀਤਾ ਜਾਵੇਗਾ।ਆਉਣ ਵਾਲੀਆਂ 2027 ਵਿਧਾਨ ਸਭਾ ਚੋਣਾਂ ਵਿੱਚ ਬੀ ਜੇ ਪੀ ਆਪਣੇ ਬਲਬੂਤੇ ਸਰਕਾਰ ਬਣਾਏ ਗੀ। ਇਸ ਮੌਕੇ ਤੀਕਸ਼ਨ ਸੂਦ, ਅਸ਼ੋਕ ਕੁਮਾਰ ਐਮ ਸੀ ਆਦਿ ਹਾਜ਼ਰ ਸਨ

ਕਰਤਾਰਪੁਰ ਨਗਰ ਨਿਗਮ ਚੋਣਾਂ 2026 ਵਾਰਡ 8 ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਵਰੁਣ ਬਾਵਾ ਦੇ ਦਫ਼ਤਰ ਦਾ ਉਦਘਾਟਨ ਵਿਧਾਇਕ ਬਲਕਾਰ ਸਿੰਘ ਵੱਲੋਂ ਕੀਤਾ

ਕਰਤਾਰਪੁਰ 21 ਮਈ (ਦਿਨੇਸ਼ ਕੁਮਾਰ) ਕਰਤਾਰਪੁਰ ਨਗਰ ਨਿਗਮ ਚੋਣਾਂ 2026 ਵਾਰਡ ਨੰ 8 ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਵਰੁਣ ਬਾਵਾ ਦੇ ਦਫ਼ਤਰ ਦਾ ਉਦਘਾਟਨ ਰਿਬਨ ਕੱਟ ਕੇ ਵਿਧਾਇਕ ਬਲਕਾਰ ਸਿੰਘ ਵਲੋਂ ਕੀਤਾ ਗਿਆ ਸਬ ਤੋਂ ਪਹਿਲਾਂ ਵਿਧਾਇਕ ਬਲਕਾਰ ਸਿੰਘ ਦਾ ਫੁੱਲਾਂ ਦਾ ਹਾਰ ਪਾ ਕੇ ਸਵਾਗਤ ਕੀਤਾ ਇਸ ਮੌਕੇ ਵਿਧਾਇਕ ਬਲਕਾਰ ਸਿੰਘ ਨੇ ਕਿਹਾ ਕਿ ਵਾਰਡ ਨੰਬਰ 8 ਨੂੰ ਵਧੀਆ ਸਹੂਲਤਾਂ ਪ੍ਰਦਾਨ ਕਰਨ ਲਈ, ਤੁਸੀਂ ਸਾਰੇ ਝਾੜੂ ਦੇ ਨਿਸ਼ਾਨ ਨੂੰ ਵੋਟ ਪਾ ਕੇ ਵਰੁਣ ਬਾਬਾ ਨੂੰ ਜਿਤਾਉਣਾ ਹੈ ਤਾਂ ਜੋ ਵਾਰਡ ਦਾ ਵਿਕਾਸ ਹੋਰ ਵੀ ਸੁੰਦਰ ਹੋ ਸਕੇ ਅਤੇ ਵਾਰਡ ਵਿੱਚ ਲਟਕ ਰਹੇ ਕੰਮ ਪੂਰੇ ਹੋ ਸਕਣ।ਇਸ ਮੌਕੇ ਬਾਬਾ ਰਵਿੰਦਰ ਸਿੰਘ, ਰਾਜੂ ਬਾਬਾ, ਨਰੇਸ਼ ਸੂਰੀ, ਪੰਡਿਤ ਅਵਧ ਸ਼ਰਮਾ, ਰਾਮਜੀ ਦਾਸ ਆਨੰਦ, ਮਨੀਸ਼ ਓਹਰੀ, ਬੰਨੀ ਗੁਪਤਾ, ਮਿੰਕੂ ਬਾਬਾ, ਆਸ਼ੂ ਬਾਬਾ, ਡਿੰਪੀ ਬਾਬਾ, ਵਿੱਕੀ ਬਾਬਾ, ਗੌਤਮ ਸੂਰੀ, ਮੁਕੇਸ਼ ਕਸ਼ਯਪ, ਗੌਰਵ ਆਨੰਦ, ਸੰਤੋਸ਼ ਸਿੰਘ ਨੰਦਰਾ, ਰਜਨੀਸ਼ ਸੂਦ, ਰਾਜੂ ਅਰੋੜਾ, ਮਨੂ ਭਾਰਦਵਾਜ, ਹੀਰਾ ਛਾਬੜਾ, ਲਵੀ ਛਾਬੜਾ, ਕਮਲ ਕਿਸ਼ੋਰ ਭਾਰਦਵਾਜ, ਧੀਰਜ ਚੱਕਰਵਰਤੀ, ਮਨੀਸ਼ ਗੌਤਮ, ਸ਼ੈਲੀ ਮੱਲਣ, ਯੋਗੇਸ਼,ਗੰਤਵ ਕਾਲੀਆ, ਭਰਤ ਸ਼ਰਮਾ ਹੇਮੂ, ਰਿਸ਼ੂ ਬਾਹਰੀ, ਰਾਕੇਸ਼ ਆਨੰਦ, ਗੌਰਵ ਕਾਲੀਆ, ਸੰਨੀ ਭਾਰਦਵਾਜ, ਅਸ਼ੋਕ ਬਿੱਟੂ, ਕਿੱਟੂ ਵਾਲੀਆ, ਨੀਰਜ ਸਕਸੈਨਾ, ਸੌਰਭ ਗੁਪਤਾ, ਪਾਰਸ ਧੀਮਾਨ, ਕਪਿਲ ਆਦਿ ਸਮੂਹ ਆਪ ਪਾਰਟੀ ਸਮੇਤ ਹੋਰ ਵੀ ਕਈ ਵਾਰਡ ਵਾਸੀ ਅਤੇ ਔਰਤਾਂ ਹਾਜ਼ਰ ਸਨ।

ਪਿੰਡ ਲੋਹਟ ਵਿਖੇ ਵਿਸ਼ਾਲ ਭਗਵਤੀ ਜਾਗਰਣ 23 ਮਈ ਨੂੰ

ਨਵਾਂਸ਼ਹਿਰ/ਕਾਠਗੜ੍ਹ 21, ਮਈ (ਜਤਿੰਦਰ ਪਾਲ ਸਿੰਘ ਕਲੇਰ) ਪਿੰਡ ਲੋਹਟ ਵਿਖੇ ਹਰ ਸਾਲ ਦੀ ਤਰਾਂ ਪ੍ਰਚੀਨ ਸ਼੍ਰੀ ਦੁਰਗਾ ਮੰਦਰ ਵਿਖੇ ਵਿਸ਼ਾਲ ਭਗਵਤੀ ਜਾਗਰਣ ਕਰਵਾਇਆ ਜਾ ਰਿਹਾ ਹੈ। ਇਸ ਜਾਗਰਣ ਸਬੰਧੀ ਭਗਤ ਗਿਆਨ ਚੰਦ ਜੀ ਦੱਸਿਆ ਕਿ ਸਾਡੇ ਪੂਜਨੀਕ ਸਵ: ਭਗਤ ਅਮਰ ਚੰਦ ਜੀ ਵਲੋਂ ਅੱਜ ਤੋਂ 50 ਸਾਲ ਪਹਿਲਾਂ ਇਹ ਜਾਗਰਣ ਕਰਵਾਉਣਾ ਸ਼ੁਰੂ ਕੀਤਾ ਸੀ ਜੋ ਕਿ ਉਸੇ ਲੜੀ ਤਹਿਤ ਅੱਜ ਤੱਕ ਚਲ ਲਗਾਤਾਰ ਚੱਲ ਰਿਹਾ ਇਹ ਵਿਸ਼ਾਲ ਜਾਗਰਣ ਸ਼੍ਰੀ ਦੁਰਗਾ ਮੰਦਰ ਪ੍ਰਬੰਧਕ ਕਮੇਟੀ ਲੋਹਟ ਵਲੋਂ ਬੜੀ ਸ਼ਰਧਾ ਅਤੇ ਧੂਮਧਾਮ ਨਾਲ ਕਰਵਾਈਆਂ ਜਾਂਦਾ ਹੈ ।ਇਸ ਮੌਕੇ ਚਾਹ ਪਕੌੜਿਆਂ ਅਤੇ ਠੰਢੇ ਮਿੱਠੇ ਜਲ ਦੀ ਛਬੀਲ ਸਵੇਰ ਤੋਂ ਲਗਾਈ ਜਾਵੇਗੀ।ਸਵੇਰੇ 9 ਵਜੇ ਹਵਨ ਪੂਜਾ ਕਰਵਾਈ ਜਾਵੇਗੀ ਉਸ ਤੋਂ ਬਾਅਦ ਪੰਜਾਬ ਦੇ ਸਿਰਮੌਰ ਕਲਾਕਾਰ ਜੋਗਾ ਸਿੰਘ ਜੋਗੀ 9ਵਜੇ ਤੋਂ 12ਵਜੇ ਤੱਕ ਮਾਤਾ ਦੀਆਂ ਭੇਟਾਂ ਦੇ ਗੁਣਗਾਨ ਕਰਨਗੇ। ਉਸ ਤੋਂ ਬਾਅਦ ਕੰਜਕ ਪੂਜਨ ਕੀਤਾ ਜਾਵੇਗਾ। ਗਿੱਲ ਸਿਸਟਰ ਬਾਅਦ ਦੁਪਹਿਰ 3 ਵਜੇ ਤੱਕ ਮਾਤਾ ਜੀ ਦੇ ਗੁਣਗਾਨ ਕਰਕੇ ਮਾਤਾ ਦੇ ਭਗਤਾਂ ਨੂੰ ਨਿਹਾਲ ਕਰਨਗੇ। ਮਾਤਾ ਦਾ ਲੰਗਰ ਅਤੁੱਟ ਵਰਤਾਇਆ ਜਾਵੇਗਾ।ਰਾਤ 9ਵਜੇ ਜਾਗਰਣ ਮੌਕੇ ਬੀਬਾ ਇਲਾਹੀ ਸੋਹਲ ਅਤੇ ਅਮਿਤ ਕਾਤਿਆਣੀ ਸ਼ਗਿਰਦ ਸ਼੍ਰੀ ਨਰਿੰਦਰ ਚੰਚਲ ਜੀ ਸਾਰੀ ਰਾਤ ਮਾਤਾ ਦੇ ਗੁਣ ਗਾਉਣ ਕਰਕੇ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਮੌਕੇ ਹਰ ਸਾਲ ਦੀ ਤਰਾਂ ਵਿਸ਼ੇਸ਼ ਤੌਰ ਤੇ ਸੂਰੀ ਹਸਪਤਾਲ ਭੱਦੀ ਬਲਾਚੌਰ ਵਲੋਂ ਸੂਰੀ ਹਸਪਤਾਲ ਦੇ ਮਾਲਕ ਡਾਕਟਰ ਭੁਪਿੰਦਰਜੀਤ ਸਿੰਘ ਸੂਰੀ ਦੀ ਦੇਖ ਰੇਖ ਹੇਠ ਫ੍ਰੀ ਮੈਡੀਕਲ ਕੈਂਪ ਚੈੱਕਅੱਪ ਅਤੇ ਅੱਖਾਂ ਦਾ ਮੁਫ਼ਤ ਚੈਕ ਅੱਪ ਕੈਂਪ ਲਗਾਇਆ ਜਾਂਦਾ ਹੈ ਅਤੇ ਲੋੜਵੰਦ ਮਰੀਜ਼ਾਂ ਨੂੰ ਫਰੀ ਦਵਾਈਆਂ ਵੀ ਦਿੱਤੀਆਂ ਜਾਣਗੀਆਂ। ਇਸ ਮੌਕੇ ਪ੍ਰਬੰਧਕ ਕਮੇਟੀ ਦੇ ਮੈਂਬਰ ਭਗਤ ਗਿਆਨ ਚੰਦ, ਮਾਸਟਰ ਸੁਰਜੀਤ ਸਿੰਘ,ਦਵਿੰਦਰ ਸਿੰਘ, ਮਨਮੋਹਨ ਸਿੰਘ,ਹਰਮੇਸ਼ ਸਿੰਘ, ਡਾਕਟਰ ਸੋਮ ਨਾਥ, ਡਾਕਟਰ ਭੁਪਿੰਦਰਜੀਤ ਸਿੰਘ ਸੂਰੀ,ਦੇਵ ਰਾਮ, ਪਰਮਜੀਤ ਸਿੰਘ, ਸੁਰਿੰਦਰਪਾਲ ਸਿੰਘ, ਬਲਵੀਰ ਸਿੰਘ, ਪ੍ਰਦੀਪ ਸਿੰਘ, ਭੁਪਿੰਦਰ ਸਿੰਘ,ਸਰਵ, ਤੋਂ ਇਲਾਵਾ ਐਨ ਆਰ ਆਈਜ਼ ਅਤੇ ਸਮੂਹ ਨਗਰ ਨਿਵਾਸੀ ਆਈਆਂ ਸੰਗਤਾਂ ਨੂੰ ਜੀ ਆਇਆਂ ਕਹਿਣਗੇ ਅਤੇ ਦੁਰਗਾ ਮਾਤਾ ਜੀ ਦਾ ਅਸ਼ੀਰਵਾਦ ਪ੍ਰਾਪਤ ਕਰਨਗੇ।

ਗੁਰਦਾਸਪੁਰ ਵਿੱਚ ਨਸ਼ਿਆਂ ਖ਼ਿਲਾਫ਼ ਜੰਗ ਸਾਈਕਲ ਰੈਲੀ

ਗੁਰਦਾਸਪੁਰ, 21 ਮਈ (ਗੁਲਸ਼ਨ ਰਣੀਆਂ) ਰੋਮੇਸ ਮਹਾਜਨ ਨੈਸ਼ਨਲ ਅਵਾਰਡੀ ਦੀ ਯੋਗ ਅਗਵਾਈ ਹੇਠ ਰੈੱਡ ਕ੍ਰਾਸ ਇੰਟੀਗ੍ਰੇਟਿਡ ਰੀਹੈਬਿਲਿਟੇਸ਼ਨ ਸੈਂਟਰ ਫਾਰ ਐਡਿਕਟਸ, ਬੱਬੇਹਾਲੀ, ਗੁਰਦਾਸਪੁਰ ਵੱਲੋਂ ਅੱਜ ਨਸ਼ਿਆਂ ਵਿਰੁੱਧ ਜੰਗ - ਨਸ਼ਿਆਂ ਨੂੰ ਨਾਂਹ ਕਹੋ, ਜ਼ਿੰਦਗੀ ਨੂੰ ਹਾਂ ਕਹੋ ਦੇ ਬੈਨਰ ਹੇਠ ਇੱਕ ਵਿਸ਼ਾਲ ਸਾਈਕਲ ਰੈਲੀ ਕੱਢੀ ਗਈ।ਇਸ ਰੈਲੀ ਨੂੰ ਕੁਲਦੀਪ ਚੰਦ ਸਹਾਇਕ ਕਮਿਸ਼ਨਰ (ਜ) ਗੁਰਦਾਸਪੁਰ ਨੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ।ਇਸ ਮੌਕੇ ਉਨ੍ਹਾਂ ਨੇ ਪੰਜਾਬ ਵਿੱਚ ਵੱਧ ਰਹੀ ਨਸ਼ਿਆਂ ਦੀ ਬੁਰਾਈ ਖ਼ਿਲਾਫ਼ ਜਾਗਰੂਕਤਾ ਫੈਲਾਉਣ ਲਈ ਇਸ ਕੇਂਦਰ ਵੱਲੋਂ ਕੀਤੇ ਜਾ ਰਹੇ ਯਤਨਾਂ ਦੀ ਭਰਪੂਰ ਸ਼ਲਾਘਾ ਕੀਤੀ।ਇਸ ਮੌਕੇ ਰੋਮੇਸ਼ ਮਹਾਜਨ, ਬਖ਼ਸ਼ੀ ਰਾਜ, ਸਟਾਫ ਮੈਂਬਰ, ਯੂਥ ਵਲੰਟੀਅਰ ਅਤੇ ਇਲਾਕੇ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਵੀ ਹਾਜ਼ਰ ਸਨ।ਇਸ ਜਾਗਰੂਕਤਾ ਰੈਲੀ ਵਿੱਚ 45 ਸਾਈਕਲ ਸਵਾਰਾਂ ਅਤੇ 155 ਨੌਜਵਾਨਾਂ ਸਮੇਤ ਡਰੱਗ ਡੀ-ਐਡੀਕਸ਼ਨ ਸੈਂਟਰ ਦੇ ਸਮੂਹ ਸਟਾਫ ਨੇ ਭਾਗ ਲਿਆ।ਇਹ ਰੈਲੀ ਡਰੱਗ ਡੀ-ਐਡੀਕਸ਼ਨ ਸੈਂਟਰ, ਬੱਬੇਹਾਲੀ ਤੋਂ ਸ਼ੁਰੂ ਹੋ ਕੇ ਵੱਖ-ਵੱਖ ਇਲਾਕਿਆਂ ਵਿੱਚ ਨਸ਼ਾ ਮੁਕਤ ਪੰਜਾਬ ਦਾ ਸੰਦੇਸ਼ ਦਿੰਦੀ ਹੋਈ ਤਿੱਬੜ ਕੈਨਾਲ ਪੁਲ 'ਤੇ ਸਮਾਪਤ ਹੋਈ।ਉਦਘਾਟਨੀ ਸਮਾਰੋਹ ਨੂੰ ਸੰਬੋਧਨ ਕਰਦੇ ਹੋਏ ਮੁੱਖ ਮਹਿਮਾਨ ਕੁਲਦੀਪ ਚੰਦ ਨੇ ਕਿਹਾ ਕਿ ਨਸ਼ਿਆਂ ਦੇ ਖ਼ਾਤਮੇ ਲਈ ਸਮਾਜ ਨੂੰ ਇਕੱਠੇ ਹੋ ਕੇ ਮੁਹਿੰਮ ਚਲਾਉਣ ਦੀ ਲੋੜ ਹੈ।ਉਨ੍ਹਾਂ ਕਿਹਾ ਕਿ ਨੈਸ਼ਨਲ ਐਵਾਰਡੀ ਰੋਮੇਸ ਮਹਾਜਨ ਅਤੇ ਉਨ੍ਹਾਂ ਦੀ ਟੀਮ ਵੱਲੋਂ ਕੀਤਾ ਜਾ ਰਿਹਾ ਇਹ ਉਪਰਾਲਾ ਬਹੁਤ ਹੀ ਪ੍ਰਭਾਵਸ਼ਾਲੀ ਅਤੇ ਪ੍ਰੇਰਨਾਦਾਇਕ ਹੈ। ਆਪਣੇ ਦੌਰੇ ਦੌਰਾਨ ਉਨ੍ਹਾਂ ਨੇ ਇਲਾਜ ਅਧੀਨ ਮਰੀਜ਼ਾਂ ਨਾਲ ਗੱਲਬਾਤ ਵੀ ਕੀਤੀ ਅਤੇ ਕੇਂਦਰ ਵੱਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ।ਵਿਜ਼ਟਰ ਬੁੱਕ ਵਿੱਚ ਆਪਣੇ ਵਿਚਾਰ ਦਰਜ ਕਰਦੇ ਹੋਏ ਉਨ੍ਹਾਂ ਲਿਖਿਆ:ਮੈਂ ਇੱਥੇ ਆ ਕੇ ਬਹੁਤ ਹੀ ਸਕਾਰਾਤਮਕ ਮਹਿਸੂਸ ਕਰ ਰਿਹਾ ਹਾਂ ਅਤੇ ਪ੍ਰਭਾਵਿਤ ਹਾਂ। ਮੈਂ ਪਰਮਾਤਮਾ ਅੱਗੇ ਅਰਦਾਸ ਕਰਦਾ ਹਾਂ ਕਿ ਰੋਮੇਸ ਮਹਾਜਨ ਜੀ ਨੂੰ ਚੰਗੀ ਸਿਹਤ ਬਖ਼ਸ਼ੇ ਤਾਂ ਜੋ ਉਹ ਹੋਰ ਵੱਧ ਜੋਸ਼ ਅਤੇ ਸਮਰਪਣ ਨਾਲ ਸੈਂਟਰ ਦੀ ਸੇਵਾ ਕਰ ਸਕਣ।ਨਸ਼ਿਆਂ ਖ਼ਿਲਾਫ਼ ਜਾਗਰੂਕਤਾ ਫੈਲਾਉਣ ਦੇ ਨਾਲ-ਨਾਲ ਇਸ ਰੈਲੀ ਰਾਹੀਂ ਲੋਕਾਂ ਨੂੰ ਸਾਈਕਲ ਦੀ ਵਰਤੋਂ ਵਧਾਉਣ ਲਈ ਵੀ ਪ੍ਰੇਰਿਤ ਕੀਤਾ ਗਿਆ।ਰੋਮੇਸ਼ ਮਹਾਜਨ ਨੇ ਕਿਹਾ ਕਿ ਸਮੇਂ ਦੀ ਲੋੜ ਅਨੁਸਾਰ ਲੋਕਾਂ ਨੂੰ ਆਪਣੇ ਰੋਜ਼ਾਨਾ ਜੀਵਨ ਵਿੱਚ ਸਾਈਕਲ ਦੀ ਵਰਤੋਂ ਕਰਨੀ ਚਾਹੀਦੀ ਹੈ ਤਾਂ ਜੋ ਪੈਟਰੋਲ ਅਤੇ ਡੀਜ਼ਲ ਦੀ ਬਚਤ ਹੋ ਸਕੇ ਅਤੇ ਵਾਤਾਵਰਣ ਦੀ ਰੱਖਿਆ ਕੀਤੀ ਜਾ ਸਕੇ।ਆਖਰ ਵਿੱਚ ਰੋਮੇਸ਼ ਮਹਾਜਨ ਨੇ ਮੁੱਖ ਮਹਿਮਾਨ, ਵੱਖ-ਵੱਖ ਇਲਾਕਿਆਂ ਤੋਂ ਪਹੁੰਚੇ ਸਾਈਕਲ ਸਵਾਰਾਂ, ਯੂਥ ਵਲੰਟੀਅਰਾਂ ਅਤੇ ਸਮੂਹ ਸਹਿਯੋਗੀਆਂ ਦਾ ਧੰਨਵਾਦ ਕੀਤਾ ਜਿਨ੍ਹਾਂ ਦੇ ਸਹਿਯੋਗ ਨਾਲ ਇਹ ਮੁਹਿੰਮ ਸਫਲ ਰਹੀ। ਇਸ ਮੌਕੇ ਡਰੱਗ ਡੀ-ਐਡੀਕਸ਼ਨ ਸੈਂਟਰ ਦੇ ਸਮੂਹ ਕਰਮਚਾਰੀ ਹਾਜ਼ਰ ਸਨ ਅਤੇ ਉਨ੍ਹਾਂ ਨੇ ਨਸ਼ਾ ਮੁਕਤ ਅਤੇ ਤੰਦਰੁਸਤ ਸਮਾਜ ਦੀ ਸਿਰਜਣਾ ਲਈ ਆਪਣੀ ਵਚਨਬੱਧਤਾ ਦੁਹਰਾਈ।

ਸੇਫ ਸਕੂਲ ਵਾਹਨ ਪਾਲਿਸੀ: ਹਾਜੀਪੁਰ ਅਤੇ ਹੁਸ਼ਿਆਰਪੁਰ ਚ ਪ੍ਰਸ਼ਾਸਨ ਦੀ ਵੱਡੀ ਕਾਰਵਾਈ, ਨਿਯਮਾਂ ਦੀ ਉਲੰਘਣਾ ਤੇ 13 ਸਕੂਲੀ ਬੱਸਾਂ ਦੇ ਚਾਲਾਨ

ਹੁਸ਼ਿਆਰਪੁਰ 21 ਮਈ (ਪਰਮਿੰਦਰ ਘੁੰਮਣ) ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੇ ਨਿਰਦੇਸ਼ਾਂ 'ਤੇ ਜ਼ਿਲ੍ਹਾ ਪ੍ਰਸ਼ਾਸਨ ਦੀ ਟੀਮ ਵਲੋਂ ਸੇਫ ਸਕੂਲ ਵਾਹਨ ਪਾਲਿਸੀ ਤਹਿਤ ਹਾਜੀਪੁਰ ਅਤੇ ਹੁਸ਼ਿਆਰਪੁਰ ਸ਼ਹਿਰ ਅੰਦਰ ਕੀਤੀ ਗਈ ਸਕੂਲੀ ਬੱਸਾਂ ਦੀ ਚੈਕਿੰਗ ਦੌਰਾਨ ਵੱਖ-ਵੱਖ ਕਮੀਆਂ ਦੇ ਮੱਦੇਨਜ਼ਰ 13 ਬੱਸਾਂ ਦੇ ਚਾਲਾਨ ਕੱਟੇ ਗਏ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਬੁੱਧਵਾਰ ਨੂੰ ਹਾਜੀਪੁਰ ਅਤੇ ਵੀਰਵਾਰ ਨੂੰ ਹੁਸ਼ਿਆਰਪੁਰ ਸ਼ਹਿਰ ਵਿੱਚ ਸਕੂਲ ਬੱਸਾਂ ਦੀ ਚੈਕਿੰਗ ਕੀਤੀ ਗਈ ਜਿਸ ਵਿਚ ਹਾਜੀਪੁਰ ਵਿਖੇ ਕੁੱਲ ਚੈੱਕ ਕੀਤੀਆਂ 33 ਬੱਸਾਂ ਵਿਚੋਂ ਨਿਯਮਾਂ ਦੀ ਉਲੰਘਣਾ ਦੇ ਕਾਰਨ 7 ਬੱਸਾਂ ਦੇ ਚਾਲਾਨ ਕੀਤੇ ਗਏ। ਇਸੇ ਤਰ੍ਹਾਂ ਹੁਸ਼ਿਆਰਪੁਰ ਵਿੱਚ ਕੁੱਲ 11 ਸਕੂਲ ਬੱਸਾਂ ਦੀ ਚੈਕਿੰਗ ਕੀਤੀ ਗਈ, ਜਿਨ੍ਹਾਂ ਵਿੱਚੋਂ 6 ਬੱਸਾਂ ਦੇ ਚਲਾਨ ਕੀਤੇ ਗਏ। ਇਨ੍ਹਾਂ ਬੱਸਾਂ ਵਿੱਚ ਮਿਆਦ ਪੂਰੀ ਕਰ ਚੁੱਕੀ ਫਸਟ ਏਡ ਕਿੱਟ, ਲੇਡੀ ਅਟੈਂਡੈਂਟ ਨਾ ਹੋਣਾਂ, ਬਿਨਾਂ ਪਾਸਿੰਗ ਵਾਲੀਆਂ ਬੱਸਾਂ, ਸਪੀਡ ਗਵਰਨਰ ਦੀ ਕਮੀ, ਐਮਰਜੈਂਸੀ ਐਗਜ਼ਿਟ ਨਾ ਹੋਣਾ, ਅੱਗ ਬੁਝਾਉਣ ਵਾਲੇ ਯੰਤਰ ਦੀ ਘਾਟ, ਸੀਸੀਟੀਵੀ ਕੈਮਰੇ ਨਾ ਹੋਣਾ, ਨਿਰਧਾਰਤ ਸਮਰੱਥਾ ਤੋਂ ਵੱਧ ਬੱਚਿਆਂ ਨੂੰ ਬਿਠਾਉਣਾ ਅਤੇ ਬੀਮਾ ਦਸਤਾਵੇਜ਼ਾਂ ਦੀ ਕਮੀ ਵਰਗੀਆਂ ਖਾਮੀਆਂ ਸ਼ਾਮਲ ਸਨ। ਜ਼ਿਲ੍ਹਾ ਬਾਲ ਸੁਰੱਖਿਆ ਅਧਿਕਾਰੀ ਡਾ. ਹਰਪ੍ਰੀਤ ਕੌਰ ਨੇ ਕਿਹਾ ਕਿ ਸੇਫ ਸਕੂਲ ਵਾਹਨ ਪਾਲਿਸੀ ਦੇ ਨਿਯਮਾਂ ਦੀ ਅਣਦੇਖੀ ਬੱਚਿਆਂ ਦੀ ਸੁਰੱਖਿਆ ਲਈ ਗੰਭੀਰ ਖਤਰਾ ਬਣ ਸਕਦੀ ਹੈ। ਉਨ੍ਹਾਂ ਕਿਹਾ ਕਿ ਨਿਯਮਾਂ ਦੀ ਪਾਲਣਾ ਨਾ ਕਰਨ ਨਾਲ ਹਾਦਸਿਆਂ ਦੀ ਸੰਭਾਵਨਾ ਵੱਧ ਜਾਂਦੀ ਹੈ। ਉਨ੍ਹਾਂ ਕਿਹਾ ਕਿ ਬੱਚਿਆਂ ਦੀ ਸੁਰੱਖਿਆ ਦੇ ਮੱਦੇਨਜ਼ਰ ਸੇਫ਼ ਸਕੂਲ ਵਾਹਨ ਪਾਲਿਸੀ ਮੁਤਾਬਕ ਸਾਰੀਆਂ ਸਹੂਲਤਾਂ ਨੂੰ ਯਕੀਨੀ ਬਣਾਇਆ ਜਾਵੇ। ਜ਼ਿਕਰਯੋਗ ਹੈ ਕਿ ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਪੰਜਾਬ ਰਾਜ ਬਾਲ ਅਧਿਕਾਰ ਸੁਰੱਖਿਆ ਕਮਿਸ਼ਨ ਅਤੇ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਸੇਫ਼ ਸਕੂਲ ਵਾਹਨ ਪਾਲਿਸੀ ਤਹਿਤ ਸਕੂਲੀ ਬੱਚਿਆਂ ਦੀ ਸੁਰੱਖਿਆ ਨੂੰ ਧਿਆਨ ਵਿਚ ਰੱਖਦਿਆਂ ਇਸ ਸਬੰਧੀ ਸਮੇਂ-ਸਮੇਂ 'ਤੇ ਲੋੜੀਂਦੇ ਨਿਰਦੇਸ਼ ਜਾਰੀ ਕੀਤੇ ਜਾ ਚੁੱਕੇ ਹਨ।

ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਪਿੰਡ ਡੇਹਰੀਵਾਲ ਕਿਰਨ ਵਿਖੇ ਬਣ ਰਹੇ ਪੁੱਲ ਦੇ ਕੰਮ ਦਾ ਜਾਇਜ਼ਾ ਲਿਆ

ਕਲਾਨੌਰ, ਡੇਰਾ ਬਾਬਾ ਨਾਨਕ, ਗੁਰਦਾਸਪੁਰ, 21 ਮਈ (ਗੁਲਸ਼ਨ ਰਣੀਆਂ) ਡੇਰਾ ਬਾਬਾ ਨਾਨਕ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਵਲੋਂ ਪਿੰਡ ਡੇਹਰੀਵਾਲ ਕਿਰਨ ਵਿਖੇ ਭਾਰਤ ਲੋਕ ਨਿਰਮਾਣ ਵਿਭਾਗ ਅਧੀਨ ਬਣ ਰਹੇ ਪੁੱਲ ਦੇ ਕੰਮ ਦਾ ਜਾਇਜ਼ਾ ਲਿਆ।ਇਸ ਮੌਕੇ ਉਨ੍ਹਾਂ ਵਲੋਂ ਸੰਬੰਧਿਤ ਅਧਿਕਾਰੀਆਂ ਨੂੰ ਬਰਸਾਤਾਂ ਦੇ ਮੌਸਮ ਤੋਂ ਪਹਿਲਾਂ ਪੁੱਲ ਦਾ ਨਿਰਮਾਣ ਕੰਮ ਮੁਕੰਮਲ ਕਰਨ ਲਈ ਦਿਸ਼ਾ-ਨਿਰਦੇਸ਼ ਦਿੱਤੇ। ਨਾਲ ਇਹ ਵੀ ਕਿਹਾ ਕਿ ਪੁੱਲ ਨੂੰ ਹੋਰ ਚੌੜਾ ਅਤੇ ਲੰਬਾ ਬਣਾਇਆ ਜਾਵੇ ਤਾਂ ਜੋ ਬਰਸਾਤਾਂ ਦੌਰਾਨ ਪਾਣੀ ਦਾ ਵਹਾਅ ਸੁਚਾਰੂ ਢੰਗ ਨਾਲ ਹੋ ਸਕੇ ਅਤੇ ਪਾਣੀ ਜਲਦ ਤੋਂ ਜਲਦ ਪੁੱਲ ਦੇ ਹੇਠੋਂ ਲੰਘ ਸਕੇ।ਇਸ ਮੌਕੇ ਉਨ੍ਹਾਂ ਨੇ ਕੈਬਨਿਟ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ ਨਾਲ ਫੋਨ ਤੇ ਗੱਲਬਾਤ ਕਰਕੇ ਬੇਨਤੀ ਕੀਤੀ ਕਿ ਡਰੇਨਜ ਵਿਭਾਗ ਨੂੰ ਦਿਸ਼ਾ-ਨਿਰਦੇਸ਼ ਜਾਰੀ ਕਰਕੇ ਕਿਰਨ ਸਕੀ ਨਾਲ਼ੇ ਨੂੰ ਚੌੜਾ ਕੀਤਾ ਜਾਵੇ ਅਤੇ ਇਸ ਦੀ ਖਾਲਾਈ ਕਰਵਾਈ ਜਾਵੇ, ਤਾਂ ਜੋ ਬਰਸਾਤਾਂ ਦੇ ਮੌਸਮ ਦੌਰਾਨ ਪਾਣੀ ਦੀ ਨਿਕਾਸੀ ਸੁਚਾਰੂ ਢੰਗ ਨਾਲ ਹੋ ਸਕੇ। ਮੁੱਖ ਮੰਤਰੀ ਸ: ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਹੇਠ ਪੰਜਾਬ ਵਿੱਚ ਲੋਕਹਿਤ ਨੂੰ ਮੁੱਖ ਰੱਖਦਿਆਂ ਵਿਕਾਸ ਕਾਰਜ ਜਾਰੀ ਹਨ ਅਤੇ ਹਲਕਾ ਡੇਰਾ ਬਾਬਾ ਨਾਨਕ ਵਿਖੇ ਵੀ ਚਹੁਪੱਖੀ ਵਿਕਾਸ ਕੰਮ ਚੱਲ ਰਹੇ ਹਨ। ਹਲਕੇ ਵਿੱਚ ਬਿਹਤਰ ਸੜਕਾਂ, ਸਿਹਤ ਸਹੂਲਤਾਂ, ਸਾਫ਼ ਪਾਣੀ ਤੇ ਖੇਡਾਂ ਦੇ ਬੁਨਿਆਦੀ ਢਾਂਚੇ ਨਾਲ ਸਾਡਾ ਰੰਗਲੇ ਪੰਜਾਬ ਦਾ ਸੁਪਨਾ ਸਾਕਾਰ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਉਹ ਹਲਕੇ ਦੇ ਸਰਬਪੱਖੀ ਵਿਕਾਸ ਲਈ ਲੋਕਾਂ ਦੀ ਸੇਵਾ ਵਿੱਚ 24 ਘੰਟੇ ਹਾਜ਼ਰ ਹਨ ਅਤੇ ਖੁਦ ਲੋਕਾਂ ਤੱਕ ਪਹੁੰਚ ਕਰਕੇ ਉਨ੍ਹਾਂ ਦੀਆਂ ਮੁਸ਼ਕਿਲਾਂ ਦਾ ਨਿਪਟਾਰਾ ਕੀਤਾ ਜਾ ਰਿਹਾ ਹੈ।

ਵਿਧਾਇਕ ਬ੍ਰਮ ਸ਼ੰਕਰ ਜਿੰਪਾ ਵੱਲੋਂ ਆਦਮਵਾਲ ਵਿਖੇ ਨਵੇਂ ਟਿਊਬਵੈੱਲ ਦੇ ਕਾਰਜ ਦੀ ਸ਼ੁਰੂਆਤ

ਹੁਸ਼ਿਆਰਪੁਰ 21 ਮਈ (ਪਰਮਿੰਦਰ ਘੁੰਮਣ) ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਸ੍ਰੀ ਗੁਰੂ ਰਵਿਦਾਸ ਨਗਰ ਆਦਮਵਾਲ ਵਿੱਚ ਨਵੇਂ ਟਿਊਬਵੈੱਲ ਲਗਾਉਣ ਦੇ ਕਾਰਜ ਦੀ ਰਸਮੀ ਸ਼ੁਰੂਆਤ ਕਰਵਾਈ। ਇਸ ਮੌਕੇ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਹਰ ਖੇਤਰ ਵਿੱਚ ਇਕਸਾਰ ਵਿਕਾਸ ਕਾਰਜ ਕਰਵਾ ਰਹੀ ਹੈ ਅਤੇ ਜਿੱਥੇ ਵੀ ਲੋਕਾਂ ਨੂੰ ਮੁੱਢਲੀਆਂ ਸਹੂਲਤਾਂ ਦੀ ਲੋੜ ਹੈ, ਉੱਥੇ ਤਰਜੀਹ ਦੇ ਆਧਾਰ 'ਤੇ ਕੰਮ ਕੀਤੇ ਜਾ ਰਹੇ ਹਨ। ਵਿਧਾਇਕ ਜਿੰਪਾ ਨੇ ਕਿਹਾ ਕਿ ਟਿਊਬਵੈੱਲ ਲਗਾਉਣ ਦੇ ਇਸ ਮਹੱਤਵਪੂਰਨ ਕਾਰਜ ਲਈ ਪਿੰਡ ਦੇ ਬਲਕਾਰ ਸਿੰਘ, ਨਿਰਮਲਾ ਦੇਵੀ, ਅਮਨਦੀਪ ਸਿੰਘ ਅਤੇ ਦੇਸਰਾਜ ਨੇ ਅਹਿਮ ਭੂਮਿਕਾ ਨਿਭਾਈ ਹੈ। ਉਨ੍ਹਾਂ ਕਿਹਾ ਕਿ ਆਦਮਵਾਲ ਖੇਤਰ ਦੇ ਲੋਕਾਂ ਦੀ ਲੰਬੇ ਸਮੇਂ ਤੋਂ ਸਾਫ਼ ਪੀਣਯੋਗ ਪਾਣੀ ਦੀ ਮੰਗ ਸੀ, ਜਿਸ ਨੂੰ ਹੁਣ ਪੂਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਟਿਊਬਵੈੱਲ ਦੇ ਚੱਲਣ ਨਾਲ ਇਲਾਕੇ ਦੇ ਨਿਵਾਸੀਆਂ ਨੂੰ ਵੱਡੀ ਰਾਹਤ ਮਿਲੇਗੀ ਅਤੇ ਪਾਣੀ ਦੀ ਸਮੱਸਿਆ ਦਾ ਸਥਾਈ ਹੱਲ ਹੋਵੇਗਾ। ਉਨ੍ਹਾਂ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਕਾਰਜ ਨੂੰ ਨਿਰਧਾਰਤ ਸਮੇਂ ਅੰਦਰ ਗੁਣਵੱਤਾ ਨਾਲ ਪੂਰਾ ਕੀਤਾ ਜਾਵੇ ਤਾਂ ਜੋ ਲੋਕਾਂ ਨੂੰ ਜਲਦੀ ਇਸ ਦਾ ਲਾਭ ਮਿਲ ਸਕੇ। ਉਨ੍ਹਾਂ ਇਹ ਵੀ ਕਿਹਾ ਕਿ ਪਿੰਡ ਵਿੱਚ ਗੰਦੇ ਪਾਣੀ ਦੀ ਨਿਕਾਸੀ ਦੀ ਸਮੱਸਿਆ ਨੂੰ ਲੈ ਕੇ ਵੀ ਪੰਜਾਬ ਸਰਕਾਰ ਗੰਭੀਰ ਹੈ ਅਤੇ ਇਸ ਦਾ ਸਥਾਈ ਹੱਲ ਕੱਢਣ ਲਈ ਜਲਦੀ ਲੋੜੀਂਦੇ ਕਦਮ ਚੁੱਕੇ ਜਾਣਗੇ। ਵਿਧਾਇਕ ਜਿੰਪਾ ਨੇ ਕਿਹਾ ਕਿ ਸਰਕਾਰ ਪਿੰਡਾਂ ਅਤੇ ਸ਼ਹਿਰਾਂ ਦੇ ਵਿਕਾਸ ਲਈ ਨਿਰੰਤਰ ਯਤਨਸ਼ੀਲ ਹੈ ਅਤੇ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਤਰਜੀਹ ਦੇ ਆਧਾਰ 'ਤੇ ਕੀਤਾ ਜਾ ਰਿਹਾ ਹੈ। ਇਸ ਮੌਕੇ ਸਰਪੰਚ ਕੁਲਵਿੰਦਰ ਕੌਰ, ਸੁਨੀਲ ਕੁਮਾਰ, ਮਨੀਸ਼, ਜੀਵਨ, ਕਮੇਟੀ ਮੈਂਬਰ ਰਘੁਵੀਰ ਕੌਰ, ਬਖ਼ਤਾਵਰ, ਰਾਜਨ ਸਮੇਤ ਹੋਰ ਪਤਵੰਤੇ ਵਿਅਕਤੀ ਵੀ ਮੌਜੂਦ ਸਨ।

ਬਟਾਲਾ ਵਿੱਚ ਖ਼ੂਨ ਦੀ ਕਮੀ ਨਹੀਂ ਆਉਣ ਦਿੱਤੀ ਜਾਵੇਗੀ, ਲੋੜਵੰਦ ਤੱਕ ਪਹੁੰਚੇਗੀ ਮਦਦ

ਬਟਾਲਾ (ਸੰਜੀਵ ਨਈਅਰ) ਮਨੁੱਖਤਾ ਦੀ ਸੇਵਾ ਨੂੰ ਸਮਰਪਿਤ ਬਿੰਗ ਹਿਊਮਨ ਬਲੱਡ ਡੋਨੇਸ਼ਨ ਸੋਸਾਇਟੀ (ਰਜਿ.) ਪੰਜਾਬ ਵੱਲੋਂ ਬਟਾਲਾ ਸ਼ਹਿਰ ਵਿੱਚ ਚਲਾਇਆ ਜਾ ਰਿਹਾ ਚੈਰੀਟੇਬਲ ਬਲੱਡ ਬੈਂਕ ਲਗਾਤਾਰ ਜ਼ਰੂਰਤਮੰਦ ਮਰੀਜ਼ਾਂ ਲਈ ਮਸੀਹਾ ਸਾਬਤ ਹੋ ਰਿਹਾ ਹੈ। ਸੰਸਥਾ ਦੇ ਸੰਸਥਾਪਕ ਮਨੀਕਰਨ ਢੱਲਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਟੀਮ ਦਾ ਮੁੱਖ ਮਕਸਦ ਇਹ ਹੈ ਕਿ ਬਟਾਲਾ ਸ਼ਹਿਰ ਵਿੱਚ ਕਿਸੇ ਵੀ ਮਰੀਜ਼ ਨੂੰ ਖ਼ੂਨ ਦੀ ਕਮੀ ਕਾਰਨ ਪਰੇਸ਼ਾਨ ਨਾ ਹੋਣਾ ਪਵੇ। ਉਨ੍ਹਾਂ ਕਿਹਾ ਕਿ ਸੰਸਥਾ ਵੱਲੋਂ ਦਿਨ-ਰਾਤ ਸੇਵਾ ਭਾਵਨਾ ਨਾਲ ਕੰਮ ਕੀਤਾ ਜਾ ਰਿਹਾ ਹੈ ਅਤੇ ਹਰ ਤਰ੍ਹਾਂ ਦੇ ਮਰੀਜ਼ਾਂ ਨੂੰ ਖ਼ੂਨ ਸੰਬੰਧੀ ਸਹਾਇਤਾ ਮੁਹੱਈਆ ਕਰਵਾਈ ਜਾਂਦੀ ਹੈ। ਮਨੀਕਰਨ ਢੱਲਾ ਨੇ ਦੱਸਿਆ ਕਿ ਬਟਾਲਾ ਦੀਆਂ ਸਮਾਜ ਸੇਵੀ ਸੰਸਥਾਵਾਂ, ਧਾਰਮਿਕ ਜਥੇਬੰਦੀਆਂ ਅਤੇ ਵੱਖ-ਵੱਖ ਸੰਗਠਨਾਂ ਦਾ ਭਰਪੂਰ ਸਹਿਯੋਗ ਮਿਲ ਰਿਹਾ ਹੈ, ਜਿਸ ਕਾਰਨ ਸ਼ਹਿਰ ਵਿੱਚ ਖ਼ੂਨ ਦੀ ਉਪਲਬਧਤਾ ਬਣਾਈ ਰੱਖਣ ਵਿੱਚ ਕਾਫੀ ਮਦਦ ਮਿਲ ਰਹੀ ਹੈ। ਉਨ੍ਹਾਂ ਕਿਹਾ ਕਿ ਮਨੁੱਖਤਾ ਦੀ ਸੇਵਾ ਤੋਂ ਵੱਡਾ ਕੋਈ ਧਰਮ ਨਹੀਂ ਹੁੰਦਾ ਅਤੇ ਖ਼ੂਨਦਾਨ ਵਰਗਾ ਮਹਾਦਾਨ ਕਈ ਪਰਿਵਾਰਾਂ ਦੀਆਂ ਜ਼ਿੰਦਗੀਆਂ ਬਚਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ। ਉਨ੍ਹਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਵੱਧ ਤੋਂ ਵੱਧ ਖ਼ੂਨਦਾਨ ਕਰਕੇ ਇਸ ਨੇਕ ਕਾਰਜ ਨਾਲ ਜੁੜਨ ਤਾਂ ਜੋ ਕੋਈ ਵੀ ਲੋੜਵੰਦ ਮਰੀਜ਼ ਖ਼ੂਨ ਦੀ ਕਮੀ ਕਾਰਨ ਮੁਸ਼ਕਲ ਵਿੱਚ ਨਾ ਪਵੇ। ਮਨੀਕਰਨ ਢੱਲਾ ਨੇ ਇਹ ਵੀ ਭਰੋਸਾ ਦਿਵਾਇਆ ਕਿ ਬਲੱਡ ਬੈਂਕ ਦੀ ਟੀਮ ਹਰ ਵੇਲੇ ਲੋਕਾਂ ਦੀ ਸੇਵਾ ਲਈ ਤਿਆਰ ਹੈ ਅਤੇ ਐਮਰਜੈਂਸੀ ਸਮੇਂ ਵੀ ਲੋੜਵੰਦਾਂ ਤੱਕ ਮਦਦ ਪਹੁੰਚਾਈ ਜਾਂਦੀ ਹੈ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵੀ ਵਿਅਕਤੀ ਨੂੰ ਖ਼ੂਨ ਦੀ ਲੋੜ ਹੋਵੇ ਤਾਂ ਉਹ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰ ਸਕਦਾ ਹੈ :99150-91414:78887-17835

ਟਿੱਪਰ ਬੇਕਾਬੂ ਹੋ ਡਿਵਾਈਡਰ ਤੇ ਚੜ੍ਹ ਦੂਸਰੇ ਪਾਸੇ ਜਾ ਪਲਟਿਆ, ਜਾਨੀ ਨੁਕਸਾਨ ਦਾ ਬਚਾਅ



ਨਵਾਂਸ਼ਹਿਰ/ਕਾਠਗੜ੍ਹ 21ਮਈ (ਜਤਿੰਦਰ ਪਾਲ ਸਿੰਘ ਕਲੇਰ) ਰੋਪੜ੍ਹ ਬਲਾਚੌਰ ਨੈਸ਼ਨਲ ਹਾਈਵੇ ਤੇ ਨੇੜੇ ਕਾਠਗੜ੍ਹ ਮੋੜ ਕੋਲ ਟਿੱਪਰ ਪਲਟਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ ਇਸ ਸਬੰਧੀ ਮੌਕੇ ਤੋਂ ਮਿਲੀ ਜਾਣਕਾਰੀ ਅਨੁਸਾਰ ਇੱਕ 20 ਟਾਈਰਾਂ ਟਿੱਪਰ ਜਿਸ ਦਾ ਨੰਬਰ ਐਚ ਆਰ62 ਏ 9044 ਜਿਸ ਨੂੰ ਕੁਲਵਿੰਦਰ ਸਿੰਘ ਚਲਾ ਰਿਹਾ ਸੀ ਇਹ ਟਿੱਪਰ ਬਲਾਚੌਰ ਸਾਇਡ ਤੋਂ ਰੋਪੜ੍ਹ ਸਾਇਡ ਜਾ ਰਿਹਾ ਸੀ ਜਦੋਂ ਇਹ ਟਿੱਪਰ ਕਾਠਗੜ੍ਹ ਮੋੜ ਥੋੜ੍ਹਾ ਜਿਹਾ ਪਿੱਛੇ ਪਹੁੰਚੀਆਂ ਤਾਂ ਡਰਾਈਵਰ ਦੇ ਦੱਸਣ ਮੁਤਾਬਿਕ ਅਚਾਨਕ ਚਲਦੇ ਟਿੱਪਰ ਦਾ ਸਟੇਰਿੰਗ ਲੌਕ ਹੋ ਗਿਆ ਜਿਸ ਨਾਲ ਟਿੱਪਰ ਬੇਕਾਬੂ ਹੋ ਕੇ ਡਿਵਾਈਡਰ ਤੇ ਚੜ੍ਹ ਕੇ ਰੈਲਿੰਗ ਤੋੜਦਾ ਹੋਇਆ ਸੜਕ ਦੇ ਦੂਸਰੇ ਪਾਸੇ ਜਾ ਕੇ ਪਲਟ ਗਿਆ ਜਿਸ ਨਾਲ ਟਿੱਪਰ ਵਿੱਚ ਭਰੀ ਬਜਰੀ ਦੂਰ ਤੱਕ ਖਿੱਲਰ ਗਈ ਅਤੇ ਟਿੱਪਰ ਚਾਲਕ ਦਾ ਵਾਲ ਵਾਲ ਬਚਾਅ ਹੋ ਗਿਆ ਅਤੇ ਟਿੱਪਰ ਦਾ ਭਾਰੀ ਨੁਕਸਾਨ ਹੋ ਗਿਆ ਜ਼ਿਕਰਯੋਗ ਇਹ ਹੈ ਕਿ ਜਿਸ ਜਗ੍ਹਾ ਇਹ ਟਿੱਪਰ ਪਲਟਿਆ ਹੈ ਉਸ ਜਗ੍ਹਾ ਆਵਾਜਾਈ ਬਹੁਤ ਜਿਆਦਾ ਰਹਿੰਦੀ ਹੈ ਪਰ ਮਾਰਨ ਵਾਲੇ ਨਾਲੋਂ ਬਚਾਉਣ ਵਾਲਾ ਰੱਬ ਮੌਕੇ ਤੇ ਪ੍ਰਗਟ ਹੋ ਗਿਆ ਜਿਸ ਨਾਲ ਇਹ ਵੱਡਾ ਹਾਦਸਾ ਹੋਣੋ ਟਲ ਗਿਆ।

ਦੇਰ ਰਾਤ ਬਿਜਲੀ ਮੀਟਰ ਬਕਸੇ ਨੂੰ ਲੱਗੀ ਅੱਗ, ਧੀਰਜ ਵਰਮਾ ਦੀ ਸੂਝਬੂਝ ਨਾਲ ਟਲਿਆ ਵੱਡਾ ਹਾਦਸਾ



ਬਟਾਲਾ 22 ਮਈ (ਸੰਜੀਵ ਨਈਅਰ) ਬਟਾਲਾ ਦੇ ਮਹੱਲਾ ਦਾਰਾ ਸਲਾਮ ਪ੍ਰੇਮ ਨਗਰ ਵਿੱਚ ਦੇਰ ਰਾਤ ਉਸ ਵੇਲੇ ਹੜਕੰਪ ਮਚ ਗਿਆ ਜਦੋਂ ਇਲਾਕੇ ਵਿੱਚ ਲੱਗੇ ਬਿਜਲੀ ਦੇ ਮੀਟਰ ਬਕਸੇ ਅਤੇ ਤਾਰਾਂ ਨੂੰ ਅਚਾਨਕ ਅੱਗ ਲੱਗ ਗਈ। ਅੱਗ ਲੱਗਣ ਕਾਰਨ ਚਿੰਗਾਰੀਆਂ ਨਿਕਲਣ ਲੱਗੀਆਂ ਅਤੇ ਇਲਾਕਾ ਵਾਸੀਆਂ ਵਿੱਚ ਦਹਿਸ਼ਤ ਦਾ ਮਾਹੌਲ ਬਣ ਗਿਆ। ਇਸ ਦੌਰਾਨ ਮੁਹੱਲਾ ਨਿਵਾਸੀ ਧੀਰਜ ਵਰਮਾ ਨੂੰ ਜਿਵੇਂ ਹੀ ਘਟਨਾ ਦਾ ਪਤਾ ਲੱਗਿਆ ਤਾਂ ਉਸ ਨੇ ਬਿਨਾਂ ਸਮਾਂ ਗਵਾਏ ਫੁਰਤੀ ਦਿਖਾਉਂਦੇ ਹੋਏ ਆਪਣੇ ਘਰ ਵਿੱਚ ਮੌਜੂਦ ਅੱਗ ਬੁਝਾਉਣ ਵਾਲੇ ਸਿਲੰਡਰ ਦੀ ਮਦਦ ਨਾਲ ਅੱਗ 'ਤੇ ਕਾਬੂ ਪਾ ਲਿਆ। ਧੀਰਜ ਵਰਮਾ ਦੀ ਸਮਝਦਾਰੀ ਅਤੇ ਤੁਰੰਤ ਕਾਰਵਾਈ ਕਾਰਨ ਨਾ ਸਿਰਫ਼ ਬਿਜਲੀ ਬੋਰਡ ਦਾ ਵੱਡਾ ਨੁਕਸਾਨ ਹੋਣ ਤੋਂ ਬਚ ਗਿਆ, ਸਗੋਂ ਇਲਾਕੇ ਵਿੱਚ ਕਿਸੇ ਵੱਡੇ ਹਾਦਸੇ ਅਤੇ ਜਾਨੀ ਨੁਕਸਾਨ ਤੋਂ ਵੀ ਬਚਾਅ ਹੋ ਗਿਆ। ਮੁਹੱਲਾ ਵਾਸੀਆਂ ਨੇ ਦੱਸਿਆ ਕਿ ਜੇਕਰ ਸਮੇਂ ਸਿਰ ਅੱਗ 'ਤੇ ਕਾਬੂ ਨਾ ਪਾਇਆ ਜਾਂਦਾ ਤਾਂ ਅੱਗ ਨੇ ਨੇੜਲੇ ਘਰਾਂ ਅਤੇ ਹੋਰ ਬਿਜਲੀ ਸਾਜ਼ੋ-ਸਾਮਾਨ ਨੂੰ ਵੀ ਆਪਣੀ ਲਪੇਟ ਵਿੱਚ ਲੈ ਸਕਦੀ ਸੀ। ਧੀਰਜ ਵਰਮਾ ਵੱਲੋਂ ਦਿਖਾਈ ਗਈ ਹਿੰਮਤ ਅਤੇ ਜਾਗਰੂਕਤਾ ਦੀ ਇਲਾਕੇ ਵਿੱਚ ਹਰ ਪਾਸੇ ਸ਼ਲਾਘਾ ਕੀਤੀ ਜਾ ਰਹੀ ਹੈ। ਲੋਕਾਂ ਨੇ ਕਿਹਾ ਕਿ ਅਜਿਹੇ ਸਮਾਜਸੇਵੀ ਅਤੇ ਜ਼ਿੰਮੇਵਾਰ ਨੌਜਵਾਨ ਸਮਾਜ ਲਈ ਪ੍ਰੇਰਣਾ ਸਰੋਤ ਹਨ।

ਬੰਗਾ 'ਚ ਕਣਕ ਚੋਰੀ ਕਾਂਡ, ਖਾਲੀ ਪਲਾਟ 'ਚ ਮਿਲੀਆਂ ਪੰਜਾਬ ਸਰਕਾਰ ਲਿਖੀਆਂ 17 ਬੋਰੀਆਂ

ਬੰਗਾ 21 ਮਈ (ਮਨਜਿੰਦਰ ਸਿੰਘ) ਬੰਗਾ ਤੋਂ ਹੀਓ ਰੋਡ ਨੇੜੇ ਪਿੰਡ ਖਟਕੜ ਖੁਰਦ ਵਿੱਚ ਉਸ ਵੇਲੇ ਹੜਕੰਪ ਮਚ ਗਿਆ ਜਦੋਂ ਬੰਗਾ ਰਕਬਾ ਦੇ ਇੱਕ ਖਾਲੀ ਪਲਾਟ ਵਿੱਚ ਕਣਕ ਦੀਆਂ 17 ਬੋਰੀਆਂ ਸ਼ੱਕੀ ਹਾਲਾਤਾਂ ਵਿੱਚ ਸੁੱਟੀਆਂ ਹੋਈਆਂ ਮਿਲੀਆਂ। ਇਨ੍ਹਾਂ ਬੋਰੀਆਂ ਉੱਪਰ ਪੰਜਾਬ ਸਰਕਾਰ ਲਿਖਿਆ ਹੋਇਆ ਸੀ, ਜੋ ਕਿ ਸਰਕਾਰ ਵੱਲੋਂ ਆੜਤੀਆਂ ਨੂੰ ਕਣਕ ਭਰਨ ਲਈ ਮੁਹਈਆ ਕਰਾਈਆਂ ਜਾਂਦੀਆਂ ਜਿਸ ਕਾਰਨ ਮਾਮਲਾ ਹੋਰ ਵੀ ਗੰਭੀਰ ਬਣ ਗਿਆ ਹੈ। ਇਲਾਕੇ ਵਿੱਚ ਇਸ ਘਟਨਾ ਨੂੰ ਲੈ ਕੇ ਚਰਚਾਵਾਂ ਦਾ ਬਾਜ਼ਾਰ ਗਰਮ ਹੈ ਅਤੇ ਲੋਕਾਂ ਵੱਲੋਂ ਇਸ ਦੇ ਪਿੱਛੇ ਚੋਰੀ ਜਾਂ ਕਾਲਾਬਾਜ਼ਾਰੀ ਦੀ ਸੰਭਾਵਨਾ ਜਤਾਈ ਜਾ ਰਹੀ ਹੈ। ਇਸ ਸਬੰਧੀ ਮੁੱਢਲੀ ਜਾਣਕਾਰੀ ਜਗਜੀਤ ਮੈਂਬਰ ਪੰਚਾਇਤ, ਕਮਲਜੀਤ ਸਿੰਘ ਸਾਬਕਾ ਪੰਚ ਅਤੇ ਦੀਪਕ ਰਾਏ ਪੰਚ ਵੱਲੋਂ ਦਿੱਤੀ ਗਈ। ਪਿੰਡ ਖਟਕੜ ਖੁਰਦ ਦੇ ਸਾਬਕਾ ਸਰਪੰਚ ਰਾਮ ਲੁਭਾਇਆ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜਿਸ ਜਗ੍ਹਾ 'ਤੇ ਇਹ ਬੋਰੀਆਂ ਸੁੱਟੀਆਂ ਗਈਆਂ ਹਨ, ਉਹ ਖਾਲੀ ਪਲਾਟ ਬੰਗਾ ਸ਼ਹਿਰ ਦੇ ਰਕਬੇ ਵਿੱਚ ਆਉਂਦਾ ਹੈ। ਉਹਨਾਂ ਕਿਹਾ ਕਿ ਇਹ ਬੋਰੀਆਂ ਕਿਸੇ ਮਾੜੀ ਨੀਅਤ ਨਾਲ ਇੱਥੇ ਸੁੱਟੀਆਂ ਗਈਆਂ ਲੱਗਦੀਆਂ ਹਨ। ਉਹਨਾਂ ਸ਼ੱਕ ਜਤਾਇਆ ਕਿ ਇਹ ਕਣਕ ਕਿਸੇ ਆੜਤੀ, ਕਿਸਾਨ ਜਾਂ ਸਰਕਾਰੀ ਡਿਪੂ ਦੀ ਹੋ ਸਕਦੀ ਹੈ। ਇਹ ਵੀ ਸੰਭਾਵਨਾ ਹੈ ਕਿ ਇਹ ਉਹੀ ਕਣਕ ਹੋਵੇ ਜੋ ਸਰਕਾਰ ਵੱਲੋਂ ਨੀਲੇ ਕਾਰਡ ਧਾਰਕਾਂ ਨੂੰ ਵੰਡਣ ਲਈ ਭੇਜੀ ਜਾਂਦੀ ਹੈ। ਰਾਮ ਲੁਭਾਇਆ ਨੇ ਕਿਹਾ ਕਿ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਹੋਣੀ ਚਾਹੀਦੀ ਹੈ ਤਾਂ ਜੋ ਸੱਚਾਈ ਸਾਹਮਣੇ ਆ ਸਕੇ ਅਤੇ ਜੇਕਰ ਇਸ ਪਿੱਛੇ ਕੋਈ ਚੋਰੀ, ਕਾਲਾਬਾਜ਼ਾਰੀ ਜਾਂ ਸਰਕਾਰੀ ਅਨਾਜ ਦੀ ਹੇਰਾਫੇਰੀ ਹੈ ਤਾਂ ਦੋਸ਼ੀਆਂ ਖਿਲਾਫ਼ ਸਖ਼ਤ ਕਾਰਵਾਈ ਹੋਵੇ। ਇਸ ਘਟਨਾ ਤੋਂ ਬਾਅਦ ਲੋਕਾਂ ਵਿੱਚ ਸੁਰੱਖਿਆ ਪ੍ਰਬੰਧਾਂ ਅਤੇ ਅਨਾਜ ਦੀ ਸੰਭਾਲ 'ਤੇ ਵੀ ਵੱਡੇ ਸਵਾਲ ਖੜੇ ਹੋ ਰਹੇ ਹਨ। ਫਿਲਹਾਲ ਪੁਲਿਸ ਅਤੇ ਸੰਬੰਧਤ ਵਿਭਾਗ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਉਮੀਦ ਕੀਤੀ ਜਾ ਰਹੀ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਇਸ ਮਾਮਲੇ ਨਾਲ ਜੁੜੇ ਵੱਡੇ ਖੁਲਾਸੇ ਹੋ ਸਕਦੇ ਹਨ।

ਬਟਾਲਾ ਪੁਲਿਸ ਨੇ ਸੁਖਰਾਜ ਸਿੰਘ ਉਰਫ ਕਾਕਾ ਪੱਡੇ ਤੇ ਗੋਲੀ ਚਲਾਉਣ ਵਾਲੇ ਦਬੋਚੇ

ਗੁਰਦਾਸਪੁਰ, 21 ਮਈ (ਗੁਲਸ਼ਨ ਰਣੀਆ) ਸੰਦੀਪ ਕੁਮਾਰ ਵਡੇਰਾ ਐੱਸ.ਪੀ ਇੰਨਵੈਸਟੀਗੇਸ਼ਨ ਬਟਾਲਾ ਪ੍ਰੈਸ ਕਾਨਫਰੰਸ ਦੌਰਾਨ ਦੱਸਿਆ ਕਿ ਕਿ ਪੰਜਾਬ ਸਰਕਾਰ ਵੱਲੋਂ ਗੈਂਗਸਟਰਾਂ ਦੇ ਖਿਲਾਫ ਚਲਾਇਆ ਗਿਆ ਆਪਰੇਸ਼ਨ ਪ੍ਰਹਾਰ-2 ਜੀ ਸਬੰਧੀ ਡੀ.ਜੀ.ਪੀ ਪੰਜਾਬ ਦੇ ਹੁਕਮਾਂ ਅਨੁਸਾਰ ਡਾ. ਮਹਿਤਾਬ ਸਿੰਘ ਐਸ.ਐਸ.ਪੀ ਬਟਾਲਾ ਦੇ ਦਿਸ਼ਾ ਨਿਰਦੇਸ਼ਾਂ ਹੇਠ ਬਟਾਲਾ ਪੁਲਿਸ ਵੱਲੋਂ ਜੋਗਾ ਸਿੰਘ ਡੀ.ਐੱਸ.ਪੀ, ਡੇਰਾ ਬਾਬਾ ਨਾਨਕ ਦੀ ਜੇਰ ਨਿਗਰਾਨੀ, ਇੰਸਪੈਕਟਰ ਸੁਖਰਾਜ ਸਿੰਘ ਸੀ.ਏ.ਸਟਾਫ ਬਟਾਲਾ ਅਤੇ ਐਸ.ਆਈ ਅਸ਼ੋਕ ਕੁਮਾਰ ਮੁੱਖ ਅਫਸਰ ਥਾਣਾ ਡੇਰਾ ਬਾਬਾ ਨਾਨਕ ਨੂੰ ਉਸ ਵੇਲੇ ਵੱਡੀ ਸਫਲਤਾ ਹਾਸਲ ਹੋਈ, ਜਦੋਂ ਅਸ਼ੀਸ ਮਸੀਹ ਉਰਫ ਸੀਪਾ ਪੁੱਤਰ ਸੈਮੁਅਲ ਮਸੀਹ ਵਾਸੀ ਸਾਹਪੁਰ ਜਾਜਨ ਨੂੰ ਕਾਬੂ ਕਰਕੇ ਇਸ ਪਾਸੇ 1 ਪਿਸਟਲ 30 ਬੋਰ ਬਰੇਟਾ ਤੇ 3 ਰੌਂਦ ਜਿੰਦਾ 30 ਬੋਰ ਬ੍ਰਾਮਦ ਕਰਕੇ ਇਸ ਦੇ ਖਿਲਾਫ ਮੁੱਕਦਮਾ ਨੰਬਰ 101 ਮਿਤੀ 20-5-2026 ਜੁਰਮ 25-54-59 ਅਸਲਾ ਐਕਟ ਥਾਣਾ ਡੇਰਾ ਬਾਬਾ ਨਾਨਕ ਦਰਜ ਰਜਿਸਟਰ ਕੀਤਾ ਗਿਆ।ਉਨ੍ਹਾਂ ਅੱਗੇ ਦੱਸਿਆ ਕਿ ਪੁੱਛਗਿੱਛ ਦੌਰਾਨ ਦੇਸੀ ਅਸ਼ੀਸ ਉਰਫ ਸੀਪਾ ਨੇ ਦੱਸਿਆ ਕਿ ਮਿਤੀ 25 ਮਾਰਚ 2026 ਨੂੰ ਸੁਖਰਾਜ ਸਿੰਘ ਉਰਫ ਕਾਕਾ ਵਾਸੀ ਪੱਡੇ ਤੇ ਜਿਸ ਦਿਨ ਗੋਲੀਆਂ ਚੱਲੀਆਂ ਸਨ, ਉਸ ਦਿਨ ਉਸ ਨੇ ਸੁਖਰਾਜ ਸਿੰਘ ਉਰਫ ਕਾਕਾ ਪੱਡੇ ਦੀ ਰੈਕੀ ਕੀਤੀ ਸੀ, ਜੋ ਇਸ ਵਕੂਆ ਸਬੰਧੀ ਦਰਜ ਮੁਕੱਦਮਾ ਨੰਬਰ 47 ਮਿਤੀ 25-03-2026 ਜੁਰਮ 109, 61(2), ਬੀ,ਐਨ,ਐਸ 25/27-54-59 ਆਰਮਜ ਐਕਟ ਥਾਣਾ ਡੇਰਾ ਬਾਬਾ ਨਾਨਕ ਵਿਚ ਵੀ ਲੋੜੀਦਾ ਸੀ, ਦੋਸ਼ੀ ਸੀਪਾ ਨੂੰ ਪੇਸ਼ ਅਦਾਲਤ ਕਰਕੇ ਰਿਮਾਂਡ ਹਾਸਲ ਕੀਤਾ ਜਾ ਰਿਹਾ ਹੈ, ਰਿਮਾਂਡ ਦੌਰਾਨ ਹੋਰ ਖੁਲਾਸੇ ਹੋਣ ਦੀ ਸੰਭਾਵਨਾ ਹੈ। ਉਨ੍ਹਾ ਦੱਸਿਆ ਕਿ ਦੋਸ਼ੀ ਕੋਲੇ 1 ਪਿਸਟਲ 30 ਬੋਰ ਬਰੇਟਾ, 3 ਰੌਂਦ ਜਿੰਦਾ 30 ਬੋਰ ਬ੍ਰਾਮਦਗੀ ਹੋਈ ਹੈ।

ਮਹਾਜਨ ਯੂਥ ਵਿੰਗ ਟੀਮ ਵੱਲੋਂ ਕਰਵਾਇਆ ਗਿਆ ਹਵਨ ਯੱਗ

ਪਠਾਨਕੋਟ 21, ਮਈ (ਤਰੁਣ ਸਨਹੋਤਰਾ) ਅਧਿਕ ਮਾਸ ਦੇ ਪਾਵਨ ਮੌਕੇ 'ਤੇ ਮਹਾਜਨ ਯੂਥ ਵਿੰਗ ਟੀਮ ਵੱਲੋਂ ਪ੍ਰੋਜੈਕਟ ਚੇਅਰਮੈਨ ਸੁਧੀਰ ਗੁਪਤਾ ਦੀ ਅਗਵਾਈ ਹੇਠ ਪ੍ਰਸਥਾਨ ਆਸ਼ਰਮ ਵਿੱਚ ਸ਼ਰਧਾ ਅਤੇ ਭਗਤੀ ਨਾਲ ਹਵਨ ਯੱਗ ਕਰਵਾਇਆ ਗਿਆ। ਸਮਾਗਮ ਦੀ ਸ਼ੁਰੂਆਤ ਵਿਦਵਾਨ ਆਚਾਰਿਆਂ ਵੱਲੋਂ ਮੰਤਰੋਚਾਰਣ ਅਤੇ ਵਿਧੀਵਤ ਪੂਜਾ ਨਾਲ ਕੀਤੀ ਗਈ। ਹਵਨ ਵਿੱਚ ਹਾਜ਼ਰ ਸਦੱਸਾਂ ਨੇ ਵਿਸ਼ਵ ਸ਼ਾਂਤੀ, ਸਮਾਜ ਦੀ ਖੁਸ਼ਹਾਲੀ ਅਤੇ ਦੇਸ਼ ਦੀ ਤਰੱਕੀ ਲਈ ਆਹੁਤੀਆਂ ਪਾਈਆਂ। ਜ਼ਿਲ੍ਹਾ ਪ੍ਰਧਾਨ ਵਿਸ਼ਾਲ ਮਹਾਜਨ ਨੇ ਕਿਹਾ ਕਿ ਅਧਿਕ ਮਾਸ ਦੌਰਾਨ ਕੀਤੇ ਧਾਰਮਿਕ ਕਾਰਜਾਂ ਦਾ ਵਿਸ਼ੇਸ਼ ਮਹੱਤਵ ਹੁੰਦਾ ਹੈ ਅਤੇ ਨੌਜਵਾਨਾਂ ਨੂੰ ਆਪਣੀ ਸੰਸਕ੍ਰਿਤੀ ਨਾਲ ਜੋੜਨਾ ਸਮੇਂ ਦੀ ਲੋੜ ਹੈ। ਸਿਟੀ ਪ੍ਰਧਾਨ ਰੋਹਿਤ ਮਹਾਜਨ ਨੇ ਵੈਦਿਕ ਬਾਲ ਸੰਸਕਾਰ ਕੇਂਦਰ ਵਿੱਚ ਦਿੱਤੀ ਜਾ ਰਹੀ ਸਨਾਤਨ ਸਿੱਖਿਆ ਦੀ ਸਰਾਹਨਾ ਕੀਤੀ। ਇਸ ਮੌਕੇ ਰਾਕੇਸ਼ ਮਹਾਜਨ, ਅਮਰਜੀਤ ਮਹਾਜਨ, ਸੰਜੂ ਮਹਾਜਨ, ਪੰਕਜ ਗੁਪਤਾ, ਗੌਰਵ ਮਹਾਜਨ ਲੱਕੀ ਸਮੇਤ ਕਈ ਮੈਂਬਰ ਮੌਜੂਦ ਰਹੇ।

ਕਾਦੀਆਂ ਵਿਖੇ ਚੱਲ ਰਹੇ ਵਿਕਾਸ ਕਾਰਜਾਂ ਦਾ ਏਡੀਸੀ ਗੁਰਦਾਸਪੁਰ ਗੁਰਸਿਮਰਨ ਸਿੰਘ ਢਿੱਲੋਂ ਲਿਆ ਜਾਇਜ਼ਾ

ਕਾਦੀਆਂ 21 ਮਈ (ਅਸ਼ੋਕ ਨਈਅਰ,ਦਵਿੰਦਰ ਸਿੰਘ ਕਾਹਲੋਂ) ਕਾਦੀਆਂ ਸ਼ਹਿਰ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਨੂੰ ਹੋਰ ਤੇਜ਼ੀ ਨਾਲ ਮੁਕੰਮਲ ਕਰਨ ਲਈ ਅੱਜ ਹਲਕਾ ਇੰਚਾਰਜ ਕਾਦੀਆਂ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਦੀ ਅਗਵਾਈ ਹੇਠ ਵਿਸਥਾਰਪੂਰਵਕ ਮੀਟਿੰਗ ਅਤੇ ਮੌਕੇ 'ਤੇ ਨਿਰੀਖਣ ਕੀਤਾ ਗਿਆ। ਇਸ ਦੌਰਾਨ ਏਡੀਸੀ ਗੁਰਦਾਸਪੁਰ ਗੁਰਸਿਮਰਨ ਸਿੰਘ ਢਿੱਲੋਂ ਵਿਸ਼ੇਸ਼ ਤੌਰ 'ਤੇ ਕਾਦੀਆਂ ਪਹੁੰਚੇ। ਉਨ੍ਹਾਂ ਤੋਂ ਇਲਾਵਾ ਨਗਰ ਕੌਂਸਲ ਕਾਦੀਆਂ, ਸੀਵਰੇਜ ਬੋਰਡ, ਸਿਹਤ ਵਿਭਾਗ ਅਤੇ ਹੋਰ ਸੰਬੰਧਿਤ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਰਹੇ। ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਲੋਕਾਂ ਨੂੰ ਬਿਹਤਰ ਸਹੂਲਤਾਂ ਮੁਹੱਈਆ ਕਰਵਾਉਣਾ ਸਰਕਾਰ ਦੀ ਮੁੱਖ ਤਰਜੀਹ ਹੈ ਅਤੇ ਕਾਦੀਆਂ ਨੂੰ ਵਿਕਾਸ ਪੱਖੋਂ ਕਿਸੇ ਵੀ ਤਰ੍ਹਾਂ ਦੀ ਕਮੀ ਮਹਿਸੂਸ ਨਾ ਹੋਣ ਦਿੱਤੀ ਜਾਵੇ। ਉਨ੍ਹਾਂ ਦੱਸਿਆ ਕਿ ਕਮੇਟੀ ਘਰ

ਦੇ ਵਿੱਚ ਆਮ ਆਦਮੀ ਕਲੀਨਿਕ ਦਾ ਕੰਮ ਜਲਦ ਸ਼ੁਰੂ ਕੀਤਾ ਜਾ ਰਿਹਾ ਹੈ, ਜਿਸ ਨਾਲ ਇਲਾਕੇ ਦੇ ਲੋਕਾਂ ਨੂੰ ਵਧੀਆ ਸਿਹਤ ਸਹੂਲਤਾਂ ਮਿਲਣਗੀਆਂ। ਉਨ੍ਹਾਂ ਕਿਹਾ ਕਿ ਨਵੀਂ ਪਾਣੀ ਵਾਲੀ ਟੈਂਕੀ ਲਈ ਵੱਖ-ਵੱਖ ਥਾਵਾਂ ਦਾ ਮੁਆਇਨਾ ਵੀ ਕੀਤਾ ਗਿਆ ਅਤੇ ਜਲਦ ਹੀ ਥਾਂ ਨੂੰ ਫਾਈਨਲ ਕਰ ਲਿਆ ਜਾਵੇਗਾ। ਐਡਵੋਕੇਟ ਸੇਖਵਾਂ ਨੇ ਦੱਸਿਆ ਕਿ ਸ਼ਹਿਰ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਦਾ ਵੀ ਨਿਰੀਖਣ ਕੀਤਾ ਗਿਆ ਅਤੇ ਜਿੱਥੇ ਕਮੀਆਂ ਸਾਹਮਣੇ ਆਈਆਂ, ਉੱਥੇ ਸੰਬੰਧਿਤ ਅਧਿਕਾਰੀਆਂ ਅਤੇ ਠੇਕੇਦਾਰਾਂ ਨੂੰ ਤੁਰੰਤ ਸੁਧਾਰ ਕਰਨ ਲਈ ਨਿਰਦੇਸ਼ ਜਾਰੀ ਕੀਤੇ ਗਏ ਹਨ। ਇਸ ਦੌਰਾਨ ਏਡੀਸੀ ਗੁਰਦਾਸਪੁਰ ਗੁਰਸਿਮਰਨ ਸਿੰਘ ਢਿੱਲੋਂ ਨੇ ਕਿਹਾ ਕਿ ਅੱਜ ਨਗਰ ਕੌਂਸਲ, ਸੀਵਰੇਜ ਬੋਰਡ ਅਤੇ ਹੋਰ ਵਿਭਾਗਾਂ ਨਾਲ ਮਿਲ ਕੇ ਚੱਲ ਰਹੇ ਵਿਕਾਸ ਕਾਰਜਾਂ ਦਾ ਮੌਕੇ 'ਤੇ ਜਾਇਜ਼ਾ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਕਲੀਨਿਕ, ਪਾਣੀ ਦੀ ਟੈਂਕੀ ਅਤੇ ਸੜਕਾਂ ਦੇ ਨਿਰਮਾਣ ਵਰਗੇ ਮਹੱਤਵਪੂਰਨ ਕੰਮਾਂ ਨੂੰ ਜਲਦ ਪੂਰਾ ਕਰਨ ਲਈ ਸੰਬੰਧਿਤ ਵਿਭਾਗਾਂ ਨੂੰ ਸਪੱਸ਼ਟ ਨਿਰਦੇਸ਼ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਜਿੱਥੇ ਵੀ ਵਿਕਾਸ ਕਾਰਜਾਂ ਵਿੱਚ ਕਮੀਆਂ ਪਾਈਆਂ ਗਈਆਂ ਹਨ, ਉਥੇ ਸੰਬੰਧਿਤ ਅਧਿਕਾਰੀਆਂ ਨੂੰ ਤੁਰੰਤ ਸੁਧਾਰ ਕਰਨ ਲਈ ਕਿਹਾ ਗਿਆ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਪੰਜਾਬ ਸਰਕਾਰ ਵੱਲੋਂ ਸ਼ਹਿਰ ਵਾਸੀਆਂ ਨੂੰ ਬਿਹਤਰ ਸਹੂਲਤਾਂ ਅਤੇ ਸਿਹਤ ਸੇਵਾਵਾਂ ਮੁਹੱਈਆ ਕਰਵਾਈਆਂ ਜਾਣ।

ਸਰਕਾਰੀ ਮਿਡਲ ਸਮਾਰਟ ਸਕੂਲ ਸਿਆਣਾ ਵਿਖੇ ਹੋਣਹਾਰ ਵਿਦਿਆਰਥੀਆਂ ਲਈ ਵਿਸ਼ੇਸ਼ ਸਨਮਾਨ ਸਮਾਰੋਹ ਆਯੋਜਿਤ

ਬਲਾਚੌਰ 21 ਮਈ (ਤਜਿੰਦਰ ਜੋਤ) ਵਿਦਿਆਰਥੀਆਂ ਦੀ ਹੌਸਲਾ ਅਫ਼ਜ਼ਾਈ ਕਰਨ ਅਤੇ ਉਨ੍ਹਾਂ ਨੂੰ ਉਤਸ਼ਾਹਿਤ ਕਰਨ ਲਈ ਇੱਕ ਵਿਸ਼ੇਸ਼ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਗਿਆ। ਇਸ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਇਲਾਕੇ ਦੇ ਉੱਘੇ ਸਮਾਜਸੇਵੀ ਡਾਕਟਰ ਜਸਵੀਰ ਸਿੰਘ ਸੈਣੀ ਵੱਲੋਂ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ ਗਈ ਅਤੇ ਅੱਠਵੀਂ ਜਮਾਤ ਵਿੱਚੋਂ ਸ਼ਾਨਦਾਰ ਅੰਕ ਲੈ ਕੇ ਅੱਵਲ ਰਹੇ ਵਿਦਿਆਰਥੀਆਂ ਨੂੰ ਨਕਦ ਇਨਾਮ ਦੇ ਕੇ ਨਿਵਾਜਿਆ ਗਿਆ।ਇਸ ਮੌਕੇ ਅੱਠਵੀਂ ਜਮਾਤ ਦੀ ਵਿਦਿਆਰਥਣ ਦੀਪਾ ਕੁਮਾਰੀ ਨੂੰ ਸਕੂਲ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕਰਨ 'ਤੇ 3100/- ਦਾ ਨਕਦ ਇਨਾਮ ਦਿੱਤਾ ਗਿਆ। ਜਦਕਿ ਦੂਜੇ ਸਥਾਨ 'ਤੇ ਰਹੀ ਖ਼ੁਸ਼ੀ ਕੁਮਾਰੀ ਨੂੰ 2100/- ਅਤੇ ਤੀਜਾ ਸਥਾਨ ਹਾਸਲ ਕਰਨ ਵਾਲੀ ਪਾਇਲੀ ਤੇ ਅਲਸਿਫ਼ਾ ਨੂੰ 1100/- ਦੀ ਨਕਦ ਰਾਸ਼ੀ ਦੇ ਕੇ ਸਨਮਾਨਿਤ ਕੀਤਾ ਗਿਆ।ਡਾਕਟਰ ਸੈਣੀ ਦੇ ਨਾਲ-ਨਾਲ ਸਕੂਲ ਸਟਾਫ਼ ਵੱਲੋਂ ਵੀ ਪੰਜਵੀਂ ਤੋਂ ਸੱਤਵੀਂ ਜਮਾਤ ਦੇ ਮੋਹਰੀ ਵਿਦਿਆਰਥੀਆਂ ਦੀ ਹੌਸਲਾ ਅਫ਼ਜ਼ਾਈ ਕੀਤੀ ਗਈ। ਜਿਸ ਚ ਸੱਤਵੀਂ ਜਮਾਤ ਦੀ

ਸਿਮਰਨ ਕੌਰ ਪਹਿਲਾ ਸਥਾਨ ਅਤੇ ਪ੍ਰਭਜੋਤ ਕੌਰ ਦੂਜਾ ਸਥਾਨ।ਛੇਵੀਂ ਜਮਾਤ ਸੰਜਨਾ ਕਲੇਰ ਪਹਿਲਾ ਸਥਾਨ ਅਤੇ ਹਰਲੀਨ ਕੌਰ ਦੂਜਾ ਸਥਾਨ।ਪੰਜਵੀਂ ਜਮਾਤ ਅਸ਼ਮੀ ਪਹਿਲਾ ਸਥਾਨ ਅਤੇ ਅਵਨੀਤ ਕੌਰ ਦੂਜਾ ਸਥਾਨ।ਇਨ੍ਹਾਂ ਸਾਰੇ ਹੋਣਹਾਰ ਬੱਚਿਆਂ ਨੂੰ ਵੀ ਸਨਮਾਨਿਤ ਕੀਤਾ ਗਿਆ ਅਤੇ ਸਟੇਸ਼ਨਰੀ ਸਮੱਗਰੀ ਵੰਡੀ ਗਈ।ਸਮਾਗਮ ਦੌਰਾਨ ਪੀ.ਟੀ.ਏ. ਅਧਿਆਪਿਕਾ ਜਯੋਤੀ ਕਲੇਰ ਨੂੰ ਸਕੂਲ ਲਈ ਨਿਭਾਈਆਂ ਜਾ ਰਹੀਆਂ ਸ਼ਾਨਦਾਰ ਸੇਵਾਵਾਂ ਬਦਲੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਦੇ ਨਾਲ ਹੀ ਸਕੂਲ ਸਟਾਫ਼ ਵੱਲੋਂ ਡਾਕਟਰ ਜਸਵੀਰ ਸਿੰਘ ਸੈਣੀ ਵੱਲੋਂ ਹਰ ਸਾਲ ਇਸ ਤਰ੍ਹਾਂ ਰਹੇ ਨਿਰੰਤਰ ਸਹਿਯੋਗ ਲਈ ਉਨ੍ਹਾਂ ਦਾ ਧੰਨਵਾਦ ਕਰਦਿਆਂ ਉਨ੍ਹਾਂ ਨੂੰ ਯਾਦਗਾਰੀ ਚਿੰਨ੍ਹ ਭੇਟ ਕੀਤਾ ਗਿਆ। ਸਮਾਗਮ ਦੀ ਸਟੇਜ ਸੰਚਾਲਨਾ ਸਕੂਲ ਇੰਚਾਰਜ ਸ੍ਰੀ ਮਨੋਜ ਕੁਮਾਰ ਵੱਲੋਂ ਬਾਖੂਬੀ ਨਿਭਾਈ ਗਈ, ਜਦਕਿ ਅੱਠਵੀਂ ਜਮਾਤ ਦੀ ਵਿਦਿਆਰਥਣ ਸਿਮਰਨ ਕੌਰ ਨੇ ਆਏ ਹੋਏ ਮਹਿਮਾਨਾਂ ਦਾ ਨਿੱਘਾ ਸਵਾਗਤ ਕੀਤਾ।ਇਸ ਮੌਕੇ ਸਕੂਲ ਐੱਸ.ਐੱਮ.ਸੀ. ਚੇਅਰਪਰਸਨ ਸ੍ਰੀਮਤੀ ਚਰਨਜੀਤ ਕੌਰ, ਸਮਾਜਸੇਵੀ ਸ੍ਰੀ ਗੁਰਪ੍ਰੀਤ ਸਿੰਘ ਰਿਟਾਇਰਡ ਸੁਪਰਡੈਂਟ, ਵਾਲੀ ਸੰਜਣ ਸ੍ਰੀ ਹਰਬੰਸ ਕਲੇਰ, ਸ੍ਰੀ ਰਾਜਿੰਦਰ ਸਹਿਲ ਅਤੇ ਸ੍ਰੀ ਮਨਜੀਤ ਸਿੰਘ ਬੀ.ਐੱਸ. ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਸਮਾਗਮ ਵਿੱਚ ਵਿਦਿਆਰਥੀਆਂ ਦੇ ਮਾਪਿਆਂ ਨੇ ਵੀ ਭਰਵੀਂ ਗਿਣਤੀ ਵਿੱਚ ਸ਼ਮੂਲੀਅਤ ਕੀਤੀ।ਅਖੀਰ ਵਿੱਚ ਅਧਿਆਪਕ ਸ੍ਰੀ ਹਰਵਿੰਦਰ ਸਿੰਘ ਸਾਇੰਸ ਮਾਸਟਰ ਅਤੇ ਸ੍ਰੀ ਸੰਜੀਵ ਕੁਮਾਰ ਨੇ ਇਨਾਮ ਪ੍ਰਾਪਤ ਕਰਨ ਵਾਲੇ ਸਮੂਹ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀ ਅਤੇ ਉਨ੍ਹਾਂ ਨੂੰ ਭਵਿੱਖ ਵਿੱਚ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਸਮਾਗਮ ਵਿੱਚ ਪਹੁੰਚੇ ਸਾਰੇ ਮਹਿਮਾਨਾਂ ਅਤੇ ਮਾਪਿਆਂ ਦਾ ਤਹਿ ਦਿਲੋਂ ਧੰਨਵਾਦ ਪ੍ਰਗਟਾਇਆ।

ਗੁਰਦਾਸਪੁਰ 'ਚ 25 ਜੂਨ ਤੋਂ 24 ਜੁਲਾਈ ਤੱਕ ਬੀ.ਐੱਲ.ਓਜ਼ ਘਰ-ਘਰ ਜਾ ਕੇ ਫਾਰਮ ਭਰਵਾਉਣਗੇ

ਗੁਰਦਾਸਪੁਰ, 21 ਮਈ (ਸੰਜੀਵ ਨਈਅਰ) ਅੱਜ ਵਧੀਕ ਡਿਪਟੀ ਕਮਿਸ਼ਨਰ ਸ੍ਰੀ ਗੁਰਸਿਮਰਨ ਸਿੰਘ ਢਿੱਲੋਂ ਵੱਲੋਂ ਜ਼ਿਲ੍ਹਾ ਸਵੀਪ ਟੀਮ ਨਾਲ ਐਸ.ਆਈ.ਆਰ. ਸਬੰਧੀ

ਮਹੱਤਵਪੂਰਨ ਮੀਟਿੰਗ ਕਰਕੇ ਇਸ ਸਬੰਧੀ ਯੋਜਨਾਬੰਦੀ ਕੀਤੀ ਗਈ। ਇਸ ਦੌਰਾਨ ਜਾਣਕਾਰੀ ਦਿੰਦੇ ਵਧੀਕ ਡਿਪਟੀ ਕਮਿਸ਼ਨਰ ਗੁਰਸਿਮਰਨ ਸਿੰਘ ਢਿੱਲੋਂ ਨੇ ਦੱਸਿਆ ਕਿ ਭਾਰਤ ਚੋਣ ਕਮਿਸ਼ਨ, ਨਵੀਂ ਦਿੱਲੀ ਵੱਲੋਂ ਪੰਜਾਬ ਰਾਜ ਵਿੱਚ ਵੋਟਰ ਸੂਚੀਆਂ ਦੀ ਸਪੈਸ਼ਲ ਇੰਟੈਂਸਿਵ ਰਵੀਜ਼ਨ ਸਬੰਧੀ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ ਹੈ। ਇਸ ਦੇ ਤਹਿਤ ਪੰਜਾਬ ਰਾਜ ਵਿੱਚ 25 ਜੂਨ ਤੋਂ 24 ਜੁਲਾਈ ਤੱਕ ਬੀ.ਐੱਲ.ਓਜ਼ ਘਰ-ਘਰ ਜਾ ਕੇ ਫਾਰਮ ਭਰਵਾਉਣਗੇ। ਉਨ੍ਹਾਂ ਸਵੀਪ ਟੀਮ ਨਾਲ ਅੱਜ ਇਸ ਸਬੰਧੀ ਮੀਟਿੰਗ ਕਰਕੇ ਯੋਜਨਾਬੰਦੀ ਕੀਤੀ ਗਈ ਤਾਂ ਜੋ ਇਸ ਨੂੰ ਸਫ਼ਲਤਾ ਨਾਲ ਨੇਪਰੇ ਚਾੜ੍ਹਿਆ ਜਾ ਸਕੇ। ਉਨ੍ਹਾਂ ਜਾਣਕਾਰੀ ਦੇਂਦੀ ਕਿ ਇਸ ਸਬੰਧੀ ਸਾਰੀ ਤਿਆਰੀ ਮੁਕੰਮਲ ਕਰ ਲਈ ਗਈ ਹੈ। ਉਨ੍ਹਾਂ ਕਿਹਾ ਕਿ ਐਸ.ਆਈ.ਆਰ. ਸ਼ੁਰੂ ਹੋਣ ਤੋਂ ਪਹਿਲਾਂ ਪ੍ਰੀ ਐਸ.ਆਈ.ਆਰ. ਮੈਪਿੰਗ ਦਾ ਕੰਮ ਲਗਪਗ ਮੁਕੰਮਲ ਕੀਤਾ ਜਾ ਚੁੱਕਾ ਹੈ। ਇਸ ਮੌਕੇ ਜ਼ਿਲ੍ਹਾ ਚੋਣ ਤਹਿਸੀਲਦਾਰ ਮਨਜਿੰਦਰ ਸਿੰਘ, ਸੀਨੀਅਰ ਚੋਣ ਕਾਨੂੰਗੋ ਸੁਨੀਲ ਕੁਮਾਰ, ਅਮਿਤ ਗੁਪਤਾ ਅਸਿਸਟੈਂਟ ਨੋਡਲ ਅਫ਼ਸਰ ਸਵੀਪ ਪਰਮਜੀਤ ਸਿੰਘ ਕਲਸੀ,ਜ਼ਿਲ੍ਹਾ ਮੀਡੀਆ ਇੰਚਾਰਜ ਸਵੀਪ ਗਗਨਦੀਪ ਸਿੰਘ ਅਤੇ ਸਵੀਪ ਮੈਂਬਰ ਸਤੀਸ਼ ਸਿੰਘ ਆਦਿ ਹਾਜ਼ਰ ਸਨ।

ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਬਲਾਚੌਰ ਦੀ ਮੀਟਿੰਗ: ਪਿੰਡਾਂ 'ਚ ਚਲਾਈ ਜਾਵੇਗੀ ਡੇਂਗੂ ਵਿਰੋਧੀ ਮੁਹਿੰਮ: ਡਾ ਜੋਤ

ਬਲਾਚੌਰ, 21 ਮਈ (ਖ਼ਬਰ ਪ੍ਰਤੀਨਿਧ) ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਰਜਿਸਟਰ 295, ਬਲਾਕ ਬਲਾਚੌਰ ਦੀ ਇੱਕ ਅਹਿਮ ਮਾਸਿਕ ਮੀਟਿੰਗ ਬਲਾਕ ਪ੍ਰਧਾਨ ਡਾਕਟਰ ਤੇਜਿੰਦਰ ਸਿੰਘ ਜੋਤ ਦੀ ਪ੍ਰਧਾਨਗੀ ਹੇਠ ਸੰਪੰਨ ਹੋਈ। ਮੀਟਿੰਗ ਦੀ ਸ਼ੁਰੂਆਤ ਵਿੱਚ ਜਨਰਲ ਸਕੱਤਰ ਡਾਕਟਰ ਗੁਰਮਿੰਦਰ ਸਿੰਘ ਨੇ ਪਿਛਲੇ ਮਹੀਨੇ ਦੌਰਾਨ ਜਥੇਬੰਦੀ ਵੱਲੋਂ ਕੀਤੀਆਂ ਗਈਆਂ ਗਤੀਵਿਧੀਆਂ ਦੀ ਰਿਪੋਰਟ ਪੜ੍ਹ ਕੇ ਸੁਣਾਈ। ਇਸ ਮੀਟਿੰਗ ਵਿੱਚ ਸੂਬਾ ਉਪ ਪ੍ਰਧਾਨ ਡਾਕਟਰ ਦਿਲਦਾਰ ਸਿੰਘ ਚਾਹਲ, ਜ਼ਿਲ੍ਹਾ ਪ੍ਰਧਾਨ ਡਾ ਕਸ਼ਮੀਰ ਸਿੰਘ ਢਿੱਲੋਂ, ਡਾ ਰਾਜੇਸ਼ ਸ਼ਰਮਾ ਅਤੇ ਡਾ ਵਿਜੇ ਸਮੇਤ ਹੋਰ ਵਿਸ਼ੇਸ਼ ਤੌਰ ਤੇ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਮੀਟਿੰਗ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਡਾ ਤੇਜਿੰਦਰ ਸਿੰਘ ਜੋਤ ਨੇ ਵਧ ਰਹੀ ਗਰਮੀ ਦੇ ਮੌਸਮ ਨੂੰ ਮੁੱਖ ਰੱਖਦਿਆਂ ਸਮੂਹ ਕੇਡਰ ਨੂੰ ਅਪੀਲ ਕੀਤੀ ਕਿ ਉਹ ਆਪਣੇ-ਆਪਣੇ ਪਿੰਡਾਂ ਵਿੱਚ ਡੇਂਗੂ ਦੇ ਖ਼ਾਤਮੇ ਲਈ ਮੁਹੱਲਿਆਂ ਵਿੱਚ ਮੱਛਰਾਂ ਦੀ ਗਿਣਤੀ ਵਧਣ ਤੇ ਪੰਚਾਇਤ ਜਾਂ ਨਗਰ ਕੌਂਸਲ ਦੇ ਸਹਿਯੋਗ ਨਾਲ ਫੌਗਿੰਗ ਕਰਵਾਓ। ਜੇਕਰ ਘਰ ਦੇ ਨੇੜੇ ਕਿਸੇ ਨੀਵੀਂ

ਥਾਂ ਤੇ ਪਾਣੀ ਖੜ੍ਹਾ ਹੈ ਅਤੇ ਉਸ ਨੂੰ ਕੱਢਣਾ ਮੁਸ਼ਕਿਲ ਹੈ, ਤਾਂ ਉਸ ਉੱਪਰ ਕਾਲਾ ਤੇਲ ਜਾਂ ਮੱਛਰ ਮਾਰਨ ਵਾਲੀ ਦਵਾਈ ਪਾ ਦਿਓ, ਇਸ ਨਾਲ ਮੱਛਰਾਂ ਦਾ ਲਾਰਵਾ ਮਰ ਜਾਂਦਾ ਹੈ।ਪਿੰਡਾਂ ਅਤੇ ਸ਼ਹਿਰਾਂ ਵਿੱਚ ਆਮ ਲੋਕਾਂ ਨੂੰ ਡੇਂਗੂ ਦੇ ਲੱਛਣਾਂ ਜਿਵੇਂ ਕਿ ਤੇਜ਼ ਬੁਖ਼ਾਰ, ਸਿਰ ਦਰਦ, ਅੱਖਾਂ ਦੇ ਪਿੱਛੇ ਦਰਦ, ਜੋੜਾਂ ਦਾ ਦਰਦ ਅਤੇ ਸਰੀਰ ਤੇ ਦਾਣੇ ਨਿਕਲਣੇ ਪ੍ਰਤੀ ਜਾਗਰੂਕ ਕਰੋ ਤਾਂ ਜੋ ਲੱਛਣ ਦਿਖਣ ਤੇ ਤੁਰੰਤ ਡਾਕਟਰੀ ਜਾਂਚ ਲਈ ਸਰਕਾਰੀ ਹਸਪਤਾਲ ਵਿੱਚ ਭੇਜੋ ਤਾਂ ਜੋ ਇਸ ਨਾਮੁਰਾਦ ਬੀਮਾਰੀ ਨੂੰ ਫੈਲਣ ਤੋਂ ਰੋਕਿਆ ਜਾ ਸਕਦਾ ਹੈ ਇਸ ਮੌਕੇ ਸੂਬਾ ਉਪ ਪ੍ਰਧਾਨ ਡਾ ਦਿਲਦਾਰ ਸਿੰਘ ਚਾਹਲ ਨੇ ਮੌਜੂਦਾ ਸਰਕਾਰ ਦੀਆਂ ਨੀਤੀਆਂ ਤੇ ਤਿੱਖਾ ਪ੍ਰਤੀਕਰਮ ਦਿੱਤਾ। ਉਨ੍ਹਾਂ ਸਰਕਾਰ ਨੂੰ ਸਖ਼ਤ ਲਹਿਜੇ ਵਿੱਚ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਚੋਣਾਂ ਤੋਂ ਪਹਿਲਾਂ-ਪਹਿਲਾਂ ਮੈਡੀਕਲ ਪ੍ਰੈਕਟੀਸ਼ਨਰਾਂ ਦੀਆਂ ਲੰਮੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਹੱਕੀ ਮੰਗਾਂ ਅਤੇ ਮਸਲਿਆਂ ਦਾ ਪੱਕਾ ਹੱਲ ਨਾ ਕੀਤਾ ਗਿਆ, ਤਾਂ ਜਥੇਬੰਦੀ ਵੱਲੋਂ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਡਟਵਾਂ ਵਿਰੋਧ ਕੀਤਾ ਜਾਵੇਗਾ।ਇਸ ਮੀਟਿੰਗ ਵਿੱਚ ਡਾ ਬਲਦੇਵ ਸਿੰਘ,ਡਾ ਬਲਵੰਤ ,ਡਾ ਭੁਪਿੰਦਰ ਸਿੰਘ, ਡਾ ਮਨੋਹਰ ਲਾਲ ਚੋਪੜਾ,ਡਾ ਮਨੋਜ ਯਸ਼ਪਾਲ ਸ਼ਰਮਾ,ਡਾ ਬਹਾਦਰ ਸਿੰਘ, ਡਾ ਜਸਵੀਰ ਸਿੰਘ, ਡਾ ਸੁਭਾਸ਼,ਡਾ ਸਾਹਿਲ,ਡਾ ਸ਼ਮਸ਼ੇਰ ਸਿੰਘ, ਡਾ ਸੋਢੀ,ਡਾ ਰਮਨ, ਡਾ ਪ੍ਰੇਮ ਸਿੰਘ,ਡਾ ਪਵਨ,ਬਲਾਕ ਦੇ ਵੱਡੀ ਗਿਣਤੀ ਵਿੱਚ ਮੈਡੀਕਲ ਪ੍ਰੈਕਟੀਸ਼ਨਰ ਹਾਜ਼ਰ ਸਨ, ਜਿਨ੍ਹਾਂ ਨੇ ਜਥੇਬੰਦੀ ਦੇ ਫੈਸਲਿਆਂ ਤੇ ਫੁੱਲ ਚੜ੍ਹਾਉਣ ਦਾ ਪ੍ਰਣ ਲਿਆ।

ਪੀ.ਏ.ਯੂ.-ਕੇ.ਵੀ.ਕੇ. ਸ਼ਹੀਦ ਭਗਤ ਸਿੰਘ ਨਗਰ ਅਤੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਖਾਦਾਂ ਦੀ ਸੰਤੁਲਿਤ ਵਰਤੋਂ ਬਾਰੇ ਇਨਪੁੱਟ ਡੀਲਰਾਂ ਲਈ ਸਿਖਲਾਈ ਕੈਂਪ ਲਗਾਇਆ

ਨਵਾਂ ਸ਼ਹਿਰ, 21ਮਈ (ਜਤਿੰਦਰ ਪਾਲ ਸਿੰਘ ਕਲੇਰ) ਪੰਜਾਬ ਐਗਰੀਕਲਚਰਲ ਯੂਨੀਵਰਸਿਟੀ (ਪੀ.ਏ.ਯੂ.), ਲੁਧਿਆਣਾ ਅਤੇ ਆਈ.ਸੀ.ਏ.ਆਰ.-ਅਟਾਰੀ, ਜ਼ੋਨ-1, ਲੁਧਿਆਣਾ ਦੀ ਸਰਪ੍ਰਸਤੀ ਹੇਠ ਪੀ.ਏ.ਯੂ.-ਕ੍ਰਿਸ਼ੀ ਵਿਗਿਆਨ ਕੇਂਦਰ, ਲੰਗੜੋਆ, ਸ਼ਹੀਦ ਭਗਤ ਸਿੰਘ ਨਗਰ ਵੱਲੋਂ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਸਹਿਯੋਗ ਨਾਲ 21 ਅਤੇ 20 26 ਨੂੰ ਇਨਪੁੱਟ ਡੀਲਰਾਂ ਲਈ ਖਾਦਾਂ ਦੀ ਸੰਤੁਲਿਤ ਵਰਤੋਂ ਵਿਸ਼ੇ ਤੇ ਇੱਕ ਸਿਖਲਾਈ ਕੈਂਪ ਲਗਾਇਆ ਗਿਆ। ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਇਨਪੁੱਟ ਡੀਲਰਾਂ ਨੂੰ ਖਾਦਾਂ ਦੀ ਸੰਤੁਲਿਤ ਵਰਤੋਂ ਅਤੇ ਏਕੀਕ੍ਰਿਤ

ਇਨਪੁੱਟ ਡੀਲਰਾਂ ਨਾਲ ਸਿੱਧੀ ਗੱਲਬਾਤ ਕਰਦੇ ਹੋਏ ਡਾ. ਲੋਕ ਰਾਜ, ਮੁੱਖ ਖੇਤੀਬਾੜੀ ਅਫ਼ਸਰ, ਸ਼ਹੀਦ ਭਗਤ ਸਿੰਘ ਨਗਰ ਨੇ ਰਸਾਇਣਕ ਖਾਦਾਂ, ਜੈਵਿਕ ਖਾਦਾਂ ਅਤੇ ਬਾਇਓ-ਫਰਟੀਲਾਈਜ਼ਰਾਂ ਦੀ ਪ੍ਰਭਾਵੀ ਭੂਮਿਕਾ ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਵੱਖ-ਵੱਖ ਫ਼ਸਲੀ ਚੱਕਰਾਂ ਲਈ ਖਾਦਾਂ ਦੀ ਸਹੀ ਮਾਤਰਾ, ਸਮਾਂ ਅਤੇ ਵਰਤੋਂ ਦੇ ਤਰੀਕਿਆਂ ਬਾਰੇ ਵਿਸਥਾਰ ਨਾਲ ਦੱਸਿਆ। ਡਾ. ਜਸਵਿੰਦਰ ਕੁਮਾਰ, ਸਹਾਇਕ ਪ੍ਰੋਫੈਸਰ (ਫ਼ਸਲ ਵਿਗਿਆਨ) ਨੇ ਖੇਤਾਂ ਵਿੱਚ ਜੈਵਿਕ ਮਾਦਾ ਵਧਾਉਣ, ਮਿੱਟੀ ਦੀ ਬਣਤਰ ਅਤੇ ਪਾਣੀ ਸੰਭਾਲਣ ਦੀ ਸਮਰੱਥਾ ਵਿੱਚ ਸੁਧਾਰ ਕਰਨ ਲਈ ਹਰੀ ਖਾਦ ਅਤੇ ਫਸਲਾਂ ਦੀ ਰਹਿੰਦ-ਖੂੰਹਦ ਨੂੰ ਖੇਤ ਵਿੱਚ ਵਾਹੁਣ ਦੇ ਫਾਇਦਿਆਂ ਬਾਰੇ ਚਾਨਣਾ ਪਾਇਆ। ਪ੍ਰੋਗਰਾਮ ਦੌਰਾਨ ਡਾ. ਬਲਜੀਤ ਸਿੰਘ, ਸਹਾਇਕ ਪ੍ਰੋਫੈਸਰ (ਕੀਟ ਵਿਗਿਆਨ) ਨੇ ਝੋਨੇ ਵਿੱਚ ਬੌਣੇਪਣ ਦੀ ਬਿਮਾਰੀ ਦੀ ਪਛਾਣ, ਇਸਦੇ ਫੈਲਾਅ ਅਤੇ ਇਸਨੂੰ ਫੈਲਾਉਣ ਵਾਲੇ ਕੀੜਿਆਂ (ਵੈਕਟਰ) ਨੂੰ ਕਾਬੂ ਕਰਨ ਦੇ ਉਪਾਵਾਂ ਬਾਰੇ ਲੈਕਚਰ ਦਿੱਤਾ। ਡਾ. ਸ਼ਲਭਦ ਦਾਸ ਅਤੇ ਡਾ. ਰਾਜ ਕੁਮਾਰ, ਖੇਤੀਬਾੜੀ ਅਫ਼ਸਰਾਂ ਨੇ ਇਨਪੁੱਟ ਡੀਲਰਾਂ ਨੂੰ ਅਪੀਲ ਕੀਤੀ ਕਿ ਉਹ ਸਿਖਲਾਈ ਦੇ ਮੁੱਖ ਸੁਨੇਹਿਆਂ ਨੂੰ ਕਿਸਾਨ ਭਾਈਚਾਰੇ ਤੱਕ ਪਹੁੰਚਾਉਣ ਲਈ ਮੋਹਰੀ ਰੋਲ ਅਦਾ ਕਰਨ ਕਰਨ। ਉਨ੍ਹਾਂ ਡੀਲਰਾਂ ਨੂੰ ਉਤਸ਼ਾਹਿਤ ਕੀਤਾ ਕਿ ਉਹ ਕਿਸਾਨਾਂ ਨੂੰ ਢੁਕਵੀਆਂ ਜੈਵਿਕ ਖਾਦਾਂ ਦੀ ਸਿਫ਼ਾਰਸ਼ ਕਰਨ ਅਤੇ ਖਾਦਾਂ ਦੀ ਸਹੀ ਖੁਰਾਕ ਤੇ ਵਰਤੋਂ ਦੇ ਤਰੀਕਿਆਂ ਬਾਰੇ ਸਲਾਹ ਦੇ ਕੇ ਸਹਿਯੋਗ ਕਰਨ। ਸਮਾਗਮ ਦੇ ਅੰਤ ਵਿੱਚ ਹਾਜ਼ਰੀ ਡੀਲਰਾਂ ਨੇ ਸਿੱਖੀਆਂ ਗਈਆਂ ਕਿਸਾਨਾਂ ਵਿੱਚ ਗੱਲਾਂ ਨੂੰ ਵੱਧ ਤੋਂ ਵੱਧ ਪ੍ਰਚਾਰਨ ਅਤੇ ਕਿਸਾਨਾਂ ਤੱਕ ਪਹੁੰਚ ਬਣਾਉਣ ਲਈ ਕੇ.ਵੀ.ਕੇ. ਅਤੇ ਖੇਤੀਬਾੜੀ ਵਿਭਾਗ ਨਾਲ ਤਾਲਮੇਲ ਬਣਾਈ ਰੱਖਣ ਦਾ ਪ੍ਰਣ ਲਿਆ।

ਪੌਸ਼ਟਿਕ ਤੱਤ ਪ੍ਰਬੰਧਨ (ਆਈ ਐਨ ਐਮ) ਰਾਹੀਂ ਮਿੱਟੀ ਦੀ ਸਿਹਤ ਅਤੇ ਫਸਲਾਂ ਦੀ ਪੈਦਾਵਾਰ ਵਿੱਚ ਸੁਧਾਰ ਕਰਨ ਬਾਰੇ ਜਾਣਕਾਰੀ ਦੇਣਾ ਸੀ। ਡਾ. ਪ੍ਰਦੀਪ ਕੁਮਾਰ, ਐਸੋਸੀਏਟ ਡਾਇਰੈਕਟਰ (ਸਿਖਲਾਈ), ਕੇ.ਵੀ.ਕੇ. ਲੰਗੜੋਆ ਨੇ ਦੱਸਿਆ ਕਿ ਮਿੱਟੀ ਦੀ ਪਰਖ ਦੇ ਆਧਾਰ ਤੇ ਖਾਦਾਂ ਦੀ ਵਰਤੋਂ ਕਿਵੇਂ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਲੰਬੇ ਸਮੇਂ ਤੱਕ ਬਰਕਰਾਰ ਰੱਖਣ, ਪੌਸ਼ਟਿਕ ਤੱਤਾਂ ਦੇ ਅਸੰਤੁਲਨ ਨੂੰ ਰੋਕਣ, ਕਿਸਾਨਾਂ ਦੀ ਲਾਗਤ ਘਟਾਉਣ ਅਤੇ ਟਿਕਾਊ ਝਾੜ ਪ੍ਰਾਪਤ ਕਰਨ ਵਿੱਚ ਮਦਦਗਾਰ ਹੁੰਦੀ ਹੈ।

ਪੰਜਾਬ ਐਸ.ਸੀ. ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਡੇਰਾ ਬਾਬਾ ਬਦਲੀਸ਼ੇਰ ਵਿਖੇ ਹੋਏ ਨਤਮਸਤਕ

ਬਲਾਚੌਰ, 21 ਮਈ (ਤਜਿੰਦਰ ਜੋਤ, ਜਤਿੰਦਰ ਪਾਲ ਸਿੰਘ ਕਲੇਰ) ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਸ. ਜਸਵੀਰ ਸਿੰਘ ਗੜ੍ਹੀ ਇਨ੍ਹਾਂ ਦੇ ਨਾਲ ਬਲਾਚੌਰ ਤੋਂ ਪਰਮਿੰਦਰ ਕੁਮਾਰ ਪਿੰਕਾ ਕੌਂਸਲਰ,ਪਰਮਿੰਦਰ ਮੇਨਕਾ ਕੌਂਸਲਰ, ਅੱਜ ਪਿੰਡ ਅਸੌਲੀ ਸਥਿਤ ਇਤਿਹਾਸਕ

ਧਾਰਮਿਕ ਅਸਥਾਨ ਡੇਰਾ ਬਾਬਾ ਬਦਲੀਸ਼ੇਰ ਵਿਖੇ ਨਤਮਸਤਕ ਹੋਏ। ਇਸ ਦੌਰਾਨ ਉਨ੍ਹਾਂ ਨੇ ਡੇਰੇ ਦੇ ਮੁੱਖ ਸੇਵਾਦਾਰ ਬਾਬਾ ਸਤਪਾਲ ਸਿੰਘ ਜੀ ਨਾਲ ਮੁਲਾਕਾਤ ਕਰਕੇ ਆਸ਼ੀਰਵਾਦ ਲਿਆ ਅਤੇ ਡੇਰੇ ਵੱਲੋਂ ਕੀਤੇ ਜਾ ਰਹੇ ਸਮਾਜਿਕ ਕਾਰਜਾਂ ਦੀ ਸ਼ਲਾਘਾ ਕੀਤੀ।ਧਾਰਮਿਕ ਸਥਾਨ ਦਿੰਦੇ ਹਨ ਆਪਸੀ ਭਾਈਚਾਰੇ ਦਾ ਸੰਦੇਸ਼: ਚੇਅਰਮੈਨ ਗੜ੍ਹੀ ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਧਾਰਮਿਕ ਸਥਾਨ ਹਮੇਸ਼ਾ ਹੀ ਮਾਨਵਤਾ ਨੂੰ ਸਹੀ ਦਿਸ਼ਾ ਦਿਖਾਉਂਦੇ ਹਨ ਅਤੇ ਸਮਾਜ ਵਿੱਚ ਆਪਸੀ ਭਾਈਚਾਰੇ ਤੇ ਬਰਾਬਰੀ ਦਾ ਸੰਦੇਸ਼ ਦਿੰਦੇ ਹਨ। ਉਨ੍ਹਾਂ ਵਿਸ਼ੇਸ਼ ਤੌਰ ਤੇ ਕਿਹਾ ਕਿ ਡੇਰਾ ਬਾਬਾ ਬਦਲੀਸ਼ੇਰ ਵੱਲੋਂ ਸਿੱਖਿਆ, ਸਿਹਤ ਅਤੇ ਇਲਾਕੇ ਨੂੰ ਨਸ਼ਾ ਮੁਕਤ ਕਰਨ ਲਈ ਚਲਾਏ ਜਾ ਰਹੇ ਲੋਕ ਭਲਾਈ ਦੇ ਕਾਰਜ ਬੇਹੱਦ ਸ਼ਲਾਘਾਯੋਗ ਹਨ।ਆਪਣੀਆਂ ਪੁਰਾਣੀਆਂ ਯਾਦਾਂ ਤਾਜ਼ਾ ਕਰਦਿਆਂ ਸ. ਗੜ੍ਹੀ ਨੇ ਭਾਵੁਕ ਲਹਿਜੇ ਵਿੱਚ ਕਿਹਾ ਕਿ ਉਹ ਬਚਪਨ ਵਿੱਚ ਵੀ ਇਸ ਪਵਿੱਤਰ ਅਸਥਾਨ ਤੇ ਆਉਂਦੇ ਹੁੰਦੇ ਸਨ ਅਤੇ ਤਕਰੀਬਨ 25 ਸਾਲਾਂ ਦੇ ਲੰਮੇ ਸਮੇਂ ਬਾਅਦ ਉਨ੍ਹਾਂ ਨੂੰ ਇੱਥੇ ਮੁੜ ਮੱਥਾ ਟੇਕਣ ਦਾ ਸੁਭਾਗ ਪ੍ਰਾਪਤ ਹੋਇਆ ਹੈ।ਪ੍ਰਬੰਧਕਾਂ ਵੱਲੋਂ ਸਨਮਾਨ ਮੁੱਖ ਸੇਵਾਦਾਰ ਬਾਬਾ ਸਤਪਾਲ ਸਿੰਘ ਜੀ ਨੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੂੰ ਡੇਰੇ ਵੱਲੋਂ ਚਲਾਏ ਜਾ ਰਹੇ ਵੱਖ-ਵੱਖ ਭਲਾਈ ਪ੍ਰੋਜੈਕਟਾਂ ਅਤੇ ਇਲਾਕੇ ਦੀਆਂ ਸਮੱਸਿਆਵਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਚੇਅਰਮੈਨ ਗੜ੍ਹੀ ਨੇ ਭਰੋਸਾ ਦਿਵਾਇਆ ਕਿ ਡੇਰੇ ਵੱਲੋਂ ਦੱਸੇ ਗਏ ਸਮਾਜਿਕ ਅਤੇ ਭਲਾਈ ਦੇ ਕਾਰਜਾਂ ਨੂੰ ਪੂਰਾ ਕਰਨ ਲਈ ਉਹ ਸਰਕਾਰੀ ਅਤੇ ਪ੍ਰਸ਼ਾਸਨਿਕ ਪੱਧਰ ਤੇ ਹਰ ਸੰਭਵ ਯਤਨ ਕਰਨਗੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸਰਪੰਚ ਜਸਵੀਰ ਸਿੰਘ ਔਲੀਆ, ਪਰਮਿੰਦਰ ਬੇਰਕਾ, ਪਰਮਿੰਦਰ ਭਾਟੀਆ, ਚਮਨ ਲਾਲ, ਤੂਰ, ਡੇਰੇ ਦੇ ਸਮੂਹ ਸੇਵਾਦਾਰ, ਇਲਾਕੇ ਦੀਆਂ ਪ੍ਰਮੁੱਖ ਸ਼ਖਸੀਅਤਾਂ ਅਤੇ ਵੱਡੀ ਗਿਣਤੀ ਵਿੱਚ ਸੰਗਤ ਹਾਜ਼ਰ ਸੀ।

ਫ਼ਲਦਾਰ ਬੂਟਿਆਂ ਤੇ ਸਬਜ਼ੀਆਂ ਨੂੰ ਵਧਦੇ ਤਾਪਮਾਨ ਤੋਂ ਬਚਾਉਣਾ ਜਰੂਰੀ: ਸਹਾਇਕ ਡਾਇਰੈਕਟਰ

ਨਵਾਂਸ਼ਹਿਰ, 21 ਮਈ (ਜਤਿੰਦਰ ਪਾਲ ਸਿੰਘ ਕਲੇਰ) ਗਰਮੀ ਦੀ ਰੁੱਤ ਵਿੱਚ ਸਦਾਬਹਾਰ ਫ਼ਲਦਾਰ ਬੂਟੇ ਜਿਵੇਂ ਕਿ ਅੰਬ,ਲੀਚੀ, ਪਪੀਤਾ, ਕੇਲਾ ਅਤੇ ਨਿੰਬੂ ਜਾਤੀ ਦੇ ਬੂਟਿਆਂ 'ਤੇ ਵਧਦੇ ਤਾਪਮਾਨ ਦਾ ਅਸਰ ਵਧੇਰੇ ਵੇਖਣ ਨੂੰ ਮਿਲਦਾ ਹੈ। ਇਹ ਜਾਣਕਾਰੀ ਡਾ. ਰਾਜੇਸ਼ ਕੁਮਾਰ ਸਹਾਇਕ ਡਾਇਰੈਕਟਰ ਬਾਗਬਾਨੀ ਸ਼ਹੀਦ ਭਗਤ ਸਿੰਘ ਨਗਰ ਨੇ ਦਿੰਦਿਆ ਦੱਸਿਆ ਕਿ ਵਧਦੇ ਤਾਪਮਾਨ ਕਾਰਨ ਫ਼ਲਾਂ 'ਤੇ ਧੱਬੇ ਪੈ ਜਾਂਦੇ ਹਨ ਅਤੇ ਪੱਤੇ ਝੁਲਸ ਜਾਂਦੇ ਹਨ। ਕਈ ਵਾਰ ਬਾਗਬਾਨ ਇਸ ਝੁਲਸ ਰੋਗ ਨੂੰ ਤੱਤਾਂ ਦੀ ਘਾਟ ਦਾ ਭੁਲੇਖਾ ਪੈ ਜਾਂਦਾ ਹੈ। ਗਰਮੀ ਦਾ ਕਹਿਰ ਦੱਖਣ ਦਿਸ਼ਾ ਵਾਲੇ ਪੱਤਿਆਂ ਉੱਪਰ ਵਧੇਰੇ ਨਜ਼ਰ ਆਉਂਦਾ ਹੈ। ਇਸ ਗੱਲ ਦਾ ਖਾਸ ਧਿਆਨ ਰੱਖਿਆ ਜਾਵੇ ਕਿ ਬੂਟਾ ਲਾਉਣ ਸਮੇਂ ਕਿਸੇ ਕੰਧ ਦੇ ਨੇੜੇ ਨਾ ਲਗਾਇਆ ਜਾਵੇ ਕਿਉਂਕਿ ਕੰਧ ਦੇ ਸੇਕ ਨਾਲ ਬੂਟਾ ਝੁਲਸ ਜਾਂਦਾ ਹੈ ਅਤੇ ਇੱਕ ਪਾਸਿਓਂ ਮਰਨਾ ਸ਼ੁਰੂ ਹੋ ਜਾਂਦਾ ਹੈ। ਗਰਮੀਆਂ ਵਿੱਚ ਬਾਗ ਦਾ ਖਾਸ ਧਿਆਨ ਰੱਖਣਾ ਚਾਹੀਦਾ ਹੈ ਤਾਂ ਜੋ ਬੂਟਿਆਂ ਦਾ ਵਾਧਾ ਸਹੀ ਢੰਗ ਨਾਲ ਹੋਵੇ। ਹਲਕੀ ਤੇ ਥੋੜ੍ਹੇ ਵਕਫੇ 'ਤੇ ਸਿੰਚਾਈ ਮਿੱਟੀ ਦੀ ਨਮੀ ਬਰਕਰਾਰ ਰੱਖਦੀ ਹੈ, ਪਾਣੀ ਲਗਾਉਣ

ਨਾਲ ਤਾਪਮਾਨ ਵਿੱਚ ਘਾਟਾ ਹੁੰਦਾ ਹੈ ਅਤੇ ਮਿੱਟੀ ਤੇ ਹਵਾ ਵਾਸ਼ਪੀਕਰਨ ਨਾਲ ਠੰਢੇ ਹੋ ਜਾਂਦੇ ਹਨ ਅਤੇ ਬੂਟਿਆਂ ਨੂੰ ਠੰਢਾ ਰੱਖਦੇ ਹਨ। ਬੂਟਿਆਂ ਨੂੰ ਪਾਣੀ ਸ਼ਾਮ ਦੇ ਟਾਇਮ ਤੇ ਲਗਾਉਣਾ ਚਾਹੀਦਾ ਹੈ। ਬੂਟਿਆਂ ਦੇ ਤਣਿਆਂ 'ਤੇ ਚਿੱਟੇ ਰੰਗ ਦੀ ਸਫੈਦੀ ਕਰਨ ਨਾਲ ਫਲਦਾਰ ਬੂਟੇ ਗਰਮੀ ਦੇ ਬੁਰੇ ਪ੍ਰਭਾਵ ਤੋਂ ਬਚ ਜਾਂਦੇ ਹਨ। ਜੇ ਚਿੱਟੀ ਸਫੈਦੀ ਵਿੱਚ ਨੀਲਾ ਥੋਥਾ ਮਿਲਾ ਦਿੱਤਾ ਜਾਵੇ ਤਾਂ ਬਿਮਾਰੀਆਂ ਅਤੇ ਕੀੜੇ-ਮਕੌੜਿਆਂ ਤੋਂ ਵੀ ਬਚਾਅ ਹੋ ਜਾਂਦਾ ਹੈ। ਗਰਮੀਆਂ ਸ਼ੁਰੂ ਹੋਣ 'ਤੇ ਹੀ ਸਫੈਦੀ ਕਰ ਦੇਣੀ ਚਾਹੀਦੀ ਹੈ ਅਤੇ ਲੋੜ ਪੈਣ 'ਤੇ ਇਸ ਨੂੰ ਦੋਹਰਾ ਦੇਣਾ ਚਾਹੀਦਾ ਹੈ ਤਾਂ ਜੋ ਇਸ ਦਾ ਅਸਰ ਬਣਿਆ ਰਹੇ ਕਿਉਂਕਿ ਚਿੱਟਾ ਰੰਗ ਰੋਸ਼ਨੀ ਨੂੰ ਜਜਬ ਨਹੀਂ ਹੋਣ ਦਿੰਦਾ। ਨਵੇਂ ਲਗਾਏ ਹੋਏ ਬੂਟਿਆਂ ਉਪਰ ਸਰਕੰਡਾ ਜਾਂ ਪਰਾਲੀ ਦੀ ਕੁੱਲੀ ਬਣਾ ਦਿੱਤੀ ਜਾਵੇ ਤਾਂ ਗਰਮੀ ਰੁੱਤ ਵਿੱਚ ਸਿੱਧੀ ਧੁੱਪ ਤੋਂ ਬਚਿਆਂ ਜਾ ਸਕਦਾ ਹੈ। ਇਸ ਤਰ੍ਹਾਂ ਕਰਨ ਨਾਲ ਬੂਟਿਆਂ ਨੂੰ ਠੰਢਕ ਵੀ ਮਿਲਦੀ ਹੈ ਅਤੇ ਉਨ੍ਹਾਂ ਦਾ ਵਾਧਾ ਸਹੀ ਹੁੰਦਾ ਹੈ। ਕਾਂਟ-ਛਾਂਟ ਕਰਕੇ ਬੂਟਿਆਂ ਨੂੰ ਨੀਵੇਂ ਰੱਖਿਆਂ ਜਾਵੇ ਤਾਂ ਇਹ ਸੂਰਜ ਦੀਆਂ ਕਿਰਨਾਂ ਦੇ ਪ੍ਰਕੋਪ ਤੋਂ ਕੁਝ ਹੱਦ ਤੱਕ ਬਚ ਜਾਂਦੇ ਹਨ। ਉੱਚੇ ਬੂਟਿਆਂ ਤੇ ਸੂਰਜ ਦੀ ਗਰਮੀ ਜ਼ਿਆਦਾ ਪੈਣ ਕਰਕੇ ਇਹ ਜਲਦੀ ਝੁਲਸ ਜਾਂਦੇ ਹਨ। ਪਰਾਲੀ, ਸੁੱਕੇ ਘਾਹ ਅਤੇ ਪੱਤਿਆਂ ਨਾਲ ਬੂਟਿਆਂ ਦੇ ਦੌਰਾਂ ਨੂੰ ਢਕਿਆ ਜਾਵੇ ਤਾਂ ਕਾਫੀ ਮਾਤਰਾ ਤੱਕ ਮਿੱਟੀ ਵਿੱਚ ਨਮੀ ਬਰਕਰਾਰ ਰਹਿੰਦੀ ਹੈ। ਇਸ ਵਿਧੀ ਨਾਲ ਬੂਟੇ ਦੇ ਆਲੇ-ਦੁਆਲੇ ਦੇ ਤਾਪਮਾਨ ਵਿੱਚ ਵੀ ਗਿਰਾਵਟ ਆਉਂਦੀ ਹੈ ਅਤੇ ਨਦੀਨਾਂ ਦੀ ਉਪਜਾਊ ਸ਼ਕਤੀ ਵੀ ਘਟਦੀ ਹੈ। ਜੇ ਹਵਾ ਰੋਕੂ ਵਾੜ ਬਾਗ ਦੇ ਪੱਛਮ ਵਾਲੇ ਪਾਸੇ ਲਗਾਈ ਜਾਵੇ ਤਾਂ ਬੂਟਿਆਂ ਨੂੰ ਗਰਮ ਤੇ ਖੁਸ਼ਕ ਹਵਾਵਾਂ ਦੇ ਪ੍ਰਕੋਪ ਤੋਂ ਬਚਾਇਆ ਜਾ ਸਕਦਾ ਹੈ। ਵੱਡੇ ਅਤੇ ਉੱਚੇ ਬੂਟੇ ਜਿਵੇਂ ਜਾਮਣ, ਅੰਬ, ਟਾਹਲੀ,ਬਿੱਲ ਆਦਿ ਬੂਟੇ ਬਾਗ ਦੇ ਦੁਆਲੇ ਲਾ ਕੇ ਵੀ ਹਵਾ ਰੋਕੂ ਵਾੜ ਬਣਾਈ ਜਾ ਸਕਦੀ ਹੈ। ਅਜਿਹੇ ਬੂਟੇ ਹਨੇਰੀਆਂ ਦੇ ਨੁਕਸਾਨ ਤੋਂ ਬਾਗ ਨੂੰ ਬਚਾਉਂਦੇ ਹਨ।

ਕਾਰ ਹਾਦਸੇ ਚ ਮ੍ਰਿਤਕ ਵਿਕਰਮ ਉਰਫ਼ ਵਿੱਕੀ ਦੇ ਪਰਿਵਾਰ ਵੱਲੋਂ ਸੋਸ਼ਲ ਮੀਡੀਆ ਉੱਤੇ ਵਾਇਰਲ ਹੋ ਰਹੀ ਖ਼ਬਰ ਤੇ ਜਤਾਇਆ ਗੰਭੀਰ ਐਤਰਾਜ਼

ਪਠਾਨਕੋਟ 21, ਮਈ (ਤਰੁਣ ਸਨਹੋਤਰਾ) ਸ਼ਹਿਰ ਪਠਾਨਕੋਟ ਦੇ ਵਸਨੀਕ ਕਾਰ ਚਾਲਕ ਵਿਕਰਮ ਉਰਫ਼ ਵਿੱਕੀ ਦੇ ਪਰਿਵਾਰ ਵੱਲੋਂ ਸੋਸ਼ਲ ਮੀਡੀਆ ਉੱਤੇ ਵਾਇਰਲ ਹੋ ਰਹੀ ਖ਼ਬਰ 'ਤੇ ਗੰਭੀਰ ਐਤਰਾਜ਼ ਜਤਾਇਆ ਹੈ। ਇਸ ਨੂੰ ਲੈ ਕੇ ਪਰਿਵਾਰ ਦਾ ਕਹਿਣਾ ਹੈ ਕਿ ਨੌਸ਼ਿਰਾ ਮੱਜ੍ਹਾ ਸਿੰਘ ਨੇੜੇ ਵਾਪਰੇ ਸੜਕ ਹਾਦਸੇ ਵਿੱਚ ਵਿੱਕੀ ਦੇ ਸਮੇਤ ਉਸਦੇ ਤਿੰਨ ਦੋਸਤਾਂ ਦੀ ਮੌਤ ਬਾਰੇ ਗਲਤ ਦਸਿਆ ਜਾ ਰਿਹਾ ਹੈ। ਪਰਿਵਾਰਕ ਮੈਂਬਰਾਂ ਦੇ ਅਨੁਸਾਰ ਵਿੱਕੀ ਦੇ ਨਾਲ ਕਾਰ ਵਿੱਚ ਸਵਾਰ ਹੋਰ ਤਿੰਨ ਲੋਕਾਂ ਬਾਰੇ ਅਜੇ ਤੱਕ ਕੋਈ ਵੀ ਸਪਸ਼ਟ ਜਾਣਕਾਰੀ ਨਹੀਂ ਮਿਲੀ ਹੈ। ਜਾਣਕਾਰੀ ਮੁਤਾਬਕ ਦਸ ਦਈਏ ਕਿ ਬੀਤੇ ਦਿਨ ਨੌਸ਼ੇਰਾ ਮੱਜਾ ਸਿੰਘ ਖੇਤਰ ਵਿੱਚ ਇੱਕ ਕਾਰ ਹਾਦਸੇ ਦਾ ਸ਼ਿਕਾਰ ਹੋ ਗਈ ਸੀ। ਇਹ ਹਾਦਸਾ ਇੰਨਾ ਜਿਆਦਾ ਭਿਆਨਕ ਸੀ ਕਿ ਕਾਰ ਦਾ ਪੂਰੀ ਤਰ੍ਹਾਂ ਨੁਕਸਾਨ ਹੋ

ਗਿਆ। ਇੱਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਸ਼ੁਰੂਆਤੀ ਜਾਣਕਾਰੀ ਵਿੱਚ ਕਾਰ ਵਿੱਚ ਸਵਾਰ ਚਾਰ ਲੋਕਾਂ ਦੀ ਮੌਤ ਹੋਣ ਦੀ ਗੱਲ ਸਾਹਮਣੇ ਆਈ ਸੀ ਅਤੇ ਦੱਸਿਆ ਜਾ ਰਿਹਾ ਹੈ ਕਿ ਕਾਰ ਚਲਾ ਰਿਹਾ ਵਿਕਰਮ ਉਰਫ਼ ਵਿੱਕੀ ਪਠਾਨਕੋਟ ਦਾ ਰਹਿਣ ਵਾਲਾ ਸੀ। ਘਟਨਾ ਤੋਂ ਬਾਅਦ ਸੋਸ਼ਲ ਮੀਡਿਆ ਉੱਤੇ ਕੁੱਝ ਨਿਜੀ ਚੈਨਲਾ ਵੱਲੋਂ ਵਿੱਕੀ ਅਤੇ ਉਸਦੇ ਤਿੰਨ ਦੋਸਤਾਂ ਦੀ ਮੌਤ ਦੀ ਖ਼ਬਰ ਪ੍ਰਸਾਰਿਤ ਕੀਤੀ ਗਈ ਸੀ। ਇਸ 'ਤੇ ਪਰਿਵਾਰ ਨੇ ਨਾਰਾਜ਼ਗੀ ਜਤਾਉਂਦੇ ਹੋਏ ਕਿਹਾ ਕਿ ਬਿਨਾਂ ਅਧਿਕਾਰਿਕ ਪੁਸ਼ਟੀ ਦੇ ਇਸ ਤਰ੍ਹਾਂ ਦੀ ਖ਼ਬਰ ਚਲਾਉਣਾ ਪੂਰੀ ਤਰ੍ਹਾਂ ਗਲਤ ਹੈ ਅਤੇ ਇਸ ਦੇ ਨਾਲ ਪਰਿਵਾਰ ਨੂੰ ਮਾਨਸਿਕ ਪੀੜਾ ਪਹੁੰਚੀ ਹੈ। ਪਰਿਵਾਰਕ ਮੈਂਬਰਾਂ ਨੇ ਕਿਹਾ ਕਿ ਪ੍ਰਸ਼ਾਸਨ ਅਤੇ ਪੁਲਿਸ ਵੱਲੋਂ ਅਜੇ ਤੱਕ ਉਨ੍ਹਾਂ ਨੂੰ ਪੂਰੀ ਜਾਣਕਾਰੀ ਨਹੀਂ ਦਿੱਤੀ ਗਈ, ਅਜਿਹੇ ਵਿੱਚ ਸੋਸ਼ਲ ਮੀਡੀਆ ਵੱਲੋਂ ਤੱਥਾਂ ਦੀ ਪੁਸ਼ਟੀ ਕੀਤੇ ਬਿਨਾਂ ਖ਼ਬਰ ਚਲਾਉਣਾ ਪੂਰੀ ਤਰਾਂ ਗੈਰ-ਜ਼ਿੰਮੇਵਾਰਾਨਾ ਹੈ। ਪਰਿਵਾਰ ਨੇ ਇਸ ਮਾਮਲੇ ਸਬੰਧੀ ਨਜ਼ਦੀਕੀ ਪੁਲਿਸ ਥਾਣੇ ਵਿੱਚ ਸ਼ਿਕਾਇਤ ਵੀ ਦਰਜ ਕਰਵਾਈ ਹੈ। ਉਨ੍ਹਾਂ ਮੰਗ ਕੀਤੀ ਹੈ ਕਿ ਗਲਤ ਜਾਣਕਾਰੀ ਪ੍ਰਸਾਰਿਤ ਕਰਨ ਵਾਲੇ ਲੋਕਾਂ ਦੇ ਖ਼ਿਲਾਫ਼ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇ ਤਾਂ ਜੋ ਭਵਿੱਖ ਵਿੱਚ ਇਸ ਤਰ੍ਹਾਂ ਦੀਆਂ ਘਟਨਾਵਾਂ ਦੁਬਾਰਾ ਨਾ ਹੋਣ। ਉੱਥੇ ਹੀ ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।

ਲੂ ਤੋਂ ਬਚਣ ਲਈ ਜਾਗਰੂਕਤਾ ਬਹੁਤ ਜ਼ਰੂਰੀ: ਡਿਪਟੀ ਕਮਿਸ਼ਨਰ

ਜਲੰਧਰ, 21 ਮਈ: (ਪਰਮਜੀਤ ਸਿੰਘ) ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਨੇ ਲੂ ਤੋਂ ਬਚਣ ਲਈ ਸਿਹਤ ਵਿਭਾਗ ਵੱਲੋਂ ਜਾਰੀ ਐਡਾਵਾਈਜ਼ਰੀ ਦੀ ਪਾਲਣਾ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਹੀਟ ਵੇਵਸ (ਲੂ) ਨਾਲ ਸਬੰਧਤ ਬਿਮਾਰੀਆਂ ਤੋਂ ਬਚਾਅ ਲਈ ਜਾਗਰੂਕਤਾ ਬਹੁਤ ਜ਼ਰੂਰੀ ਹੈ, ਤਾਂ ਜੋ ਸਾਵਧਾਨੀਆਂ ਵਰਤਕੇ ਲੂ ਤੋਂ ਬਚਿਆ ਜਾ ਸਕੇ। ਅਡਵਾਈਜ਼ਰੀ ਅਨੁਸਾਰ ਬੱਚਿਆਂ, ਬਜ਼ੁਰਗਾਂ,

ਗਰਭਵਤੀ ਔਰਤਾਂ ਅਤੇ ਪੁਰਾਣੀਆਂ ਬਿਮਾਰੀਆਂ (ਜਿਵੇਂ ਦਿਲ ਦੇ ਰੋਗ ਜਾਂ ਹਾਈ ਬਲੱਡ ਪ੍ਰੈਸ਼ਰ) ਤੋਂ ਪੀੜਤ ਮਰੀਜ਼ਾਂ ਨੂੰ ਲੂ ਲੱਗਣ ਦਾ ਖ਼ਤਰਾ ਸਭ ਤੋਂ ਵਧੇਰੇ ਹੁੰਦਾ ਹੈ, ਇਸ ਲਈ ਇਨ੍ਹਾਂ ਨੂੰ ਸਿਹਤ ਵੱਲ ਵਿਸ਼ੇਸ਼ ਧਿਆਨ ਦੇਣ ਦੀ ਜ਼ਰੂਰਤ ਹੈ। ਅੱਖਾਂ ਦੇ ਸਾਹਮਣੇ ਹਨ੍ਹੇਰਾ ਆ ਜਾਣਾ, ਚੱਕਰ ਖਾ ਕੇ ਡਿੱਗ ਪੈਣਾ, ਬੇਚੈਨੀ, ਘਬਰਾਹਟ ਹੋਣਾ, ਸਿਰ ਵਿਚ ਤੇਜ਼ ਦਰਦ ਹੋਣਾ, ਹਲਕਾ ਜਾਂ ਤੇਜ਼ ਬੁਖਾਰ ਹੋਣਾ, ਜੀਅ ਖ਼ਰਾਬ ਹੋਣਾ (ਉਲਟੀ ਆਉਣਾ), ਲੋੜ ਤੋਂ ਜ਼ਿਆਦਾ ਪਿਆਸ ਲੱਗਣਾ, ਬਹੁਤ ਜ਼ਿਆਦਾ ਕਮਜ਼ੋਰੀ ਮਹਿਸੂਸ ਹੋਣਾ, ਪਸੀਨਾ ਆਉਣਾ ਬੰਦ ਹੋ ਜਾਣਾ, ਚਮੜੀ ਦਾ ਲਾਲ ਤੇ ਬਹੁਤ ਗਰਮ ਹੋ ਜਾਣਾ ਆਦਿ ਲੂ (ਹੀਟ ਸਟ੍ਰੋਕ) ਦੇ ਲੱਛਣ ਹਨ। ਜੇਕਰ ਕਿਸੇ ਵਿਅਕਤੀ ਵਿੱਚ ਉਕਤ ਲੱਛਣ ਵਿਖਾਈ ਦੇਣ ਤਾਂ ਮੁੱਢਲੀ ਸਹਾਇਤਾ ਲਈ ਜ਼ਰੂਰੀ ਹੈ ਕਿ ਅਜਿਹੇ ਵਿਅਕਤੀ ਨੂੰ ਤੁਰੰਤ ਛਾਵੇਂ/ਠੰਢੀ ਜਗ੍ਹਾ ਤੇ ਬਿਠਾਇਆ ਜਾਂ ਲਿਟਾਇਆ ਜਾਵੇ, ਕੱਪੜੇ ਢਿੱਲੇ ਕਰ ਦਿੱਤੇ ਜਾਣ ਅਤੇ ਪੀਣ ਲਈ ਕੁਝ ਘਰੇਲੂ ਤਰਲ ਪਦਾਰਥ ਦਿੱਤਾ ਜਾਵੇ। ਇਸ ਤੋਂ ਇਲਾਵਾ ਸਰੀਰ ਦੇ ਤਾਪਮਾਨ ਨੂੰ ਜਲਦੀ ਘੱਟ ਕਰਨ ਲਈ ਸਿਰ ਅਤੇ ਪੂਰੇ ਸਰੀਰ ਤੇ ਠੰਡੇ ਪਾਣੀ ਦੀਆਂ ਪੱਟੀਆਂ ਰੱਖੀਆਂ ਜਾਣ ਜਾਂ ਗਿੱਲੇ ਕੱਪੜੇ ਨਾਲ ਸਰੀਰ ਪੂੰਝਿਆ ਜਾਵੇ। ਲੂ ਲੱਗਣ ਤੇ ਬਿਨ੍ਹਾਂ ਦੇਰੀ ਨੇੜਲੇ ਸਰਕਾਰੀ ਹਸਪਤਾਲ ਲਿਜਾ ਕੇ ਮਾਹਰ ਡਾਕਟਰਾਂ ਕੋਲੋਂ ਉਚਿਤ ਇਲਾਜ ਸ਼ੁਰੂ ਕਰਵਾਇਆ ਜਾਵੇ। ਕਿਸੇ ਵੀ ਐਮਰਜੈਂਸੀ ਦੀ ਸਥਿਤੀ ਵਿੱਚ 104 (ਮੈਡੀਕਲ ਹੈਲਪਲਾਈਨ), 108 (ਐਂਬੂਲੈਂਸ) ਅਤੇ 112 'ਤੇ ਕਾਲ ਕਰਕੇ ਹੀਟ ਵੇਵ ਸਬੰਧੀ ਸਹਾਇਤਾ ਅਤੇ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ। ਗਰਮੀ ਤੋਂ ਆਪਣੇ-ਆਪ ਨੂੰ ਬਚਾਉਣ ਲਈ ਸਰੀਰ ਨੂੰ ਹਾਈਡ੍ਰੇਟਿਡ ਰੱਖਣ ਹਿੱਤ ਘਰੇਲੂ ਪਦਾਰਥ ਜਿਵੇਂ ਸਾਦਾ ਪਾਣੀ, ਲੱਸੀ, ਸ਼ਿਕੰਜਵੀ, ਗੰਨੇ ਦਾ ਰਸ, ਨਾਰੀਅਲ ਪਾਣੀ, ਤਾਜ਼ਾ ਜੂਸ ਅਤੇ ਓ.ਆਰ.ਐੱਸ. ਘੋਲ ਆਦਿ ਦਾ ਸੇਵਨ ਵਾਰ-ਵਾਰ ਕੀਤਾ ਜਾਵੇ। ਡੱਬਾਬੰਦ ਪੀਣ ਵਾਲੇ ਪਦਾਰਥਾਂ ਤੋਂ ਪ੍ਰਹੇਜ਼ ਕਰੋ ਕਿਉਂਕਿ ਇਹ ਸਰੀਰ ਵਿੱਚੋਂ ਪਾਣੀ ਦੀ ਮਾਤਰਾ ਨੂੰ ਹੋਰ ਘਟਾਉਂਦੇ ਹਨ। ਬਾਹਰ ਦੇ ਖਾਣੇ, ਬਾਸੀ ਭੋਜਨ ਜਾਂ ਤਲੇ ਹੋਏ ਫਾਸਟ ਫੂਡ ਤੋਂ ਪੂਰੀ ਤਰ੍ਹਾਂ ਦੂਰ ਰਹੋ। ਦਿਨ ਦੇ ਸਮੇਂ ਘਰ ਦੀਆਂ ਖਿੜਕੀਆਂ ਅਤੇ ਪਰਦੇ ਬੰਦ ਰੱਖੋ, ਤਾਂ ਜੋ ਬਾਹਰ ਦੀ ਗਰਮ ਹਵਾ ਅੰਦਰ ਨਾ ਆ ਸਕੇ। ਰਾਤ ਦੇ ਸਮੇਂ ਜਦੋਂ ਤਾਪਮਾਨ ਘੱਟ ਹੋਵੇ, ਤਾਂ ਖਿੜਕੀਆਂ ਖੋਲ੍ਹ ਕੇ ਹਵਾਦਾਰੀ ਬਣਾਈ ਰੱਖੋ। ਧੁੱਪ ਵਿੱਚ ਕੰਮ ਕਰਨ ਤੋਂ ਬਚੋ। ਲੋਕ ਬਾਹਰ ਧੁੱਪ ਵਿੱਚ ਕੰਮ ਕਰਦੇ ਹਨ, ਉਹ ਹਰ ਘੰਟੇ ਬਾਅਦ ਥੋੜ੍ਹੀ ਦੇਰ ਛਾਂਦਾਰ ਜਗ੍ਹਾ ਤੇ ਆਰਾਮ ਜ਼ਰੂਰ ਕਰਨ ਅਤੇ ਸਰੀਰ ਵਿੱਚ ਨਮਕ ਦੀ ਮਾਤਰਾ ਬਣਾਈ ਰੱਖਣ ਲਈ ਨਿੰਬੂ ਪਾਣੀ ਜਾਂ ਓ.ਆਰ.ਐੱਸ. ਲੈਂਦੇ ਰਹਿਣ। ਬਹੁਤ ਜ਼ਿਆਦਾ ਭਾਰੀ ਮਿਹਨਤ ਵਾਲੇ ਕੰਮ ਸਵੇਰੇ ਜਲਦੀ ਜਾਂ ਸ਼ਾਮ ਵੇਲੇ ਕੀਤੇ ਜਾ ਸਕਦੇ ਹਨ।

ਪੰਜਾਬ ਰਾਜ ਖੁਰਾਕ ਕਮਿਸ਼ਨ ਦੇ ਮੈਂਬਰ ਵਿਜੇ ਦੱਤ ਵੱਲੋਂ ਅੰਮ੍ਰਿਤਸਰ ਦੇ ਰਈਆ ਖੇਤਰ ਦਾ ਦੌਰਾ

ਅੰਮ੍ਰਿਤਸਰ, 21 ਮਈ (ਰਾਜੇਸ਼ ਡੈਨੀ) ਪੰਜਾਬ ਰਾਜ ਖੁਰਾਕ ਕਮਿਸ਼ਨ ਦੇ ਮੈਂਬਰ ਸ਼੍ਰੀ ਵਿਜੇ ਦੱਤ ਨੇ ਅੱਜ ਅੰਮ੍ਰਿਤਸਰ ਜ਼ਿਲ੍ਹੇ ਦੇ ਰਈਆ ਖੇਤਰ ਵਿੱਚ ਵੱਖ-ਵੱਖ ਸਰਕਾਰੀ ਸਕੂਲਾਂ ਅਤੇ ਆਂਗਣਵਾੜੀ ਕੇਂਦਰਾਂ ਦਾ ਅਚਾਨਕ ਨਿਰੀਖਣ ਕੀਤਾ। ਉਨ੍ਹਾਂ ਨੇ ਰਾਸ਼ਟਰੀ ਖੁਰਾਕ ਸੁਰੱਖਿਆ ਐਕਟ (ਐਨਐਫਐਸਏ), 2013 ਅਧੀਨ ਚਲਾਈਆਂ ਜਾ ਰਹੀਆਂ ਯੋਜਨਾਵਾਂ ਦੇ ਜ਼ਮੀਨੀ ਪੱਧਰ ਤੇ ਲਾਗੂਕਰਨ ਦਾ ਜਾਇਜ਼ਾ ਲਿਆ। ਸ਼੍ਰੀ ਵਿਜੇ ਦੱਤ ਨੇ ਮਿਡ-ਡੇ ਮੀਲ ਪ੍ਰਬੰਧਾਂ, ਬੱਚਿਆਂ ਨੂੰ ਦਿੱਤੇ ਜਾ ਰਹੇ ਭੋਜਨ ਦੀ ਗੁਣਵੱਤਾ, ਸਫਾਈ, ਰਸੋਈ ਪ੍ਰਬੰਧਨ ਅਤੇ ਪੀਣ ਵਾਲੇ ਪਾਣੀ ਦੀ ਉਪਲਬਧਤਾ ਦਾ ਨਿਰੀਖਣ ਕੀਤਾ। ਸਬੰਧਤ ਅਧਿਕਾਰੀਆਂ ਅਤੇ ਸਟਾਫ ਨੂੰ ਇਹ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਕਿ ਬੱਚਿਆਂ ਨੂੰ ਸਾਫ਼, ਪੌਸ਼ਟਿਕ ਅਤੇ ਗੁਣਵੱਤਾ ਵਾਲਾ ਭੋਜਨ

ਮੁਹੱਈਆ ਕਰਵਾਇਆ ਜਾਵੇ ਅਤੇ ਸਾਰੇ ਨਿਰਧਾਰਤ ਮਾਪਦੰਡਾਂ ਅਤੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕੀਤੀ ਜਾਵੇ। ਸਕੂਲਾਂ ਅਤੇ ਆਂਗਣਵਾੜੀ ਕੇਂਦਰਾਂ ਨੂੰ ਰਸੋਈ ਗਾਰਡਨ ਵਿਕਸਤ ਕਰਨ ਲਈ ਵੀ ਉਤਸ਼ਾਹਿਤ ਕੀਤਾ ਤਾਂ ਜੋ ਬੱਚਿਆਂ ਨੂੰ ਤਾਜ਼ੀਆਂ ਅਤੇ ਪੌਸ਼ਟਿਕ ਸਬਜ਼ੀਆਂ ਉਪਲਬਧ ਕਰਵਾਈਆਂ ਜਾ ਸਕਣ। ਮਿਡ-ਡੇਅ ਮੀਲ ਤਿਆਰ ਕਰਨ ਵਾਲੀਆਂ ਮਹਿਲਾ ਰਸੋਈਆਂ ਨੂੰ ਸਲਾਹ ਦਿੱਤੀ, ਕੁਝ ਸਕੂਲਾਂ ਕੋਲ ਹਫ਼ਤੇ ਦੌਰਾਨ ਬੱਚਿਆਂ ਨੂੰ ਫਲ ਵੰਡਣ ਦੇ ਨਿਰਧਾਰਤ ਦਿਨ ਬਾਰੇ ਸਹੀ ਅਤੇ ਅੱਪਡੇਟ ਜਾਣਕਾਰੀ ਨਹੀਂ ਸੀ। ਪੰਜਾਬ ਰਾਜ ਖੁਰਾਕ ਕਮਿਸ਼ਨ ਨੇ ਇਸ ਮੁੱਦੇ ਤੇ ਚਿੰਤਾ ਪ੍ਰਗਟ ਕੀਤੀ। ਸ਼੍ਰੀ ਵਿਜੇ ਦੱਤ ਨੇ ਸਬੰਧਤ ਅਧਿਕਾਰੀਆਂ ਨੂੰ ਇਹ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਕਿ ਬੱਚਿਆਂ ਨੂੰ ਨਿਰਧਾਰਤ ਮੀਨੂ ਅਤੇ ਸਰਕਾਰੀ ਦਿਸ਼ਾ-ਨਿਰਦੇਸ਼ਾਂ ਅਨੁਸਾਰ ਫਲ ਅਤੇ ਪੌਸ਼ਟਿਕ ਭੋਜਨ ਸਮੇਂ ਸਿਰ ਮੁਹੱਈਆ ਕਰਵਾਇਆ ਜਾਵੇ। ਅਧਿਕਾਰੀਆਂ ਨੂੰ ਪਾਣੀ ਦੀ ਗੁਣਵੱਤਾ ਨੂੰ ਯਕੀਨੀ ਬਣਾਉਣ ਅਤੇ ਨਿਯਮਤ ਤੌਰ ਤੇ ਫੂਡ ਟੈਸਟ ਰਜਿਸਟਰ ਨੂੰ ਸਹੀ ਢੰਗ ਨਾਲ ਬਣਾਈ ਰੱਖਣ ਲਈ ਪੀਣ ਵਾਲੇ ਪਾਣੀ ਦੀ ਨਿਯਮਤ ਟੀਡੀਐਸ ਟੈਸਟਿੰਗ ਕਰਨ ਦੇ ਨਿਰਦੇਸ਼ ਦਿੱਤੇ। ਸ਼੍ਰੀ ਵਿਜੇ ਦੱਤ ਨੇ ਬੱਚਿਆਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਨਾਲ ਖਾਣਾ ਵੀ ਸਾਂਝਾ ਕੀਤਾ। ਪੰਜਾਬ ਰਾਜ ਖੁਰਾਕ ਕਮਿਸ਼ਨ ਬੱਚਿਆਂ ਲਈ ਸੁਰੱਖਿਅਤ, ਸਾਫ਼ ਅਤੇ ਪੌਸ਼ਟਿਕ ਭੋਜਨ ਯਕੀਨੀ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਭਵਿੱਖ ਵਿੱਚ ਵੀ ਅਜਿਹੇ ਅਚਨਚੇਤ ਨਿਰੀਖਣ ਜਾਰੀ ਰਹਿਣਗੇ। ਰਾਸ਼ਟਰੀ ਖੁਰਾਕ ਸੁਰੱਖਿਆ ਐਕਟ (ਐਨਐਫਐਸਏ), 2013 ਅਤੇ ਸਬੰਧਤ ਭਲਾਈ ਸਕੀਮਾਂ ਪ੍ਰਤੀ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਦੋਸ਼ੀ ਪਾਏ ਜਾਣ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਜੇਕਰ ਕਿਸੇ ਵੀ ਵਿਅਕਤੀ ਨੂੰ ਐਨਐਫਐਸਏ 2013 ਜਾਂ ਸਬੰਧਤ ਸਕੀਮਾਂ ਸੰਬੰਧੀ ਕੋਈ ਸ਼ਿਕਾਇਤ ਜਾਂ ਮੁੱਦਾ ਹੈ, ਤਾਂ ਉਹ ਪੰਜਾਬ ਰਾਜ ਖੁਰਾਕ ਕਮਿਸ਼ਨ ਹੈਲਪਲਾਈਨ ਨੰਬਰ 9876764545 ਤੇ ਆਪਣੀ ਸ਼ਿਕਾਇਤ ਦਰਜ ਕਰਵਾ ਸਕਦੇ ਹਨ।

ਬਲਾਚੌਰ ਪੁਲਿਸ ਦੀ ਵੱਡੀ ਕਾਰਵਾਈ: ਕਾਰ ਚੋਂ 60 ਬੋਤਲਾਂ ਸ਼ਰਾਬ ਬਰਾਮਦ, ਇੱਕ ਗ੍ਰਿਫ਼ਤਾਰ: ਐਸ ਐਚ ਓ ਵਿਕਰਮ ਸਿੰਘ

ਬਲਾਚੌਰ, 21 ਮਈ (ਤਜਿੰਦਰ ਜੋਤ) ਪੰਜਾਬ ਸਰਕਾਰ ਅਤੇ ਪੰਜਾਬ ਪੁਲਿਸ ਵੱਲੋਂ ਨਸ਼ਿਆਂ ਦੇ ਖ਼ਿਲਾਫ਼ ਵਿੱਢੀ ਗਈ ਵਿਸ਼ੇਸ਼ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਤਹਿਤ ਬਲਾਚੌਰ ਪੁਲਿਸ ਅਤੇ ਆਬਕਾਰੀ ਵਿਭਾਗ ਦੀ ਸਾਂਝੀ ਟੀਮ ਨੂੰ ਇੱਕ ਵੱਡੀ ਸਫ਼ਲਤਾ ਹਾਸਲ ਹੋਈ ਹੈ। ਸ਼੍ਰੀ ਤੁਸ਼ਾਰ ਗੁਪਤਾ , ਸੀਨੀਅਰ ਕਪਤਾਨ ਪੁਲਿਸ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਅਤੇ ਸ਼੍ਰੀ ਹੇਮੰਤ ਮਲਹੋਤਰਾ ਉਪ ਕਪਤਾਨ ਪੁਲਿਸ, ਸਬ ਡਵੀਜ਼ਨ ਬਲਾਚੌਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਨਸ਼ਾ ਤਸਕਰਾਂ ਖ਼ਿਲਾਫ਼ ਸਖ਼ਤ ਸ਼ਿਕੰਜਾ ਕੱਸਿਆ ਗਿਆ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਸਬ-ਇੰਸਪੈਕਟਰ ਬਿਕਰਮ ਸਿੰਘ ਮੁੱਖ ਅਫ਼ਸਰ, ਥਾਣਾ ਸਦਰ ਬਲਾਚੌਰ ਨੇ ਦੱਸਿਆ ਕਿ ਉਨ੍ਹਾਂ ਦੀ ਯੋਗ ਅਗਵਾਈ ਹੇਠ ਪੁਲਿਸ ਪਾਰਟੀ ਇਲਾਕੇ ਵਿੱਚ ਮੁਸਤੈਦ ਸੀ। ਇਸੇ ਦੌਰਾਨ

ਐਕਸਾਈਜ਼ ਇੰਸਪੈਕਟਰ ਸਰਕਲ ਬਲਾਚੌਰ ਸੁਨੀਲ ਭਾਰਦਵਾਜ ਵੱਲੋਂ ਮਿਲੀ ਇੱਕ ਵਿਸ਼ੇਸ਼ ਦਰਖਾਸਤ ਤੇ ਤੁਰੰਤ ਐਕਸ਼ਨ ਲੈਂਦਿਆਂ ਏ.ਐੱਸ.ਆਈ. ਧਰਮ ਚੰਦ ਨੇ ਪੁਲਿਸ ਪਾਰਟੀ ਅਤੇ ਐਕਸਾਈਜ਼ ਇੰਸਪੈਕਟਰ ਨਾਕੇਬੰਦੀ ਦੌਰਾਨ ਹੋਈ ਗ੍ਰਿਫ਼ਤਾਰੀ ਅਤੇ ਬਰਾਮਦਗੀ ਚੈਕਿੰਗ ਦੌਰਾਨ ਪੁਲਿਸ ਟੀਮ ਵੱਲੋਂ ਇੱਕ ਸ਼ੱਕੀ ਅਲਟੋ ਕਾਰ ਨੂੰ ਰੋਕ ਕੇ ਜਦੋਂ ਉਸ ਦੀ ਤਲਾਸ਼ੀ ਲਈ ਗਈ, ਤਾਂ ਗੱਡੀ ਵਿੱਚੋਂ ਭਾਰੀ ਮਾਤਰਾ ਵਿੱਚ ਨਾਜਾਇਜ਼ ਸ਼ਰਾਬ ਬਰਾਮਦ ਹੋਈ। ਕਾਰ ਵਿੱਚੋਂ ਕੁੱਲ 60 ਬੋਤਲਾਂ ਸ਼ਰਾਬ ਮਾਰਕਾ ਚੰਡੀਗੜ੍ਹ ਬਰਾਮਦ ਕੀਤੀਆਂ ਗਈਆਂ, ਜੋ ਸਿਰਫ਼ ਚੰਡੀਗੜ੍ਹ ਵਿੱਚ ਵਿਕਣ ਲਈ ਪ੍ਰਮਾਣਿਤ ਸਨ।ਪੁਲਿਸ ਨੇ ਮੌਕੇ ਤੇ ਹੀ ਕਾਰ ਸਵਾਰ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ, ਜਿਸ ਦੀ ਪਛਾਣ ਗੋਲਡੀ ਕੁਮਾਰ, ਵਾਸੀ ਪਿੰਡ ਭੱਦੀ, ਥਾਣਾ ਬਲਾਚੌਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਜੋਂ ਹੋਈ ਹੈ।ਪੁਲਿਸ ਵੱਲੋਂ ਮੁਲਜ਼ਮ ਖ਼ਿਲਾਫ਼ ਐਕਸਾਈਜ਼ ਐਕਟ ਤਹਿਤ ਮੁਕੱਦਮਾ ਨੰਬਰ 61 ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।ਅੱਜ ਮੁਲਜ਼ਮ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕੀਤਾ ਗਿਆ, ਜਿੱਥੋਂ ਪੁਲਿਸ ਨੂੰ ਉਸ ਦਾ ਇੱਕ ਦਿਨ ਦਾ ਰਿਮਾਂਡ ਹਾਸਲ ਹੋਇਆ ਹੈ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਰਿਮਾਂਡ ਦੌਰਾਨ ਮੁਲਜ਼ਮ ਕੋਲੋਂ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ। ਪੁਲਿਸ ਨੂੰ ਉਮੀਦ ਹੈ ਕਿ ਇਸ ਪੁੱਛਗਿੱਛ ਦੌਰਾਨ ਸ਼ਰਾਬ ਤਸਕਰੀ ਦੇ ਇਸ ਗੈਰ-ਕਾਨੂੰਨੀ ਧੰਦੇ ਨਾਲ ਜੁੜੇ ਹੋਰ ਵੱਡੇ ਖੁਲਾਸੇ ਅਤੇ ਮੁੱਖ ਨੈੱਟਵਰਕ ਦੇ ਚਿਹਰੇ ਸਾਹਮਣੇ ਆਉਣਗੇ।

ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਪੰਜਾਬ ਸਰਕਾਰ ਦਾ ਵੱਡਾ ਕਦਮ: 3,000 ਖੇਡ ਮੈਦਾਨਾਂ 'ਤੇ ਖਰਚੇ ਜਾਣਗੇ 1100 ਕਰੋੜ

ਹੁਸ਼ਿਆਰਪੁਰ 21 ਮਈ (ਪਰਮਿੰਦਰ ਘੁੰਮਣ) ਪੰਜਾਬ ਦੇ ਜੇਲਾਂ ਅਤੇ ਪ੍ਰਵਾਸੀ ਭਾਰਤੀ ਮਾਮਲੇ ਮੰਤਰੀ ਡਾ. ਰਵਜੋਤ ਸਿੰਘ ਨੇ ਵਿਧਾਨ ਸਭਾ ਹਲਕਾ ਸ਼ਾਮਚੁਰਾਸੀ ਦੇ ਪਿੰਡ ਕੱਕੋਂ ਵਿਖੇ 31 ਲੱਖ ਰੁਪਏ ਦੀ ਲਾਗਤ ਨਾਲ ਬਣਾਏ ਜਾ ਰਹੇ ਖੇਡ ਮੈਦਾਨ ਦੇ ਕੰਮ ਦਾ ਜਾਇਜ਼ਾ ਲੈਂਦਿਆਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਸੂਬੇ ਵਿਚ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਤਿੰਨ ਹਜ਼ਾਰ ਆਧੁਨਿਕ ਖੇਡ ਮੈਦਾਨਾਂ ਲਈ 1100 ਕਰੋੜ ਰੁਪਏ ਖਰਚ ਕੀਤੇ ਜਾ ਰਹੇ ਹਨ। ਪਿੰਡ ਕੱਕੋਂ ਵਿਖੇ ਮੋਹਤਬਾਰਾਂ ਸਮੇਤ ਖੇਡ ਮੈਦਾਨ ਦੇ ਚੱਲ ਰਹੇ ਕੰਮ ਦਾ ਨਰੀਖਣ ਕਰਦਿਆਂ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੇ ਕਿਹਾ ਕਿ ਆਧੁਨਿਕ ਢੰਗ ਨਾਲ ਬਣਾਏ ਜਾ ਰਹੇ ਅਜਿਹੇ ਖੇਡ ਮੈਦਾਨ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਵਿਚ ਵੱਡੇ ਪੱਧਰ 'ਤੇ ਸਹਾਈ ਹੋਣਗੇ ਜਿਸ ਨਾਲ ਉਹ ਆਪਣੀਆਂ ਪਸੰਦੀਦਾ ਖੇਡਾਂ ਵਿਚ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਨਾਮਣਾ ਖੱਟਣ ਦੇ ਸਮਰੱਥ ਹੋਣਗੇ। ਡਾ. ਰਵਜੋਤ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਪੰਜਾਬ ਸਰਕਾਰ ਵਲੋਂ ਖੇਡ ਮੈਦਾਨਾਂ ਤੋਂ ਇਲਾਵਾ 6000 ਦੇ ਕਰੀਬ ਇਨਡੋਰ ਜ਼ਿੰਮ ਵੀ ਬਣਾਏ ਜਾਣਗੇ ਜਿਨ੍ਹਾਂ ਨਾਲ ਲੋਕਾਂ ਨੂੰ ਕਸਰਤ ਕਰਨ ਲਈ ਵੱਡੀ ਸਹੂਲਤ ਮਿਲੇਗੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਸਮੇਂ-ਸਮੇਂ ਸਿਰ ਖੇਡਾਂ ਵਿਚ ਸੂਬੇ ਅਤੇ ਦੇਸ਼ ਦਾ ਨਾਮ ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਚਮਕਾਉਣ ਵਾਲੇ ਖਿਡਾਰੀਆਂ ਨੂੰ ਬਣਦਾ ਮਾਣ-ਸਨਮਾਨ ਦਿੱਤਾ ਜਾ ਰਿਹਾ ਹੈ ਤਾਂ ਜੋ ਖੇਡਾਂ ਦੇ ਖੇਤਰ ਵਿਚ ਪੰਜਾਬੀ ਹੋਰ ਬਿਹਤਰੀਨ ਪ੍ਰਦਰਸ਼ਨ ਕਰ ਸਕਣ। ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੇ ਦੱਸਿਆ ਕਿ ਪੰਚਾਇਤੀ ਰਾਜ ਲੋਕ ਨਿਰਮਾਣ ਵਿਭਾਗ ਵਲੋਂ ਜ਼ਿਲ੍ਹੇ ਵਿਚ ਈ-ਖੇਡ ਮੈਦਾਨ ਬਣਾਉਣ ਦਾ ਕੰਮ ਕੀਤਾ ਜਾ ਰਿਹਾ ਹੈ ਜਿਸ ਨਾਲ ਪੇਂਡੂ ਖੇਤਰਾਂ ਵਿਚ ਖੇਡਾਂ ਨੂੰ ਹੋਰ ਹੁਲਾਰਾ ਮਿਲੇਗਾ। ਉਨ੍ਹਾਂ ਦੱਸਿਆ ਕਿ ਜਲਦ ਹੀ ਪਿੰਡ ਧੂਤ ਖੁਰਦ, ਝਮੇੜੀ ਪੱਟੀ ਅਤੇ ਚੱਕ ਲਾਦੀਆਂ ਵਿਚ 1.37 ਕਰੋੜ ਰੁਪਏ ਦੀ ਲਾਗਤ ਨਾਲ ਤਿੰਨ ਖੇਡ ਮੈਦਾਨ ਬਣਾਏ ਜਾਣਗੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਸੂਬਾ ਸਰਕਾਰ ਵਲੋਂ ਹਰ ਵਰਗ ਅਤੇ ਹਰ ਖੇਤਰ ਦੇ ਚਹੁੰਮੁਖੀ ਵਿਕਾਸ ਨੂੰ ਯਕੀਨੀ ਬਣਾਇਆ ਜਾ ਰਿਹਾ ਹੈ ਤਾਂ ਜੋ ਪੰਜਾਬ ਨੂੰ ਤਰੱਕੀ ਦੇ ਹਰ ਖੇਤਰ ਵਿਚ ਮੋਹਰੀ ਸੂਬਿਆਂ ਵਿਚ ਸ਼ੁਮਾਰ ਕੀਤਾ ਜਾ ਸਕੇ। ਇਸ ਮੌਕੇ ਜ਼ਿਲ੍ਹਾ ਯੋਜਨਾ ਕਮੇਟੀ ਦੀ ਚੇਅਰਪਰਸਨ ਕਰਮਜੀਤ ਕੌਰ, ਬਲਾਕ ਸੰਮਤੀ ਮੈਂਬਰ ਗੁਰਬਚਨ ਦਾਸ, ਆਦੇਸ਼ ਚੰਦ ਅਤੇ ਹੋਰ ਮੋਹਤਬਰ ਮੌਜੂਦ ਸਨ।

ਅਕਾਲੀ ਦਲ (ਪੁਨਰ ਸੁਰਜੀਤ) ਨੂੰ ਝਟਕਾ: ਸਾਬਕਾ ਚੇਅਰਮੈਨ ਰਿੰਕੂ ਚੰਦਪੁਰੀ ਭਾਜਪਾ 'ਚ ਸ਼ਾਮਿਲ

ਬਲਾਚੌਰ, 21 ਮਈ (ਤਜਿੰਦਰ ਜੋਤ) ਪੰਜਾਬ ਦੀ ਸਿਆਸਤ ਵਿੱਚ ਉਸ ਵੇਲੇ ਇੱਕ ਵੱਡਾ ਧਮਾਕਾ ਹੋਇਆ ਜਦੋਂ ਹਲਕਾ ਬਲਾਚੌਰ ਦੇ ਅਧੀਨ ਆਉਂਦੇ ਬਲਾਕ ਸੜੋਆ ਵਿੱਚ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਨੂੰ ਬਹੁਤ ਵੱਡਾ ਝਟਕਾ ਲੱਗਿਆ। ਅਕਾਲੀ ਦਲ (ਪੁਨਰ ਸੁਰਜੀਤ) ਦੇ ਟਕਸਾਲੀ ਆਗੂ ਅਤੇ ਬਲਾਕ ਸੰਮਤੀ ਸੜੋਆ ਦੇ ਸਾਬਕਾ ਚੇਅਰਮੈਨ ਹਰਅਮਰਿੰਦਰ ਸਿੰਘ (ਰਿੰਕੂ) ਚੰਦਪੁਰੀ ਵਾਸੀ ਪਿੰਡ ਚੰਦਪੁਰ ਰੁੜਕੀ ਨੇ ਪਾਰਟੀ ਨਾਲੋਂ ਆਪਣਾ ਨਾਤਾ ਤੋੜ ਕੇ ਭਾਰਤੀ ਜਨਤਾ ਪਾਰਟੀ ਦਾ ਪੱਲਾ ਫੜ ਲਿਆ ਹੈ।ਹੁਸ਼ਿਆਰਪੁਰ ਵਿਖੇ ਹੋਏ ਇੱਕ ਵਿਸ਼ੇਸ਼ ਅਤੇ ਪ੍ਰਭਾਵਸ਼ਾਲੀ ਸਿਆਸੀ ਸਮਾਗਮ ਦੌਰਾਨ ਭਾਜਪਾ ਦੇ ਰਾਸ਼ਟਰੀ ਜਨਰਲ ਸਕੱਤਰ ਤਰੁਣ ਚੁੱਘ ਅਤੇ ਭਾਜਪਾ ਦੇ ਸੀਨੀਅਰ ਆਗੂ ਤੇ ਸਾਬਕਾ ਮੈਂਬਰ ਪਾਰਲੀਮੈਂਟ ਅਵਿਨਾਸ਼ ਰਾਏ ਖੰਨਾ ਨੇ ਹਰਅਮਰਿੰਦਰ ਸਿੰਘ (ਰਿੰਕੂ) ਚੰਦਪੁਰੀ ਨੂੰ ਪਾਰਟੀ ਵਿੱਚ ਰਸਮੀ ਤੌਰ ਤੇ ਸ਼ਾਮਿਲ ਕਰਵਾਇਆ ਅਤੇ ਸਿਰੋਪਾਓ ਪਾ ਕੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹਰਅਮਰਿੰਦਰ ਸਿੰਘ ਚੰਦਪੁਰੀ ਨੇ ਦੱਸਿਆ ਕਿ ਉਹ ਭਾਜਪਾ ਦੇ ਕੌਮੀ ਆਗੂ ਅਵਿਨਾਸ਼ ਰਾਏ ਖੰਨਾ ਜੀ ਦੀਆਂ ਲੋਕ-ਪੱਖੀ ਨੀਤੀਆਂ ਅਤੇ ਪ੍ਰੇਰਨਾ ਸਦਕਾ ਭਾਜਪਾ ਪਰਿਵਾਰ ਵਿੱਚ ਸ਼ਾਮਿਲ ਹੋਏ ਹਨ। ਉਨ੍ਹਾਂ ਕਿਹਾ ਕਿ ਅੱਜ ਹੁਸ਼ਿਆਰਪੁਰ ਵਿਖੇ ਰਾਸ਼ਟਰੀ ਜਨਰਲ ਸਕੱਤਰ ਤਰੁਣ ਚੁੱਘ ਜੀ ਨੇ ਉਨ੍ਹਾਂ ਨੂੰ ਪਾਰਟੀ ਦੀ ਮੈਂਬਰਸ਼ਿਪ ਦੇ ਕੇ ਸ਼ਾਮਿਲ ਕੀਤਾ ਹੈ, ਜਿਸ ਲਈ ਉਹ ਭਾਜਪਾ ਹਾਈਕਮਾਂਡ ਦੇ ਤਹਿ-ਦਿਲੋਂ ਸ਼ੁਕਰਗੁਜ਼ਾਰ ਹਨ।ਸੂਬੇ ਦੇ ਮੌਜੂਦਾ ਹਾਲਾਤ ਤੇ ਤਿੱਖਾ ਸਿਆਸੀ ਨਿਸ਼ਾਨਾ ਸਾਧਦਿਆਂ ਚੰਦਪੁਰੀ ਨੇ ਕਿਹਾ ਕਿ ਇਸ ਵੇਲੇ ਪੰਜਾਬ ਵਿੱਚ ਅਮਨ-ਕਾਨੂੰਨ ਦੀ ਸਥਿਤੀ ਬਿਲਕੁਲ ਨਾਜ਼ੁਕ ਬਣੀ ਹੋਈ ਹੈ। ਦਿਨੋ-ਦਿਨ ਵਧ ਰਿਹਾ ਕਰਾਈਮ ਅਤੇ ਗੈਂਗਸਟਰਵਾਦ ਸੂਬੇ ਦੇ ਵਿਕਾਸ ਨੂੰ ਲੀਹੋਂ ਲਾ ਰਿਹਾ ਹੈ। ਅਜਿਹੇ ਮਾਹੌਲ ਵਿੱਚ ਪੰਜਾਬ ਦੇ ਸੁਨਹਿਰੀ ਭਵਿੱਖ ਲਈ ਇੱਥੇ ਭਾਜਪਾ ਦੀ ਮਜ਼ਬੂਤ ਸਰਕਾਰ ਦੀ ਸਖ਼ਤ ਜ਼ਰੂਰਤ ਹੈ। ਉਨ੍ਹਾਂ ਦਾਅਵਾ ਕੀਤਾ ਕਿ ਸਿਰਫ਼ ਭਾਰਤੀ ਜਨਤਾ ਪਾਰਟੀ ਹੀ ਪੰਜਾਬ ਨੂੰ ਇਸ ਸੰਕਟ ਵਿੱਚੋਂ ਕੱਢ ਕੇ ਸਹੀ ਤਰੀਕੇ ਨਾਲ ਚਲਾ ਸਕਦੀ ਹੈ ਅਤੇ ਸੂਬੇ ਦੇ ਲੋਕਾਂ ਦਾ ਮੂਡ ਦੱਸ ਰਿਹਾ ਹੈ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪੰਜਾਬ ਅੰਦਰ ਭਾਜਪਾ ਦੀ ਪੂਰਨ ਬਹੁਮਤ ਵਾਲੀ ਸਰਕਾਰ ਬਣੇਗੀ।ਇਸ ਮੌਕੇ ਭਾਜਪਾ ਆਗੂਆਂ ਨੇ ਕਿਹਾ ਕਿ ਹਰਅਮਰਿੰਦਰ ਸਿੰਘ (ਰਿੰਕੂ) ਚੰਦਪੁਰੀ ਦੇ ਆਉਣ ਨਾਲ ਬਲਾਚੌਰ ਅਤੇ ਸੜੋਆ ਖੇਤਰ ਵਿੱਚ ਭਾਜਪਾ ਨੂੰ ਬਹੁਤ ਵੱਡੀ ਮਜ਼ਬੂਤੀ ਮਿਲੀ ਹੈ ਅਤੇ ਉਨ੍ਹਾਂ ਨੂੰ ਪਾਰਟੀ ਅੰਦਰ ਪੂਰਾ ਮਾਣ-ਸਤਿਕਾਰ ਦਿੱਤਾ ਜਾਵੇਗਾ। ਇਸ ਮੌਕੇ ਵੱਡੀ ਗਿਣਤੀ ਵਿੱਚ ਉਨ੍ਹਾਂ ਦੇ ਸਮਰਥਕ ਅਤੇ ਭਾਜਪਾ ਆਗੂ ਹਾਜ਼ਰ ਸਨ।

ਬਿਜਲੀ ਮਹਿਕਮਾ ਕਰ ਰਿਹਾ ਦਿਹਾਤੀ ਇਲਾਕਿਆਂ ਨਾਲ ਮਤਰੇਈ ਮਾਂ ਵਾਲਾ ਸਲੂਕ: ਸ਼ੁਭਾਸ਼ ਬਾਂਠ

ਨਵਾਂਸ਼ਹਿਰ/ਕਾਠਗੜ੍ਹ 21 ਮਈ (ਜਤਿੰਦਰ ਪਾਲ ਸਿੰਘ ਕਲੇਰ) ਜਿਵੇਂ ਜਿਵੇਂ ਗਰਮੀ ਵੱਧ ਰਹੀ ਹੈ ਇਸ ਨਾਲ ਸਰਕਾਰ ਦੀ ਵਲੋਂ ਫ੍ਰੀ ਦਿੱਤੀ ਬਿਜਲੀ ਸੇਵਾ ਦੀ ਵੀ ਪੋਲ ਖੁੱਲ ਰਹੀ ਹੈ। ਪਿੰਡਾਂ ਦੇ ਲੋਕ ਵਿਚਾਰੇ ਸਾਰਾ ਦਿਨ ਮਿਹਨਤ ਮੁਸ਼ਕਤ ਕਰਦੇ ਹਨ ਉਹਨਾਂ ਪਾਸ ਕੇਵਲ ਰਾਤ ਹੀ ਹੁੰਦੀ ਜਦੋਂ ਉਹ ਅਰਾਮ ਨਾਲ ਸੋਣ ਦੀ ਕੋਸ਼ਿਸ਼ ਕਰਦੇ ਹਨ ਪਰ ਰਾਤ ਸਮੇਂ ਦਿਹਾਤੀ ਇਲਾਕਿਆਂ ਵਿੱਚ ਜੋ ਲੰਬੇ ਲੰਬੇ ਕੱਟ ਲਗਾਏ ਜਾਂਦੇ ਹਨ ਜਿਸ ਨਾਲ ਸਾਰੀ ਰਾਤ ਗਰਮੀ ਨਾਲ ਬਸ ਹੋ ਜਾਂਦੀ ਹੈ ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਸੀਨੀਅਰ ਬੀ ਜੇ ਪੀ ਆਗੂ ਅਤੇ ਸਾਬਕਾ ਪੁਲਿਸ ਸ਼ੁਭਾਸ਼ ਬਾਂਠ ਰੱਤੇਵਾਲ ਨੇ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸਾਡੀ ਤ੍ਰਾਸਦੀ ਵੇਖੋ ਜਿਹਨਾਂ ਦਿਹਾਤੀ ਇਲਾਕਿਆਂ ਤੋਂ ਜ਼ਿਆਦਾ ਤਰ ਵੋਟਾਂ ਲੈਕੇ ਸਰਕਾਰਾਂ ਬਣਦੀਆਂ ਹਨ।ਪਰ ਬਿਜਲੀ ਦੇ ਲੰਬੇ ਲੰਬੇ ਕੱਟ ਵੀ ਸ਼ਹਿਰਾਂ ਦੇ ਮੁਕਾਬਲੇ 80%ਤੋਂ ਜ਼ਿਆਦਾ ਲੱਗਦੇ ਹਨ ਕਿਉਂਕਿ ਦਿਹਾਤੀ ਲੋਕ ਸ਼ਹਿਰ ਵਾਸੀਆਂ ਦੇ ਮੁਕਾਬਲੇ ਜ਼ਿਆਦਾ ਸਹਿਣਸ਼ੀਲਤਾ ਵਾਲੇ ਹੁੰਦੇ ਹਨ ਜਿਸ ਕਰਕੇ ਇਸਦਾ ਫਾਈਦਾ ਬਿਜਲੀ ਵਿਭਾਗ ਦੇ ਕਰਮਚਾਰੀਆਂ ਵਲੋਂ ਚੁੱਕਿਆ ਜਾਂਦਾ ਹੈ,ਹੈਰਾਨੀ ਦੀ ਗੱਲ ਹੈ ਕਿ ਜੇਕਰ ਰਾਤ ਸਮੇਂ ਥੋੜ੍ਹੀ ਜਿਹੀ ਹਵਾ ਵੀ ਚਲ ਪਵੇ ਤਾਂ ਬੱਤੀ ਇੱਕ ਦਮ ਗੁੱਲ ਹੋ ਜਾਦੀ ਹੈ। ਫੋਨ ਕਰਨ ਡਿਊਟੀ ਤੇ ਤੈਨਾਤ ਕਰਮਚਾਰੀ ਫੋਨ ਹੀ ਨਹੀ ਚੁੱਕਦੇ ਪਰ ਜੇਕਰ ਗਲਤੀ ਫੋਨ ਚੁੱਕ ਵੀ ਲੈਂਦੇ ਹਨ ਤਾਂ ਅੱਗੋਂ ਜਵਾਬ ਮਿਲਦਾ ਹੈ ਕਿ ਲਾਈਨ ਤੇ ਬੂਟਾ ਡਿੱਗ ਗਿਆ ਹੈ ਪਰ ਸਵੇਰੇ ਹੀ ਬਿਜਲੀ ਠੀਕ ਹੋਵੇਗੀ ਪਰ ਅਸਲ ਵਿੱਚ ਇਹ ਨਾਜਾਇਜ਼ ਕੱਟ ਹੁੰਦਾ ਹੈ। ਪਿੰਡਾਂ ਦੇ ਸਮੂਹ ਲੋਕਾਂ ਨੇ ਇੱਕਠੇ ਹੋ ਕੇ ਸਰਕਾਰ ਤੇ ਬਿਜਲੀ ਵਿਭਾਗ ਕੋਲੋਂ ਸਖਤ ਸ਼ਬਦਾਂ ਵਿੱਚ ਮੰਗ ਕੀਤੀ ਹੈ ਕਿ ਪਿੰਡਾਂ ਵਾਲੇ ਭੋਲੇ ਭਾਲੇ ਲੋਕਾਂ ਨਾਲ ਅਜਿਹਾ ਪੱਖਪਾਤ ਨਾਂ ਕਰਕੇ ਸਰਕਾਰ ਲੋਕਾਂ ਨਿਰਵਿਘਨ ਬਿਜਲੀ ਦੀ ਸਪਲਾਈ ਜਾਰੀ ਰੱਖੇ।

ਪੰਜਾਬ ਦੇ ਸਾਰੇ ਸਰਕਾਰੀ ਮੁਲਾਜ਼ਮਾਂ ਨੂੰ ਪੰਜਾਬ ਤੇ ਹਰਿਆਣਾ ਹਾਈਕੋਰਟ ਤੋਂ ਮਿਲੀ ਵੱਡੀ ਰਾਹਤ

ਚੰਡੀਗੜ੍ਹ, 21 ਮਈ (ਦੇਸ਼ ਪ੍ਰਦੇਸ਼ ਬਿਊਰੋ): ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਪੰਜਾਬ ਦੇ ਸਾਰੇ ਸਰਕਾਰੀ ਮੁਲਾਜ਼ਮਾਂ ਨੂੰ ਵੱਡੀ ਰਾਹਤ ਦਿੱਤੀ ਹੈ। ਦਰਅਸਲ ਪੰਜਾਬ ਦੇ ਸਰਕਾਰੀ ਮੁਲਾਜ਼ਮਾਂ ਨੂੰ ਆਈਏਐਸ, ਆਈਪੀਐਸ ਤੇ ਆਈਐਫਐਸ ਤੇ ਨਿਆਂਇਕ ਅਧਿਕਾਰੀਆਂ ਦੇ ਬਰਾਬਰ ਡੀਏ ਜਾਰੀ ਕਰਨ ਦੇ ਸਿੰਗਲ ਬੈਂਚ ਦੇ ਫੈਸਲੇ 'ਤੇ ਰੋਕ ਲਗਾਉਣ ਤੋਂ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਇਨਕਾਰ ਕਰ ਦਿੱਤਾ ਹੈ। ਹਾਈ ਕੋਰਟ ਨੇ ਕਿਹਾ ਕਿ ਅਸੀਂ ਸਿਰਫ਼ ਇਹੀ ਕਰ ਸਕਦੇ ਹਾਂ ਕਿ ਪੰਜਾਬ ਸਰਕਾਰ ਨੂੰ ਡੀਏ ਬਕਾਏ ਜਾਰੀ ਕਰਨ ਲਈ ਨਿਰਧਾਰਤ 30 ਜੂਨ ਦੀ ਸਮਾਂ ਸੀਮਾ ਨੂੰ ਵਧਾ ਦਿੱਤਾ ਜਾਵੇ, ਪਰ ਸਿਰਫ਼ ਇਸ ਸ਼ਰਤ 'ਤੇ ਕਿ ਸਰਕਾਰ ਡੀਏ ਬਕਾਏ ਕਦੋਂ ਅਤੇ ਕਿਵੇਂ ਜਾਰੀ ਕੀਤੇ ਜਾਣਗੇ, ਇਸਦਾ ਸ਼ਡਿਊਲ ਤਿਆਰ ਕਰੇ। ਇਸ ਤੋਂ ਇਲਾਵਾ ਸੁਣਵਾਈ ਦੌਰਾਨ ਅੱਜ ਵੀ, ਸਰਕਾਰ ਨੇ ਕਿਹਾ ਕਿ ਉਹ ਡੀਏ ਦੇ ਬਕਾਏ ਦਾ ਭੁਗਤਾਨ ਕਰਨ ਲਈ ਤਿਆਰ ਹੈ, ਪਰ ਸਰਕਾਰ ਇਸ ਸਮੇਂ ਵਿੱਤੀ ਸੰਕਟ ਵਿੱਚ ਹੈ। ਹਾਈ ਕੋਰਟ ਨੇ ਪੁੱਛਿਆ ਕਿ ਜੇਕਰ ਸਰਕਾਰ ਆਪਣੇ ਵਿੱਤੀ ਸੰਕਟ ਦਾ ਹਵਾਲਾ ਦਿੰਦੀ ਰਹਿੰਦੀ ਹੈ, ਤਾਂ ਉਹ ਪੰਜਾਬ ਵਿੱਚ ਵਿੱਤੀ ਐਮਰਜੈਂਸੀ ਕਿਉਂ ਨਹੀਂ ਘੋਸ਼ਿਤ ਕਰਦੀ? ਇਸ ਸਬੰਧੀ ਸ਼੍ਰੋਮਣੀ ਅਕਾਲੀ ਦਲ ਦੇ ਮੁੱਖ ਬੁਲਾਰੇ ਐਡਵੋਕੇਟ ਅਰਸ਼ਦੀਪ ਸਿੰਘ ਕਲੇਰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਰਕਾਰੀ ਮੁਲਾਜ਼ਮਾਂ ਦੇ ਬਣਦੇ ਡੀ.ਏ. ਨੂੰ ਰੋਕਣ ਲਈ ਦਾਇਰ ਕੀਤੀ ਗਈ ਪਟੀਸ਼ਨ 'ਤੇ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਸਟੇ ਦੇਣ ਤੋਂ ਇਨਕਾਰ ਕਰਨਾ ਸਰਕਾਰੀ ਅਤੇ ਮੁਲਾਜ਼ਮ ਵਰਗ ਦੇ ਹੱਕਾਂ ਦੀ ਵੱਡੀ ਜਿੱਤ ਹੈ। ਸ਼੍ਰੋਮਣੀ ਅਕਾਲੀ ਦਲ ਦਾ ਮੰਨਣਾ ਹੈ ਕਿ ਪੰਜਾਬ ਸਰਕਾਰ ਨੇ ਮੁਲਾਜ਼ਮਾਂ ਦੇ ਕਾਨੂੰਨੀ ਤੌਰ 'ਤੇ ਹੱਕੀ ਡੀ.ਏ. ਨੂੰ ਰੋਕ ਕੇ ਉਨ੍ਹਾਂ ਦੇ ਅਧਿਕਾਰਾਂ 'ਤੇ ਡਾਕਾ ਮਾਰਨ ਦੀ ਕੋਸ਼ਿਸ਼ ਕੀਤੀ ਸੀ। ਪੰਜਾਬ ਤੇ ਹਰਿਆਣਾ ਹਾਈ ਕੋਰਟ ਦਾ ਇਹ ਫ਼ੈਸਲਾ ਸਪਸ਼ਟ ਸੰਦੇਸ਼ ਦਿੰਦਾ ਹੈ ਕਿ ਕਿਸੇ ਵੀ ਸਰਕਾਰ ਨੂੰ ਮੁਲਾਜ਼ਮਾਂ ਦੇ ਬਣਦੇ ਹੱਕਾਂ ਨੂੰ ਕੁਚਲਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਸ਼੍ਰੋਮਣੀ ਅਕਾਲੀ ਦਲ ਇਸ ਫ਼ੈਸਲੇ ਦਾ ਤਹਿ ਦਿਲੋਂ ਸਵਾਗਤ ਕਰਦਾ ਹੈ ਅਤੇ ਸਰਕਾਰ ਨੂੰ ਅਪੀਲ ਕਰਦਾ ਹੈ ਕਿ ਤੁਰੰਤ ਡੀ.ਏ. ਜਾਰੀ ਕਰਕੇ ਮੁਲਾਜ਼ਮਾਂ ਨਾਲ ਹੋ ਰਹੀ ਨਾਇਨਸਾਫ਼ੀ ਨੂੰ ਖਤਮ ਕੀਤਾ ਜਾਵੇ।

ਕਲਾਸੀਫਾਇਡ

ਬੇਦਖ਼ਲੀ ਰੱਦ

➢ ਮੈਂ ਕਰਨੈਲ ਸਿੰਘ ਪੁੱਤਰ ਬਲਿਹਾਰ ਸਿੰਘ ਵਾਸੀ ਪਿੰਡ: ਦੁਗਰਾਪੁਰ ਤਹਿ: ਨਵਾਂਸ਼ਹਿਰ ਜਿਲ੍ਹਾ ਸ.ਭ.ਸ. ਨਗਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਬਲਜੀਤ ਸਿੰਘ ਅਤੇ ਇਸਦੀ ਪਤਨੀ ਗੁਰਪ੍ਰੀਤ ਕੌਰ ਅਤੇ ਪੋਤਰੀ ਜਸ਼ਨਦੀਪ ਕੌਰ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੋਣ ਕਾਰਨ ਮੈਂ ਇਹਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਨ ਲਈ ਦੈਨਿਕ ਭਾਸਕਰ ਤੇ ਅੰਮਰ ਦੀ ਆਵਾਜ਼ ਅਖਬਾਰ ਮਿਤੀ 28-06-2022 ਰਾਹੀਂ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖ਼ਲ ਕਰ ਦਿੱਤਾ ਸੀ। ਹੁਣ ਇਹ ਸਾਰੇ ਮੇਰੇ ਕਹਿਣੇ ਵਿੱਚ ਹਨ। ਇਸ ਲਈ ਮੈਂ ਇਹਨਾਂ ਸਾਰਿਆਂ ਦੀ ਇਹੀ ਬੇਦਖ਼ਲੀ ਵਾਪਿਸ ਲੈਂਦਾ ਹਾਂ। ਅੱਜ ਤੋਂ ਬਾਅਦ ਇਹ ਸਾਰੇ ਮੇਰੀ ਜਾਇਦਾਦ ਵਿੱਚ ਬਰਾਬਰ ਦਾ ਹੱਕਦਾਰ ਹੋਣਗੇ।

ਮੋਟਰ ਕੁਨੈਕਸ਼ਨ

➢ ਮੋਟਰ ਕੁਨੈਕਸ਼ਨ ਖਾਤਾ ਨੰ. ਏ.ਪੀ. 06/0150ਐਮ (20 ਬੀ.ਐਚ.ਪੀ.) ਜੋ ਕਿ ਜਸਵਿੰਦਰ ਸਿੰਘ ਪੁੱਤਰ ਕਰਤਾਰ ਸਿੰਘ ਵਾਸੀ ਪਿੰਡ ਭੰਡੇਆਣਾ ਤਹਿਸੀਲ ਜ਼ਿਲ੍ਹਾ ਮੋਗਾ ਦੇ ਨਾਮ ਤੇ ਚੱਲਦਾ ਹੈ ਨੂੰ ਹੁਣ ਸੁਰਜੀਤ ਸਿੰਘ ਪੁੱਤਰ ਦਲੀਪ ਸਿੰਘ ਵਾਸੀ ਪਿੰਡ ਭੰਡੇਆਣਾ ਤਹਿਸੀਲ ਜ਼ਿਲ੍ਹਾ ਮੋਗਾ ਨੇ ਆਪਣੇ ਆਪਣੇ ਨਾਮ ਤੇ ਕਰਵਾਉਣ ਹਿੱਤ ਬਿਨੈ ਪੱਤਰ ਦਿੱਤਾ ਹੈ। ਜੇਕਰ ਇਸ ਸਬੰਧੀ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ 15 ਦਿਨਾਂ ਦੇ ਅੰਦਰ-ਅੰਦਰ ਐਸ.ਡੀ.ਓ. ਪੀ.ਐਸ.ਪੀ.ਸੀ.ਐਲ ਨੱਥੂਵਾਲਾ ਜਦੀਦ, ਮੋਗਾ ਪਾਸ ਇਤਰਾਜ ਪੇਸ਼ ਕਰ ਸਕਦਾ ਹੈ।

➢ ਮੋਟਰ ਕੁਨੈਕਸ਼ਨ ਖਾਤਾ ਨੰ. ਏ.ਪੀ. 27/1196 ਰਕਬਾ ਪਿੰਡ ਤਲਵੰਡੀ ਮਲੀਆ ਵਿਖੇ ਜੋ ਕਿ ਪ੍ਰਿਤਪਾਲ ਸਿੰਘ ਪੁੱਤਰ ਨਿਰਮਲ ਸਿੰਘ ਵਾਸੀ ਪਿੰਡ ਜਗਰਾਉਂ ਜਿਲ੍ਹਾ ਲੁਧਿਆਣਾ ਦੇ ਨਾਮ ਤੇ ਚੱਲਦਾ ਹੈ ਨੂੰ ਹੁਣ ਲਖਵਿੰਦਰ ਸਿੰਘ ਪੁੱਤਰ ਜਰਨੈਲ ਸਿੰਘ ਵਾਸੀ ਲੁਧਿਆਣਾ ਨੇ ਆਪਣੇ ਨਾਮ ਤੇ ਕਰਵਾਉਣ ਹਿੱਤ ਬਿਨੈ ਪੱਤਰ ਦਿੱਤਾ ਹੈ। ਜੇਕਰ ਇਸ ਸਬੰਧੀ ਕਿਸੇ ਨੂੰ ਕੋਈ ਇਤਰਾਜ ਹੋਵੇ ਤਾਂ 7 ਦਿਨ੍ਹਾਂ ਦੇ ਅੰਦਰ-ਅੰਦਰ ਐਸ.ਡੀ.ਓ. ਪੀ.ਐਸ.ਪੀ.ਸੀ.ਐਲ ਅਜੀਤਵਾਲ ਪਾਸ ਇਤਰਾਜ ਪੇਸ਼ ਕਰ ਸਕਦਾ ਹੈ।

ਬੇਦਖ਼ਲੀ

➢ ਮੈਂ ਜਸਵਿੰਦਰ ਕੌਰ (ਅਧਾਰ ਨੰ: 7346-2076-7881) ਪਤਨੀ ਗੁਰਜੰਟ ਸਿੰਘ, ਵਾਸੀ ਵਾਰਡ, ਤਹਿਸੀਲ ਬਾਘਾਪੁਰਾਣਾ, ਜਿਲ੍ਹਾ ਮੋਗਾ ਬਿਆਨ ਕਰਦੀ ਹਾਂ ਕਿ ਮੇਰੀ ਲੜਕੀ ਮਨਦੀਪ ਕੌਰ ਜੋ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਆਪਣੀ ਲੜਕੀ ਮਨਦੀਪ ਕੌਰ ਨੂੰ ਆਪਣੀ ਚੱਲ ਅਤੇ ਅਚੱਲ ਜਮੀਨ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ। ਸਬੰਧਤ ਨੋਟ ਕਰਨ।

➢ ਮੈਂ ਨੀਲਮ ਕੁਮਾਰੀ ਪਤਨੀ ਅਸ਼ੋਕ ਕੁਮਾਰ ਵਾਸੀ ਕ੍ਰਿਸ਼ਨਾ ਨਗਰ, ਹੁਸ਼ਿਆਰਪੁਰ ਨੇ ਆਪਣੇ ਪੁੱਤਰ ਵਰੁਣ ਕੁਮਾਰ, ਉਸਦੀ ਪਤਨੀ ਨੀਤੀ ਸ਼ੁਕਲਾ ਅਤੇ ਇਨ੍ਹਾਂ ਦੇ ਬੱਚੇ ਵਿਵਾਨ, ਵਿਰਾਟ, ਸਿਵਾਂਸ਼ ਨੂੰ ਆਪਣੀ ਚੱਲ ਅਤੇ ਅੱਚਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ ਕਿਉਂਕਿ ਉਹ ਮੇਰੇ ਕਹਿਣੇ ਤੋਂ ਬਾਹਰ ਹਨ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

➢ ਮੈਂ ਰਮਨ ਕੁਮਾਰ ਪੁੱਤਰ ਰਮੇਸ਼ ਕੁਮਾਰ ਵਾਸੀ ਕਾਲਾ ਰਾਮ ਵਾਲੀ ਗਲੀ, ਸੁਰਗਾਪੁਰੀ, ਕੋਟਕਪੂਰਾ ਜ਼ਿਲ੍ਹਾ ਫਰੀਦਕੋਟ ਨੇ ਆਪਣੇ ਲੜਕੇ ਕੁਨਾਲ ਕੱਕੜ ਨੂੰ ਕਹਿਣੇ ਤੋਂ ਬਾਹਰ ਹੋਣ ਕਰਕੇ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ, ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜਿੰਮੇਵਾਰ ਹੋਵੇਗਾ।

➢ **ਮੈਂ ਗੁਰਦੇਵ ਸਿੰਘ** ਪੁੱਤਰ ਅਜੀਤ ਸਿੰਘ ਵਾਸੀ ਵਾਰਡ ਨੰ. 08 ਮੱਲਾਂ ਵਾਲਾ ਸਬ ਤਹਿ: ਮੱਲਾ ਵਾਲਾ ਤਹਿ: ਜੀਰਾ ਜਿਲ੍ਹਾ ਫਿਰੋਜ਼ਪੁਰ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਰਜ਼ਨੀਸ਼ ਕੌਰ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ। ਮੇਰਾ ਜਾਂ ਮੇਰੇ ਪਰਿਵਾਰ ਦਾ ਕੋਈ ਵੀ ਤਾਲੁਕ ਵਾ ਵਾਸਤਾ ਨਹੀਂ ਹੋਵੇਗਾ।

➢ **ਮੈਂ ਸੁਲੱਖਣੀ** ਪਤਨੀ ਲੇਟ. ਦਰਸਨ ਲਾਲ ਵਾਸੀ ਪਿੰਡ: ਜੀਵਨਵਾਲ ਡਾਕ: ਬੱਬਰੀ ਤਹਿ ਤੇ ਜਿਲ੍ਹਾ ਗੁਰਦਾਸਪੁਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਰਕੇਸ ਕੁਮਾਰ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ। ਮੇਰਾ ਜਾਂ ਮੇਰੇ ਪਰਿਵਾਰ ਦਾ ਕੋਈ ਵੀ ਤਾਲੁਕ ਵਾ ਵਾਸਤਾ ਨਹੀਂ ਹੋਵੇਗਾ।

ਬਾ-ਅਦਾਲਤ ਪਰਮਜੀਤ ਸਿੰਘ ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਪਹਿਲਾ, ਪਠਾਨਕੋਟ।

[illegible]

ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਪਹਿਲਾ, ਨੂਰਪੁਰ ਬੇਦੀ

ਪੇਸ਼ੀ ਮਿਤੀ: 21/05/2026

[illegible] ਪੜਤਾਲ ਉਪਰੰਤ ਲਿਖਿਆ ਗਿਆ ਕਿ ਮਾਲ ਰਿਕਾਰਡ ਅਨੁਸਾਰ ਪ੍ਰਾਰਥੀ ਦਾ ਨਾਮ ਸ਼ੁਰੂ ਤੋਂ ਚਲਦਾ ਆ ਰਿਹਾ ਹੈ। ਇਸ ਸੰਬੰਧੀ ਪੰਜਾਬ ਸਰਕਾਰ ਮਾਲ, ਪੁਨਰਵਾਸ ਅਤੇ ਡਿਜਾਸਟਰ ਮੈਨੇਜਮੈਂਟ ਵਿਭਾਗ (ਭੌਂ ਮਾਲੀਆ ਸ਼ਾਖਾ) ਚੰਡੀਗੜ੍ਹ ਜੀ ਦੇ ਦਫਤਰ ਦੇ ਮੀਮੋ ਨੰਬਰ 25/78/2012-ਭ.ਮ.-2/12445-71 ਮਿਤੀ 26-07-2013 ਰਾਹੀਂ ਜਾਰੀ ਹਦਾਇਤਾਂ ਦੀ ਪਾਲਣਾ ਵਿੱਚ ਪਿੰਡ ਖੇੜੀ ਦੇ ਮਾਲ ਰਿਕਾਰਡ ਵਿੱਚ ਨਾਥ ਉਰਫ ਈਸ਼ਰ ਸਿੰਘ ਪੁੱਤਰ ਮਨਸ਼ਾ ਸਿੰਘ ਪੁੱਤਰ ਸਾਧੂ ਸਿੰਘ ਪਿੰਡ ਖੇੜੀ ਦੀ ਦਰੁਸਤੀ ਕਰਨ ਸੰਬੰਧੀ ਕਿਸੇ ਆਮ ਅਤੇ ਖਾਸ ਨੂੰ ਵੀ ਇਤਰਾਜ ਹੋਵੇ ਤਾਂ ਉਹ ਆਪਣੇ ਇਤਰਾਜ ਇਸ ਪਬਲਿਕ ਨੋਟਿਸ ਦੇ ਪ੍ਰਕਾਸ਼ਤ ਹੋਣ ਦੀ ਮਿਤੀ ਦੇ 15 ਦਿਨਾਂ ਦੇ ਅੰਦਰ ਅੰਦਰ ਇਸ ਅਦਾਲਤ ਵਿਚ ਪੇਸ਼ ਕਰ ਸਕਦਾ ਹੈ। ਸਮਾਂ ਗੁਜ਼ਰਨ ਤੋਂ ਬਾਅਦ ਕਿਸੇ ਦੇ ਵੀ ਇਤਰਾਜ ਤੇ ਕੋਈ ਗੌਰ ਨਹੀਂ ਕੀਤਾ ਜਾਵੇਗਾ।

ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਪਹਿਲਾ,
ਨੂਰਪੁਰ ਬੇਦੀ।

ਨਾਮ ਬਦਲੀ

➢ I Harminder Singh S/O Piara Ram VPO Talwandi Fattu Tehsil Banga District S.B.S Nagar Changed My Name Harminder Singh To Singh Harminder Please Note.

➢ I, Amrik Singh S/o Chatar Singh R/o Vill: Gulelra Po. Pianpur Distt. Gurdaspur, Pb, India, declare that my given name as Amrik and my surname as Singh.

➢ I, Sumanlata W/o Jagseer Singh Sandhu R/o Kothi Dhaliwal Ke Rode Po. Guru Teg Bahadur Garh Distt. Moga Punjab-142049 have changed my name to Sumanlata Sandhu.

ਆਮ ਸੂਚਨਾ

➢ ਮੈਂ ਲਖਵੀਰ ਸਿੰਘ ਪੁੱਤਰ ਜਸਵੰਤ ਸਿੰਘ ਵਾਸੀ ਪਿੰਡ: ਬਿਸ਼ਨ ਪੁਰ ਛੰਨਾ ਡਾਕ: ਰਣਬੀਰਪੁਰਾ ਜਿਲ੍ਹਾ ਪਟਿਆਲਾ ਨੇ ਆਪਣਾ ਨਾਮ ਬਦਲ ਕੇ ਮਨਪਾਲ ਸਿੰਘ ਰੱਖ ਲਿਆ ਹੈ। ਲਖਵੀਰ ਸਿੰਘ ਦਾ ਜੋ ਵੀ ਪੁਰਾਣਾ (ਰਿਕਾਰਡ) ਪੇਪਰ ਵਰਕ ਹੋਵੇ, ਉਹ ਸਾਰਾ ਮਨਪਾਲ ਸਿੰਘ ਨਾਮ ਕਿਤਾ ਜਾਵੇ।

➢ I, Amarjit Kaur W/o Kashmir Singh Duggal R/o Mohalla Nai Abadi Nawanshahr declare that my other documents my husband name wrongly entered Kashmir Singh. But my husband correct name is Kashmir Singh Duggal. So amended my husband name from Kashmir Singh to Kashmir Singh Duggal my other documents.

ਨਾਮ ਬਦਲੀ

➢ ਮੈਂ ਰਾਜ ਕੁਮਾਰ ਪੁੱਤਰ ਸੰਤ ਰਾਮ ਵਾਸੀ ਲਾਜਪਤ ਨਗਰ, ਗਲੀ ਨੰ. 2, ਬੈਕ ਸਾਈਡ ਅਗਰਵਾਲ ਧਰਮਸ਼ਾਲਾ, ਕੋਟਕਪੂਰਾ (ਫ਼ਰੀਦਕੋਟ) ਨੇ ਆਪਣਾ ਨਾਮ ਬਦਲ ਕੇ ਰਾਜ ਕੁਮਾਰ ਮੰਗਲ ਰੱਖ ਲਿਆ ਹੈ।

➢ I, Kashmir Singh S/o Partapa Ram R/o Mohalla Nai Abadi Nawanshahr have changed my name as Kashmir Singh Duggal.

➢ I, Daljinder Singh S/o Dilbag Singh R/o Vill-Mirpur Jattan, Teh-Nawanshahr, Distt. SBS Nagar, Punjab have changed my name Daljinder Singh to Singh Daljinder.

➢ I, Mehakdeep Singh S/o Bikram Singh R/o Vill: Karnama Po. Dhadiala Nazara Teh-Batala, Gurdaspur Pin-143505, Pb, India, declare that my given name as Mehakdeep and my surname as Singh.

➢ I Resham Kaur W/O Avter Singh R/O Village Sikanderpur Po Bagwain Tehsil Garhshankar Distt Hoshiarpur Pb Have Changed Name From Reshmo Kaur To Resham Kaur.

➢ I Darshan Singh Dhir S/o Surjit Singh R/o W.No. 20, St.No.2, Near Mai Janki Gurudwara, Guru Arjun Dev Nagar Moga Punjab India have changed my name Darshan Singh to Darshan Singh Dhir. Please all concerned note.

ਨਾਮ ਬਦਲੀ

➢ ਮੈਂ ਭੁਪਿੰਦਰ ਸਿੰਘ ਪੁੱਤਰ ਸੇਵਾ ਸਿੰਘ ਵਾਸੀ ਪਿੰਡ ਮਾਣਕੀ ਤਹਿ: ਸਮਰਾਲਾ ਜ਼ਿਲ੍ਹਾ ਲੁਧਿਆਣਾ ਨੇ ਆਪਣਾ ਨਾਮ ਬਦਲ ਕੇ ਭੁਪਿੰਦਰ ਸਿੰਘ ਬਾਠ ਰੱਖ ਲਿਆ ਹੈ।

➢ ਮੈਂ ਹਰਜੀਤ ਸਿੰਘ ਹੁੰਦਲ ਪੁੱਤਰ ਜਸਪਾਲ ਸਿੰਘ ਵਾਸੀ ਪਿੰਡ ਚੁਬਕ ਵਿੰਡ (ਫਿਰੋਜ਼ਪੁਰ) ਨੇ ਆਪਣਾ ਨਾਮ ਬਦਲ ਕੇ ਹਰਜੀਤ ਸਿੰਘ ਰੱਖ ਲਿਆ ਹੈ।

➢ ਮੈਂ ਗੁਰਸੇਵਕ ਪੁੱਤਰ ਯਸ਼ਪਾਲ ਵਾਸੀ ਮੁਬਾਰਕ ਪੁਰ ਸ਼ੇਖੇ ਪਿੰਡ ਜ਼ਿਲ੍ਹਾ ਜਲੰਧਰ ਨੇ ਆਪਣਾ ਨਾਮ ਬਦਲ ਕੇ ਗੁਰਸੇਵਕ ਸਿੰਘ ਰੱਖ ਲਿਆ ਹੈ।

➢ ਮੈਂ ਅਮਨਦੀਪ ਪਤਨੀ ਯਸ਼ਪਾਲ ਵਾਸੀ ਮੁਬਾਰਕ ਪੁਰ ਸ਼ੇਖੇ ਪਿੰਡ ਜ਼ਿਲ੍ਹਾ ਜਲੰਧਰ ਨੇ ਆਪਣਾ ਨਾਮ ਬਦਲ ਕੇ ਅਮਨਦੀਪ ਕੌਰ ਰੱਖ ਲਿਆ ਹੈ।

➢ ਮੈਂ ਸੰਜੀਵ ਬਸੀ ਪੁੱਤਰ ਕੇਵਲ ਚੰਦਰ ਬਸੀ ਵਾਸੀ 3 ਫੇਰੰਡਸ ਕਲੋਨੀ ਮਾਡਲ ਗ੍ਰਾਮ ਲੁਧਿਆਣਾ ਨੇ ਆਪਣਾ ਨਾਮ ਬਦਲ ਕੇ ਸੰਜੀਵ ਕੁਮਾਰ ਬਸੀ ਰੱਖ ਲਿਆ ਹੈ।

➢ ਮੈਂ ਬਖਸ਼ੋ ਦੇਵੀ ਪਤਨੀ ਜਗਦੀਸ਼ ਰਾਮ ਵਾਸੀ ਪਿੰਡ ਅਤੇ ਡਾਕ ਮਾਲੋਵਾਲ ਤਹਿ-ਨਵਾਂਸ਼ਹਿਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨੇ ਆਪਣਾ ਨਾਮ ਬਦਲ ਕੇ ਗੁਰਬਖਸ਼ ਕੌਰ ਰੱਖ ਲਿਆ ਹੈ।

➢ ਮੈਂ ਸ਼ਾਮ ਸੁੰਦਰ ਬਿਰਲਾ ਪੁੱਤਰ ਰਾਮ ਲੁਭਾਇਆ ਵਾਸੀ ਮਕਾਨ ਨੰ. 13 ਬੈਂਕ ਸਟੇਟ ਫੇਸ ਨੰਬਰ ਜੀਰਾ ਜ਼ਿਲ੍ਹਾ ਫਿਰੋਜ਼ਪੁਰ ਨੇ ਆਪਣਾ ਨਾਮ ਬਦਲ ਕੇ ਸ਼ਾਮ ਸੁੰਦਰ ਰੱਖ ਲਿਆ ਹੈ।

➢ ਮੈਂ ਸੁਖਵਿੰਦਰ ਸਿੰਘ ਪੁੱਤਰ ਬਲਦੇਵ ਸਿੰਘ ਵਾਸੀ ਪਿੰਡ ਬੁੱਢੀਮੱਲ, ਜ਼ਿਲ੍ਹਾ ਸ਼੍ਰੀ ਮੁਕਤਸਰ ਸਾਹਿਬ ਨੇ ਆਪਣੇ ਨਾਬਾਲਗ ਲੜਕੇ ਗਗਨਦੀਪ ਸਿੰਘ ਦਾ ਨਾਮ ਬਦਲ ਕੇ ਗਗਨਦੀਪ ਸਿੰਘ ਗਿੱਲ ਰੱਖ ਲਿਆ ਹੈ।

➢ ਮੈਂ ਸੁਖਵਿੰਦਰ ਸਿੰਘ ਪੁੱਤਰ ਬਲਦੇਵ ਸਿੰਘ ਵਾਸੀ ਪਿੰਡ ਬੁੱਢੀਮੱਲ, ਜ਼ਿਲ੍ਹਾ ਸ਼੍ਰੀ ਮੁਕਤਸਰ ਸਾਹਿਬ ਨੇ ਆਪਣੇ ਨਾਬਾਲਗ ਲੜਕੇ ਗੁਰਕਮਲ ਸਿੰਘ ਦਾ ਨਾਮ ਬਦਲ ਕੇ ਗੁਰਕਮਲ ਸਿੰਘ ਗਿੱਲ ਰੱਖ ਲਿਆ ਹੈ।

ਉੱਤਰ ਰੇਲਵੇ

ਈ-ਨੀਲਾਮੀ ਸੂਚਨਾ

ਸੀਨੀਅਰ ਮੰਡਲ ਵਣਜ ਪ੍ਰਬੰਧਕ, ਉੱਤਰ ਰੇਲਵੇ, ਅੰਬਾਲਾ ਛਾਉਣੀ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਅਤੇ ਉਨ੍ਹਾਂ ਦੇ ਲਈ ਉੱਤਰ ਰੇਲਵੇ ਅੰਬਾਲਾ ਮੰਡਲ ਦੇ ਰੇਲਵੇ ਸਟੇਸ਼ਨਾਂ ਉਤੇ ਅਨੁਬੰਧਾਂ ਦੇ ਅਲਾਟਮੈਂਟ ਦੇ ਲਈ IREPS ਵੈੱਬਸਾਈਟ ਉਤੇ ਈ-ਆਕਸ਼ਨ ਦੇ ਦੁਆਰਾ ਈ-ਬੋਲੀਆਂ ਮੰਗ ਕਰਦੇ ਹਨ।

S N	Lot No	Description	Auction Start Date time
1	ADVT-Int-250749-2-26-1	ਟ੍ਰੇਨ ਨੰਬਰ 20493/94 (CDG-MDU-CDG) ਵਿਚ ਟ੍ਰੇਨ ਕੋਚਾਂ ਦੇ ਅੰਤਰਿਕ ਭਾਗ ਵਿਚ ਡਿਸਪਲੇ ਬੋਰਡਾਂ ਦਾ ਉਪਯੋਗ ਕਰਕੇ ਵਾਣਿਜਕ ਵਿਗਿਆਪਨ ਜਗ੍ਹਾ (ਵਿਗਿਆਪਨ ਦੇ ਲਈ ਕੋਚ ਸੰਰਚਨਾ ਅਤੇ ਆਯਾਮ ਦੇ ਅਨੁਸਾਰ)	01.06.2026 12.00.00 hrs
2	ADVT-Int-135985-5-26-1	ਟ੍ਰੇਨ ਨੰਬਰ 12449/50 (CDG-MAO-CDG) ਵਿਚ ਟ੍ਰੇਨ ਕੋਚਾਂ ਦੇ ਅੰਤਰਿਕ ਭਾਗ ਵਿਚ ਡਿਸਪਲੇ ਬੋਰਡਾਂ ਦਾ ਉਪਯੋਗ ਕਰਕੇ ਵਾਣਿਜਕ ਵਿਗਿਆਪਨ ਜਗ੍ਹਾ (ਵਿਗਿਆਪਨ ਦੇ ਲਈ ਕੋਚ ਸੰਰਚਨਾ ਅਤੇ ਆਯਾਮ ਦੇ ਅਨੁਸਾਰ)	01.06.2026 12.00.00 hrs
3	PMBJK-UMB-KLK-PMBJK-3-26-1	ਕਾਲਕਾ ਰੇਲਵੇ ਸਟੇਸ਼ਨ ਉਤੇ 24.75 ਵਰਗ ਮੀਟਰ ਖੇਤਰ ਵਿਚ ਪ੍ਰਧਾਨਮੰਤਰੀ ਭਾਰਤੀਯ ਜਨਔਸ਼ਧੀ ਕੇਂਦਰ (PMBJK) ਦਾ ਪ੍ਰਾਵਧਾਨ।	01.06.2026 15.00.00 hrs

ਨੀਲਾਮੀ ਲੀਜਿੰਗ ਮੰਗ ਸੂਚਨਾ, ਨੀਲਾਮੀ ਪ੍ਰਪੱਤਰ ਇਕ ਵਾਰ ਰਜਿਸਟਰੈਸ਼ਨ ਤੇ ਜ਼ਿਆਦਾ ਜਾਣਕਾਰੀ ਲਈ, ਰੇਲਵੇ ਵੇਬਸਾਈਟ www.ireps.gov.in ਉਤੇ ਜਾਏ।

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 1715/26

ਉੱਤਰ ਰੇਲਵੇ

Tender Notice

Sr. Divisional Materials Manager, Northern Railways Ambala Cant-133001 for and behalf of the president of India invites tender through E-Procurement System **(www.ireps.gov.in)** for the supply of the below item.

S N.	Tender No.	Description	Qty	Tender Closing date & Time	EMD (Rs)
1	98265301	ਏਆਰਆਰਵੀ ਏਐਮਐਫ ਦੇ ਲਈ ਹਾਈਡ੍ਰੋਲਿਕ ਰੀ-ਰੇਲਿੰਗ ਉਪਕਰਣ (HRE) ਦਾ ਡਿਜਾਇਨ, ਨਿਰਮਾਣ, ਆਪੂਰਤੀ, ਸਥਾਪਨਾ ਅਤੇ ਕਮੀਸ਼ਨਿੰਗ, ਖੰਡ IV ਦੇ ਖੰਡ 4.2 ਦੇ ਅਨੁਸਾਰ ਅਤੇ ਸਮਾਨਯ ਸੰਚਾਲਨ ਅਤੇ ਰੱਖ-ਰੱਖਾਵ ਦੇ ਲਈ ਦੋ ਸਾਲ ਦੇ ਸਪੇਯਰ ਪਾਰਟਸ, ਖੰਡ V ਦੇ ਖੰਡ 3.0 ਦੇ ਅਨੁਸਾਰ, ਤਕਨੀਕੀ ਵਿਨਿਰਦੇਸ਼ ਨੰਬਰ RDSO ਵਿਨਿਰਦੇਸ਼ ਨੰਬਰ CR/IR/HRE/2003 ਦੇ ਅਨੁਰੂਪ। ਟੈਂਡਰ ਦੀ ਮਹੱਤਵਪੂਰਣ ਵਿਸ਼ੇਸ਼ਤਾਵਾਂ, ਤਕਨੀਕੀ ਵਿਨਿਰਦੇਸ਼ ਅਤੇ ਪ੍ਰਾਰੂਪ ਅਤੇ ਚਿੱਤਰ, ਅਰਥਾਤ ਖੰਡ IV, V ਅਤੇ VI (ਵਾਰੰਟੀ ਸਮਾਂ : ਡਿਲੀਵਰੀ ਦੀ ਮਿਤੀ ਤੋਂ 24 ਮਹੀਨੇ) (ਨਿਰਖੀਸ਼ਣ ਏਜੰਸੀ: ਟੀਪੀਆਈ, ਚਰਣ ਨਿਰੀਖਸ਼ਣ: ਹਾਂ, ਚਰਣ: 2)	02 set	22.06.2026 ਅਤੇ 11.00 hrs	391350
2		HRE ਆਫ ART/UMB ਦਾ ਪੂਰਾ ਸਲਾਨਾ ਰੱਖ-ਰੱਖਾਵ ਅਨੁਬੰਧ (CAMC)। ਸੀਏਐਮਸੀ ਵਿਚ ਆਵਧਿਕ ਸਰਵਿਸਿੰਗ, ਰੱਖ-ਰੱਖਾਵ, ਮੁਰੰਮਤ ਸ਼ਾਮਿਲ ਹੋਵੇਗੀ, ਜਿਸ ਵਿਚ ਸਪੇਯਰ ਪਾਰਟਸ, ਸਾਮਗਰੀ, ਉਪਭੋਗਯ ਵਸਤੂਆਂ ਅਤੇ ਸ਼ਰਮ ਲਾਗਤ ਸ਼ਾਮਿਲ ਹੈ। ਇਹ ਅਨੁਬੰਧ ਪੰਜ ਸਾਲਾਂ ਦੇ ਲਈ ਵੈਧ ਹੈ (ਡੀਜ਼ਲ/ਈਧਨ, ਚਿਕਨਾਈ ਵਾਲਾ ਤੇਲ ਜਾਂ ਸ਼ੀਤਲਕ ਨੂੰ ਛੱਡਕੇ)। ਸੀਏਐਮਸੀ 24 ਮਹੀਨੇ ਦੀ ਵਾਰੰਟੀ ਸਮੇਂ ਪੂਰੀ ਹੋਣ ਦੇ ਬਾਦ ਸ਼ੁਰੂ ਹੋਵੇਗਾ।	01 Nos		
3		HRE ਆਫ ART/BTI ਦਾ ਪੂਰਾ ਸਲਾਨਾ ਰੱਖ-ਰੱਖਾਵ ਅਨੁਬੰਧ (CAMC)। ਸੀਏਐਮਸੀ ਵਿਚ ਆਵਧਿਕ ਸਰਵਿਸਿੰਗ, ਰੱਖ-ਰੱਖਾਵ, ਮੁਰੰਮਤ ਸ਼ਾਮਿਲ ਹੋਵੇਗੀ, ਜਿਸ ਵਿਚ ਸਪੇਯਰ ਪਾਰਟਸ, ਸਾਮਗਰੀ, ਉਪਭੋਗਯ ਵਸਤੂਆਂ ਅਤੇ ਸ਼ਰਮ ਲਾਗਤ ਸ਼ਾਮਿਲ ਹੈ। ਇਹ ਅਨੁਬੰਧ ਪੰਜ ਸਾਲਾਂ ਦੇ ਲਈ ਵੈਧ ਹੈ (ਡੀਜ਼ਲ/ਈਧਨ, ਚਿਕਨਾਈ ਵਾਲਾ ਤੇਲ ਜਾਂ ਸ਼ੀਤਲਕ ਨੂੰ ਛੱਡਕੇ)। ਸੀਏਐਮਸੀ 24 ਮਹੀਨੇ ਦੀ ਵਾਰੰਟੀ ਸਮੇਂ ਪੂਰੀ ਹੋਣ ਦੇ ਬਾਦ ਸ਼ੁਰੂ ਹੋਵੇਗਾ।	01 Nos		

Note: 1) Vendors may visit the IREPS website i.e. www.ireps.gov.in for details. 2) No manual offer will be entertained.
No. 98265301 Date: 20.05.2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 1702/26

ਚੰਡੀਗੜ੍ਹ ਹਾਊਸਿੰਗ ਬੋਰਡ

(ਚੰਡੀਗੜ੍ਹ ਪ੍ਰਸ਼ਾਸ਼ਨ ਅਧੀਨ ਇਕ ਅਦਾਰਾ)
8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ



ਪਬਲਿਕ ਨੋਟਿਸ

ਸਨਮੁਖ ਸਕੱਤਰ, ਸੀਐਚਬੀ, ਅਸਟੇਟ ਅਫਸਰ ਦੀਆਂ ਸ਼ਕਤੀਆਂ ਦੀ ਵਰਤੋਂ ਕਰਦਿਆ, ਯੂਟੀ, ਚੰਡੀਗੜ੍ਹ

ਵਿਸ਼ਾ:- ਰਿਹਾਇਸ਼ੀ ਯੂਨਿਟ **ਨੰਬਰ 5411-3** ਸ਼੍ਰੇਣੀ-HIG-I ਵਿਚ ਐਮਐਚਸੀ, ਮਨੀਮਾਜਰਾ, ਚੰਡੀਗੜ੍ਹ ਦੇ ਅਲਾਟਮੈਂਟ/ਰਜਿਸਟ੍ਰੇਸ਼ਨ ਦੀ ਤਬਾਦਲੀ ਦੇ ਆਧਾਰ 'ਤੇ ਅਲਾਟੀ/ਟ੍ਰਾਂਸਫਰੀ **ਲੈਫਟੀਨੈਂਟ ਕਰਨਲ ਜਨਕ ਸਿੰਘ ਸੂਦਾਂ ਪੁੱਤਰ ਸ੍ਰੀ ਹਰਦਿਤ ਸਿੰਘ ਸੂਦਾਂ** ਦੇ ਬੇਵਸੀ ਦੇਹਾਂਤ ਤੋਂ ਬਾਅਦ (i) **ਸ੍ਰੀਮਤੀ ਚੰਮਪੱਕ ਕੌਰ ਸੂਦਾਂ ਪਤਨੀ ਸਵਰਗੀ ਲੈਫਟੀਨੈਂਟ ਕਰਨਲ ਜਨਕ ਸਿੰਘ ਸੂਦਾਂ**, (ii) **ਐਮਐਸ ਮਨਪ੍ਰੀਤ ਕੌਰ ਸੂਦਾਂ ਪੁੱਤਰੀ ਸਵਰਗੀ ਲੈਫਟੀਨੈਂਟ ਕਰਨਲ ਜਨਕ ਸਿੰਘ ਸੂਦਾਂ ਅਤੇ** (iii) **ਸ੍ਰੀ ਰਮਨਦੀਪ ਸਿੰਘ ਸੂਦਾਂ ਪੁੱਤਰ ਸਵਰਗੀ ਲੈਫਟੀਨੈਂਟ ਕਰਨਲ ਜਨਕ ਸਿੰਘ ਸੂਦਾਂ** ਦੇ ਨਾਮ 'ਤੇ ਤਬਦੀਲ ਕਰਨ ਸਬੰਧੀ।

ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਸੂਚਿਤ ਕੀਤਾ ਜਾਂਦਾ ਹੈ ਕਿ ਰਿਹਾਇਸ਼ੀ ਯੂਨਿਟ **ਨੰਬਰ** 5411-3 ਸ਼੍ਰੇਣੀ-HIG-I ਵਿਚ ਐਮਐਚਸੀ, ਮਨੀਮਾਜਰਾ ਚੰਡੀਗੜ੍ਹ ਦੇ ਮਾਲਕ **ਲੈਫਟੀਨੈਂਟ ਕਰਨਲ ਜਨਕ ਸਿੰਘ ਸੂਦਾਂ ਪੁੱਤਰ ਸ੍ਰੀ ਹਰਦਿਤ ਸਿੰਘ ਸੂਦਾਂ** ਦੀ ਮੌਤ **27.04.2026 ਨੂੰ ਚੰਡੀਮੰਦਰ,ਪੰਚਕੂਲਾ (ਹਰਿਆਣਾ)** ਵਿਖੇ ਹੋਈ ਸੀ ਜਿਵੇਂ ਕਿ ਉਨ੍ਹਾਂ ਦੇ ਕਾਨੂੰਨੀ ਵਾਰਸਾਂ ਦੁਆਰਾ ਸੂਚਿਤ ਕੀਤਾ ਗਿਆ ਸੀ। (i) **ਸ੍ਰੀਮਤੀ ਚੰਮਪੱਕ ਕੌਰ ਸੂਦਾਂ ਪਤਨੀ ਸਵਰਗੀ ਲੈਫਟੀਨੈਂਟ ਕਰਨਲ ਜਨਕ ਸਿੰਘ ਸੂਦਾਂ**, (ii) **ਐਮਐਸ ਮਨਪ੍ਰੀਤ ਕੌਰ ਸੂਦਾਂ ਪੁੱਤਰੀ ਸਵਰਗੀ ਲੈਫਟੀਨੈਂਟ ਕਰਨਲ ਜਨਕ ਸਿੰਘ ਸੂਦਾਂ ਅਤੇ** (iii) **ਸ੍ਰੀ ਰਮਨਦੀਪ ਸਿੰਘ ਸੂਦਾਂ ਪੁੱਤਰ ਸਵਰਗੀ ਲੈਫਟੀਨੈਂਟ ਕਰਨਲ ਜਨਕ ਸਿੰਘ ਸੂਦਾਂ** ਨੇ ਐਮਐਚਸੀ, ਮਨੀਮਾਜਰਾ, ਚੰਡੀਗੜ੍ਹ ਵਿੱਚ ਸ਼੍ਰੇਣੀ-HIG-I ਦੇ ਰਿਹਾਇਸ਼ੀ ਯੂਨਿਟ **ਨੰਬਰ** 5411-3 ਦੀ ਮਾਲਕੀ ਨੂੰ **ਲੈਫਟੀਨੈਂਟ ਕਰਨਲ ਜਨਕ ਸਿੰਘ ਸੂਦਾਂ ਪੁੱਤਰ ਸ੍ਰੀ ਹਰਦਿਤ ਸਿੰਘ ਸੂਦਾਂ** ਦੀ ਬੇਵਸੀ ਮੌਤ ਦੇ ਆਧਾਰ 'ਤੇ ਉਨ੍ਹਾਂ ਦੇ ਨਾਮ 'ਤੇ ਤਬਦੀਲ ਕਰਨ ਦੀ ਬੇਨਤੀ ਕੀਤੀ ਹੈ। ਉਨ੍ਹਾਂ ਨੇ ਅੱਗੇ ਕਿਹਾ ਹੈ ਕਿ ਕੋਈ ਹੋਰ ਕਾਨੂੰਨੀ ਵਾਰਸ ਨਹੀਂ ਛੱਡਿਆ ਗਿਆ ਹੈ।

ਜੇਕਰ ਕਿਸੇ ਨੂੰ ਰਿਹਾਇਸ਼ੀ ਇਕਾਈ ਵਿੱਚ ਦਾਅਵੇ/ਹੱਕ/ਹਿੱਤ ਬਾਰੇ ਕੋਈ ਇਤਰਾਜ਼ ਹੈ ਜੋ ਕਿ ਚੰਡੀਗੜ੍ਹ ਹਾਊਸਿੰਗ ਬੋਰਡ ਦੁਆਰਾ (i) **ਸ੍ਰੀਮਤੀ ਚੰਮਪੱਕ ਕੌਰ ਸੂਦਾਂ (ਪਤਨੀ) ਅਤੇ** (ii) **ਐਮਐਸ ਮਨਪ੍ਰੀਤ ਕੌਰ ਸੂਦਾਂ (ਪੁੱਤਰੀ) ਅਤੇ** (iii) **ਸ੍ਰੀ ਰਮਨਦੀਪ ਸਿੰਘ ਸੂਦਾਂ (ਪੁੱਤਰ)** ਦੇ ਹੱਕ ਵਿੱਚ ਤਬਦੀਲ ਕਰਨ ਦੀ ਤਜਵੀਜ਼ ਹੈ, ਤਾਂ ਉਹ ਇਸ ਨੋਟਿਸ ਦੇ ਪ੍ਰਕਾਸ਼ਨ ਦੇ 21 ਦਿਨਾਂ ਦੇ ਅੰਦਰ ਲਿਖਤੀ ਰੂਪ ਵਿੱਚ ਹੇਠ ਹਸਤਾਖਰ ਕਰਨ ਵਾਲੇ ਨੂੰ ਇਤਰਾਜ਼ ਜਮ੍ਹਾਂ ਕਰਵਾ ਸਕਦਾ ਹੈ, ਨਹੀਂ ਤਾਂ ਉਕਤ ਰਿਹਾਇਸ਼ੀ ਇਕਾਈ ਦੀ ਰਜਿਸਟ੍ਰੇਸ਼ਨ ਅਤੇ ਅਲਾਟਮੈਂਟ ਉਪਰੋਕਤ ਦਾਅਵੇਦਾਰ ਦੇ ਹੱਕ ਵਿੱਚ ਤਬਦੀਲ ਕਰ ਦਿੱਤੀ ਜਾਵੇਗੀ।

ਚੰਡੀਗੜ੍ਹ ਹਾਊਸਿੰਗ ਬੋਰਡ

(ਚੰਡੀਗੜ੍ਹ ਪ੍ਰਸ਼ਾਸ਼ਨ ਅਧੀਨ ਇਕ ਅਦਾਰਾ)
8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ

ਪਬਲਿਕ ਨੋਟਿਸ

ਸਨਮੁਖ ਸਕੱਤਰ, ਸੀਐਚਬੀ, ਅਸਟੇਟ ਅਫਸਰ ਦੀਆਂ ਸ਼ਕਤੀਆਂ ਦੀ ਵਰਤੋਂ ਕਰਦਿਆ, ਯੂਟੀ, ਚੰਡੀਗੜ੍ਹ

ਵਿਸ਼ਾ:- ਰਿਹਾਇਸ਼ੀ ਯੂਨਿਟ **ਨੰਬਰ 58-ਏ** ਸ਼੍ਰੇਣੀ-MIG-II ਵਿਚ ਸੈਕਟਰ 51-ਏ, ਚੰਡੀਗੜ੍ਹ ਦੇ ਅਲਾਟਮੈਂਟ/ਰਜਿਸਟ੍ਰੇਸ਼ਨ ਦੀ ਤਬਾਦਲੀ ਦੇ ਆਧਾਰ 'ਤੇ ਅਲਾਟੀ/ਟ੍ਰਾਂਸਫਰੀ **ਸ੍ਰੀ ਮਿਲਖੀ ਰਾਮ ਰਾਜਪੂਤ ਪੁੱਤਰ ਸ੍ਰੀ ਨਿਕਾ ਰਾਮ** ਦੇ ਬੇਵਸੀ ਦੇਹਾਂਤ ਤੋਂ ਬਾਅਦ (i) **ਸ੍ਰੀ ਦਿਨੇਸ਼ ਮਨਹਾਸ ਪੁੱਤਰ ਸਵਰਗੀ ਸ੍ਰੀ ਮਿਲਖੀ ਰਾਮ ਰਾਜਪੂਤ, ਅਤੇ** (ii) **ਸ੍ਰੀਮਤੀ ਸ਼ਿਵਾਨੀ ਰਾਣਾ ਪੁੱਤਰੀ ਸਵਰਗੀ ਸ੍ਰੀ ਮਿਲਖੀ ਰਾਮ ਰਾਜਪੂਤ ਪਤਨੀ ਸ੍ਰੀ ਅਨਿਲ ਕੁਮਾਰ ਰਾਣਾ** ਦੇ ਨਾਮ 'ਤੇ ਤਬਦੀਲ ਕਰਨ ਸਬੰਧੀ।

ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਸੂਚਿਤ ਕੀਤਾ ਜਾਂਦਾ ਹੈ ਕਿ ਰਿਹਾਇਸ਼ੀ ਯੂਨਿਟ **ਨੰਬਰ** 58-ਏ ਸ਼੍ਰੇਣੀ-MIG-II ਵਿਚ ਸੈਕਟਰ 51-ਏ, ਚੰਡੀਗੜ੍ਹ ਦੇ ਮਾਲਕ **ਸ੍ਰੀ ਮਿਲਖੀ ਰਾਮ ਰਾਜਪੂਤ ਪੁੱਤਰ ਸ੍ਰੀ ਨਿਕਾ ਰਾਮ** ਦੀ ਮੌਤ **14.01.2026 ਨੂੰ ਚੰਡੀਗੜ੍ਹ** ਵਿਖੇ ਹੋਈ ਸੀ ਜਿਵੇਂ ਕਿ ਉਨ੍ਹਾਂ ਦੇ ਕਾਨੂੰਨੀ ਵਾਰਸਾਂ ਦੁਆਰਾ ਸੂਚਿਤ ਕੀਤਾ ਗਿਆ ਸੀ। (i) **ਸ੍ਰੀ ਦਿਨੇਸ਼ ਮਨਹਾਸ ਪੁੱਤਰ ਸਵਰਗੀ ਸ੍ਰੀ ਮਿਲਖੀ ਰਾਮ ਰਾਜਪੂਤ, ਅਤੇ** (ii) **ਸ੍ਰੀਮਤੀ ਸ਼ਿਵਾਨੀ ਰਾਣਾ ਪੁੱਤਰੀ ਸਵਰਗੀ ਸ੍ਰੀ ਮਿਲਖੀ ਰਾਮ ਰਾਜਪੂਤ ਪਤਨੀ ਸ੍ਰੀ ਅਨਿਲ ਕੁਮਾਰ ਰਾਣਾ** ਨੇ ਸੈਕਟਰ 51-ਏ, ਚੰਡੀਗੜ੍ਹ ਵਿੱਚ ਸ਼੍ਰੇਣੀ-MIG-II ਦੇ ਰਿਹਾਇਸ਼ੀ ਯੂਨਿਟ **ਨੰਬਰ 58-ਏ** ਦੀ ਮਾਲਕੀ ਨੂੰ **ਸ੍ਰੀ ਮਿਲਖੀ ਰਾਮ ਰਾਜਪੂਤ ਪੁੱਤਰ ਸ੍ਰੀ ਨਿਕਾ ਰਾਮ** ਦੀ ਬੇਵਸੀ ਮੌਤ ਦੇ ਆਧਾਰ 'ਤੇ ਉਨ੍ਹਾਂ ਦੇ ਨਾਮ 'ਤੇ ਤਬਦੀਲ ਕਰਨ ਦੀ ਬੇਨਤੀ ਕੀਤੀ ਹੈ। ਉਨ੍ਹਾਂ ਨੇ ਅੱਗੇ ਕਿਹਾ ਹੈ ਕਿ ਕੋਈ ਹੋਰ ਕਾਨੂੰਨੀ ਵਾਰਸ ਨਹੀਂ ਛੱਡਿਆ ਗਿਆ ਹੈ।

ਜੇਕਰ ਕਿਸੇ ਨੂੰ ਰਿਹਾਇਸ਼ੀ ਇਕਾਈ ਵਿੱਚ ਦਾਅਵੇ/ਹੱਕ/ਹਿੱਤ ਬਾਰੇ ਕੋਈ ਇਤਰਾਜ਼ ਹੈ ਜੋ ਕਿ ਚੰਡੀਗੜ੍ਹ ਹਾਊਸਿੰਗ ਬੋਰਡ ਦੁਆਰਾ (i) **ਸ੍ਰੀ ਦਿਨੇਸ਼ ਮਨਹਾਸ (ਪੁੱਤਰ) ਅਤੇ** (ii) **ਸ੍ਰੀਮਤੀ ਸ਼ਿਵਾਨੀ ਰਾਣਾ (ਪੁੱਤਰੀ)** ਦੇ ਹੱਕ ਵਿੱਚ ਤਬਦੀਲ ਕਰਨ ਦੀ ਤਜਵੀਜ਼ ਹੈ, ਤਾਂ ਉਹ ਇਸ ਨੋਟਿਸ ਦੇ ਪ੍ਰਕਾਸ਼ਨ ਦੇ 21 ਦਿਨਾਂ ਦੇ ਅੰਦਰ ਲਿਖਤੀ ਰੂਪ ਵਿੱਚ ਹੇਠ ਹਸਤਾਖਰ ਕਰਨ ਵਾਲੇ ਨੂੰ ਇਤਰਾਜ਼ ਜਮ੍ਹਾਂ ਕਰਵਾ ਸਕਦਾ ਹੈ, ਨਹੀਂ ਤਾਂ ਉਕਤ ਰਿਹਾਇਸ਼ੀ ਇਕਾਈ ਦੀ ਰਜਿਸਟ੍ਰੇਸ਼ਨ ਅਤੇ ਅਲਾਟਮੈਂਟ ਉਪਰੋਕਤ ਦਾਅਵੇਦਾਰ ਦੇ ਹੱਕ ਵਿੱਚ ਤਬਦੀਲ ਕਰ ਦਿੱਤੀ ਜਾਵੇਗੀ।

ਸਕੱਤਰ,
ਚੰਡੀਗੜ੍ਹ ਹਾਊਸਿੰਗ ਬੋਰਡ,
ਚੰਡੀਗੜ੍ਹ।

ਚੰਡੀਗੜ੍ਹ ਹਾਊਸਿੰਗ ਬੋਰਡ

(ਚੰਡੀਗੜ੍ਹ ਪ੍ਰਸ਼ਾਸ਼ਨ ਅਧੀਨ ਇਕ ਅਦਾਰਾ)
8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ

ਪਬਲਿਕ ਨੋਟਿਸ

ਸਨਮੁਖ ਸਕੱਤਰ, ਸੀਐਚਬੀ, ਅਸਟੇਟ ਅਫਸਰ ਦੀਆਂ ਸ਼ਕਤੀਆਂ ਦੀ ਵਰਤੋਂ ਕਰਦਿਆ, ਯੂਟੀ, ਚੰਡੀਗੜ੍ਹ

ਵਿਸ਼ਾ:- ਰਿਹਾਇਸ਼ੀ ਯੂਨਿਟ **ਨੰਬਰ 2359-ਬੀ** ਸ਼੍ਰੇਣੀ-EWS ਵਿਚ ਸੈਕਟਰ 63, ਚੰਡੀਗੜ੍ਹ ਦੇ ਮਾਲਕੀ ਹੱਕ/ਇੰਤਕਾਲ ਦੀ ਤਬਾਦਲੀ, ਗਿਫ਼ਟ ਡੀਡ ਦੇ ਆਧਾਰ 'ਤੇ ਅਲਾਟੀ/ਟ੍ਰਾਂਸਫਰੀ **ਸ੍ਰੀ ਸੀਤਾ ਰਾਮ ਪੁੱਤਰ ਸ੍ਰੀ ਬਚਨ ਸਿੰਘ (50% ਦੀ ਹਿਸੇਦਾਰੀ)** ਦੇ ਨਾਮ ਤੋਂ **ਸ੍ਰੀ ਰਾਮ ਸਿੰਘ ਪੁੱਤਰ ਸ੍ਰੀ ਲਾਭ ਸਿੰਘ ਪੋਤਾ/ਦੋਤਾ ਸ੍ਰੀ ਬਚਨ ਸਿੰਘ** ਦੇ ਨਾਮ 'ਤੇ ਤਬਦੀਲ ਕਰਨ ਸਬੰਧੀ।

ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਸੂਚਿਤ ਕੀਤਾ ਜਾਂਦਾ ਹੈ ਕਿ ਰਿਹਾਇਸ਼ੀ ਯੂਨਿਟ **ਨੰਬਰ 2359-ਬੀ** ਸ਼੍ਰੇਣੀ-EWS ਵਿਚ ਸੈਕਟਰ 63, ਚੰਡੀਗੜ੍ਹ ਅਲਾਟੀ/ਟ੍ਰਾਂਸਫਰੀ (i) **ਸ੍ਰੀ ਲਾਭ ਸਿੰਘ ਪੁੱਤਰ ਸਵਰਗੀ ਸ੍ਰੀ ਜੀਵਾ ਸਿੰਘ** (ii) **ਸ੍ਰੀ ਰਾਮ ਸਿੰਘ ਪੁੱਤਰ ਸ੍ਰੀ ਲਾਭ ਸਿੰਘ** (iii) **ਸ੍ਰੀ ਕਰਤਾਰ ਸਿੰਘ ਪੁੱਤਰ ਸ੍ਰੀ ਲਾਭ ਸਿੰਘ ਅਤੇ** (iv) **ਸ੍ਰੀ ਸੀਤਾ ਪੁੱਤਰ ਸ੍ਰੀ ਬਚਨ ਸਿੰਘ** ਦੇ ਨਾਂ ਹੈ। ਹੁਣ **ਸ੍ਰੀ ਸੀਤਾ ਰਾਮ ਪੁੱਤਰ ਸ੍ਰੀ ਬਚਨ ਸਿੰਘ (50% ਦੀ ਹਿਸੇਦਾਰੀ)** ਨੇ ਉਪਰੋਕਤ ਉਕਤ ਰਿਹਾਇਸ਼ੀ ਯੂਨਿਟ ਮਿਤੀ 27.03.2026 ਨੂੰ ਦਫ਼ਤਰ ਸਬ-ਰਜਿਸਟਰਾਰ ਚੰਡੀਗੜ੍ਹ ਵਿੱਚ ਰਜਿਸਟਰਡ ਅਤੇ ਗਿਫ਼ਟ ਡੀਡ ਵਸੀਅਤ ਤਹਿਤ **ਸ੍ਰੀ ਰਾਮ ਸਿੰਘ ਪੁੱਤਰ ਸ੍ਰੀ ਲਾਭ ਸਿੰਘ ਪੋਤਾ/ਦੋਤਾ ਸ੍ਰੀ ਬਚਨ ਸਿੰਘ** ਨੂੰ ਦੇ ਦੀਤੀ ਹੈ। **ਸ੍ਰੀ ਰਾਮ ਸਿੰਘ ਪੁੱਤਰ ਸ੍ਰੀ ਲਾਭ ਸਿੰਘ ਪੋਤਾ/ਦੋਤਾ ਸ੍ਰੀ ਬਚਨ ਸਿੰਘ** ਨੇ ਗਿਫ਼ਟ ਡੀਡ ਦੇ ਆਧਾਰ 'ਤੇ ਉਪਰੋਕਤ ਉਕਤ ਰਿਹਾਇਸ਼ੀ ਆਪਣੇ ਨਾਂ ਤਬਦੀਲ ਕਰਨ ਲਈ ਅਪਲਾਈ ਕੀਤਾ ਹੈ।

ਜੇਕਰ ਕਿਸੇ ਸੰਸਥਾ ਨੂੰ ਬਿਨੈਕਾਰ ਦੇ ਹੱਕ ਵਿੱਚ ਉਕਤ ਜਾਇਦਾਦ ਦੇ ਇੰਤਕਾਲ 'ਤੇ ਕੋਈ ਇਤਰਾਜ਼ ਹੈ, ਤਾਂ ਉਹ ਇਸ ਨੋਟਿਸ ਦੇ ਪ੍ਰਕਾਸ਼ਨ ਦੇ 21 ਦਿਨਾਂ ਦੇ ਅੰਦਰ-ਅੰਦਰ ਲਿਖਤੀ ਰੂਪ ਵਿੱਚ ਹੇਠ ਹਸਤਾਖਰ ਕਰਨ ਵਾਲੇ ਨੂੰ ਇਤਰਾਜ਼ ਜਮ੍ਹਾਂ ਕਰਵਾ ਸਕਦਾ ਹੈ, ਨਹੀਂ ਤਾਂ, ਉਕਤ ਰਿਹਾਇਸ਼ੀ ਇਕਾਈ ਦੀ ਮਾਲਕੀ ਉਪਰੋਕਤ ਦਾਅਵੇਦਾਰ (ਦਾਅਵੇਦਾਰਾਂ) ਦੇ ਹੱਕ ਵਿੱਚ ਤਬਦੀਲ ਕਰ ਦਿੱਤੀ ਜਾਵੇਗੀ।

ਸਕੱਤਰ,
ਚੰਡੀਗੜ੍ਹ ਹਾਊਸਿੰਗ ਬੋਰਡ,
ਚੰਡੀਗੜ੍ਹ।

ਚੰਡੀਗੜ੍ਹ ਹਾਊਸਿੰਗ ਬੋਰਡ

(ਚੰਡੀਗੜ੍ਹ ਪ੍ਰਸ਼ਾਸ਼ਨ ਅਧੀਨ ਇਕ ਅਦਾਰਾ)
8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ

ਪਬਲਿਕ ਨੋਟਿਸ

ਸ੍ਰੀ ਅਮਿਤ ਕੁਮਾਰ ਗੁਪਤਾ ਪੁੱਤਰ ਸ੍ਰੀ ਰਾਮੇਸ਼ ਚੰਦ (ਰਾਮੇਸ਼ ਚੰਦਰ ਗੁਪਤਾ) ਨੇ ਇਨ੍ਹਾਂ ਦਸਤਾਵੇਜ਼ਾਂ ਦੇ ਗੁੰਮ ਹੋਣ ਕਾਰਨ ਰਿਹਾਇਸ਼ ਯੂਨਿਟ ਨੰਬਰ **1623, ਸੈਕਟਰ 40-ਬੀ, ਚੰਡੀਗੜ੍ਹ** ਦੇ ਸੰਬੰਧ ਵਿੱਚ (i) **ਅਲਾਟਮੈਂਟ ਪੱਤਰ,**(ii) **ਟ੍ਰਾਂਸਫਰ ਪੱਤਰ ਸ੍ਰੀ ਕੁਲਦੀਪ ਸੋਨੀ ਦੇ ਨਾਮ,** (iii) **ਟ੍ਰਾਂਸਫਰ ਪੱਤਰ ਸ੍ਰੀ ਅਮਿਤ ਕੁਮਾਰ ਗੁਪਤਾ ਦੇ ਨਾਮ,** (iv) **ਕਬਜ਼ਾ ਸਲਿੱਪ/ਪੱਤਰ** (v) **ਭੌਤਿਕ ਕਬਜ਼ਾ ਸਲਿੱਪ ਅਤੇ** (vi) **ਐਨਡੀਸੀ** ਦੀ ਡੁਪਲੀਕੇਟ ਕਾਪੀ ਜਾਰੀ ਕਰਨ ਲਈ ਚੰਡੀਗੜ੍ਹ ਹਾਊਸਿੰਗ ਬੋਰਡ ਕੋਲ ਪਹੁੰਚ ਕੀਤੀ। ਉਸਨੇ ਉਪਰੋਕਤ ਦਸਤਾਵੇਜ਼ਾਂ ਦੇ ਗੁੰਮ ਹੋਣ ਸੰਬੰਧੀ ਮਿਤੀ 14.05.2026 ਨੂੰ ICMS/2026/018223 ਵਿੱਚ ਗੁੰਮ ਹੋਈ ਵਸਤੂ ਸਬੰਧੀ ਜਾਣਕਾਰੀ ਰਿਪੋਰਟ ਵੀ ਪੇਸ਼ ਕੀਤੀ ਹੈ। ਬਿਨੈਕਾਰ ਨੂੰ ਉਪਰੋਕਤ ਰਿਹਾਇਸ਼ ਯੂਨਿਟ ਦੇ (i) **ਅਲਾਟਮੈਂਟ ਪੱਤਰ,**(ii) **ਟ੍ਰਾਂਸਫਰ ਪੱਤਰ ਸ੍ਰੀ ਕੁਲਦੀਪ ਸੋਨੀ ਦੇ ਨਾਮ,** (iii) **ਟ੍ਰਾਂਸਫਰ ਪੱਤਰ ਸ੍ਰੀ ਅਮਿਤ ਕੁਮਾਰ ਗੁਪਤਾ ਦੇ ਨਾਮ,** (iv) **ਕਬਜ਼ਾ ਸਲਿੱਪ/ਪੱਤਰ** (v) **ਭੌਤਿਕ ਕਬਜ਼ਾ ਸਲਿੱਪ ਅਤੇ** (vi) **ਐਨਡੀਸੀ** ਦੀ ਡੁਪਲੀਕੇਟ ਕਾਪੀ ਜਾਰੀ ਕਰਨ 'ਤੇ ਕਿਸੇ ਵੀ ਵਿਅਕਤੀ ਨੂੰ ਕੋਈ ਇਤਰਾਜ਼ ਹੈ, ਤਾਂ ਉਸਨੂੰ ਇਸ ਨੋਟਿਸ ਦੇ ਪ੍ਰਕਾਸ਼ਨ ਤੋਂ 15 ਦਿਨਾਂ ਦੇ ਅੰਦਰ ਲਿਖਤੀ ਰੂਪ ਵਿੱਚ ਹੇਠ ਹਸਤਾਖਰ ਕਰਨ ਵਾਲੇ ਦੇ ਸਾਹਮਣੇ ਇਤਰਾਜ਼ ਦਾਇਰ ਕਰਨਾ ਚਾਹੀਦਾ ਹੈ, ਨਹੀਂ ਤਾਂ ਦਸਤਾਵੇਜ਼ ਜਾਰੀ ਕੀਤਾ ਜਾਵੇਗਾ। ਇਸ ਤੋਂ ਇਲਾਵਾ, ਜੇਕਰ ਉੱਪਰ ਦੱਸੇ ਅਨੁਸਾਰ ਅਸਲ ਦਸਤਾਵੇਜ਼ ਕਿਸੇ ਨੂੰ ਮਿਲਦਾ ਹੈ, ਤਾਂ ਉਸਨੂੰ ਉਪਰੋਕਤ ਦੱਸੇ ਗਏ ਪੁਲਿਸ ਸਟੇਸ਼ਨ ਜਾਂ ਹੇਠ ਹਸਤਾਖਰ ਕੀਤੇ ਵਿਅਕਤੀ ਦੇ ਦਫ਼ਤਰ ਵਿੱਚ ਜਮ੍ਹਾ ਕਰਵਾ ਸਕਦਾ ਹੈ।

ਸਕੱਤਰ,
ਚੰਡੀਗੜ੍ਹ ਹਾਊਸਿੰਗ ਬੋਰਡ,
ਚੰਡੀਗੜ੍ਹ।

ਚੰਡੀਗੜ੍ਹ ਹਾਊਸਿੰਗ ਬੋਰਡ

(ਚੰਡੀਗੜ੍ਹ ਪ੍ਰਸ਼ਾਸ਼ਨ ਅਧੀਨ ਇਕ ਅਦਾਰਾ)
8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ

ਪਬਲਿਕ ਨੋਟਿਸ

ਸਨਮੁਖ ਸਕੱਤਰ, ਸੀਐਚਬੀ, ਅਸਟੇਟ ਅਫਸਰ ਦੀਆਂ ਸ਼ਕਤੀਆਂ ਦੀ ਵਰਤੋਂ ਕਰਦਿਆ, ਯੂਟੀ, ਚੰਡੀਗੜ੍ਹ

ਵਿਸ਼ਾ:- ਰਿਹਾਇਸ਼ੀ ਯੂਨਿਟ **ਨੰਬਰ 2826-ਏ** ਸ਼੍ਰੇਣੀ-LIG ਵਿਚ ਸੈਕਟਰ 49, ਚੰਡੀਗੜ੍ਹ ਦੇ 25% ਦੀ ਹਿਸੇਦਾਰੀ ਮਾਲਕੀ ਹੱਕ/ਇੰਤਕਾਲ ਦੀ ਤਬਾਦਲੀ, ਗਿਫ਼ਟ ਡੀਡ ਦੇ ਆਧਾਰ 'ਤੇ ਅਲਾਟੀ/ਟ੍ਰਾਂਸਫਰੀ **ਸ੍ਰੀ ਮੁਕੇਸ਼ ਕੁਮਾਰ ਪੁੱਤਰ ਸਵਰਗੀ ਸ੍ਰੀ ਕ੍ਰਿਸ਼ਨ ਲਾਲ ਪੁੱਤਰ ਸ੍ਰੀ ਸਾਧੂ ਰਾਮ (25% ਦੀ ਹਿਸੇਦਾਰੀ)** ਦੇ ਨਾਮ ਤੋਂ **ਸ੍ਰੀਮਤੀ ਕਿਰਨ ਰੋਏ ਪੁੱਤਰੀ ਸ੍ਰੀ ਸਾਧੂ ਰਾਮ ਪਤਨੀ ਕੋਰਨੇਲੀਅਸ ਰੋਏ (75% ਦੀ ਹਿਸੇਦਾਰੀ)** ਦੇ ਨਾਮ 'ਤੇ ਤਬਦੀਲ ਕਰਨ ਸਬੰਧੀ।

ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਸੂਚਿਤ ਕੀਤਾ ਜਾਂਦਾ ਹੈ ਕਿ ਰਿਹਾਇਸ਼ੀ ਯੂਨਿਟ **ਨੰਬਰ** 2826-ਏ ਸ਼੍ਰੇਣੀ-LIG ਵਿਚ ਸੈਕਟਰ 49, ਚੰਡੀਗੜ੍ਹ ਅਲਾਟੀ/ਟ੍ਰਾਂਸਫਰੀ **ਸ੍ਰੀਮਤੀ ਕਿਰਨ ਰੋਏ ਪੁੱਤਰੀ ਸ੍ਰੀ ਸਾਧੂ ਰਾਮ ਪਤਨੀ ਕੋਰਨੇਲੀਅਸ ਰੋਏ (75% ਦੀ ਹਿਸੇਦਾਰੀ) ਅਤੇ ਸ੍ਰੀ ਮੁਕੇਸ਼ ਕੁਮਾਰ ਪੁੱਤਰ ਸਵਰਗੀ ਸ੍ਰੀ ਕ੍ਰਿਸ਼ਨ ਲਾਲ ਪੁੱਤਰ ਸ੍ਰੀ ਸਾਧੂ ਰਾਮ (25% ਦੀ ਹਿਸੇਦਾਰੀ)** ਦੇ ਨਾਂ ਹੈ। ਹੁਣ **ਸ੍ਰੀ ਮੁਕੇਸ਼ ਕੁਮਾਰ ਪੁੱਤਰ ਸਵਰਗੀ ਸ੍ਰੀ ਕ੍ਰਿਸ਼ਨ ਲਾਲ ਪੁੱਤਰ ਸ੍ਰੀ ਸਾਧੂ ਰਾਮ** ਨੇ ਉਪਰੋਕਤ ਉਕਤ ਰਿਹਾਇਸ਼ੀ ਯੂਨਿਟ ਮਿਤੀ 13.03.2026 ਨੂੰ ਦਫ਼ਤਰ ਸਬ-ਰਜਿਸਟਰਾਰ ਚੰਡੀਗੜ੍ਹ ਵਿੱਚ ਰਜਿਸਟਰਡ ਅਤੇ ਗਿਫ਼ਟ ਡੀਡ ਵਸੀਅਤ ਤਹਿਤ **25% ਹਿਸਾ ਸ੍ਰੀਮਤੀ ਕਿਰਨ ਰੋਏ ਪੁੱਤਰੀ ਸ੍ਰੀ ਸਾਧੂ ਰਾਮ ਪਤਨੀ ਕੋਰਨੇਲੀਅਸ ਰੋਏ (75% ਦੀ ਹਿਸੇਦਾਰੀ)** ਨੂੰ ਦੇ ਦੀਤੀ ਹੈ। **ਸ੍ਰੀਮਤੀ ਕਿਰਨ ਰੋਏ ਪੁੱਤਰੀ ਸ੍ਰੀ ਸਾਧੂ ਰਾਮ ਪਤਨੀ ਕੋਰਨੇਲੀਅਸ ਰੋਏ (75% ਦੀ ਹਿਸੇਦਾਰੀ)** ਨੇ ਗਿਫ਼ਟ ਡੀਡ ਦੇ ਆਧਾਰ 'ਤੇ ਉਪਰੋਕਤ ਉਕਤ ਰਿਹਾਇਸ਼ੀ ਆਪਣੇ ਨਾਂ ਤਬਦੀਲ ਕਰਨ ਲਈ ਅਪਲਾਈ ਕੀਤਾ ਹੈ।

ਜੇਕਰ ਕਿਸੇ ਸੰਸਥਾ ਨੂੰ ਬਿਨੈਕਾਰ ਦੇ ਹੱਕ ਵਿੱਚ ਉਕਤ ਜਾਇਦਾਦ ਦੇ ਇੰਤਕਾਲ 'ਤੇ ਕੋਈ ਇਤਰਾਜ਼ ਹੈ, ਤਾਂ ਉਹ ਇਸ ਨੋਟਿਸ ਦੇ ਪ੍ਰਕਾਸ਼ਨ ਦੇ 21 ਦਿਨਾਂ ਦੇ ਅੰਦਰ-ਅੰਦਰ ਲਿਖਤੀ ਰੂਪ ਵਿੱਚ ਹੇਠ ਹਸਤਾਖਰ ਕਰਨ ਵਾਲੇ ਨੂੰ ਇਤਰਾਜ਼ ਜਮ੍ਹਾਂ ਕਰਵਾ ਸਕਦਾ ਹੈ, ਨਹੀਂ ਤਾਂ, ਉਕਤ ਰਿਹਾਇਸ਼ੀ ਇਕਾਈ ਦੀ ਮਾਲਕੀ ਉਪਰੋਕਤ ਦਾਅਵੇਦਾਰ (ਦਾਅਵੇਦਾਰਾਂ) ਦੇ ਹੱਕ ਵਿੱਚ ਤਬਦੀਲ ਕਰ ਦਿੱਤੀ ਜਾਵੇਗੀ।

ਸਕੱਤਰ,
ਚੰਡੀਗੜ੍ਹ ਹਾਊਸਿੰਗ ਬੋਰਡ,
ਚੰਡੀਗੜ੍ਹ।

ਚੰਡੀਗੜ੍ਹ ਹਾਊਸਿੰਗ ਬੋਰਡ

(ਚੰਡੀਗੜ੍ਹ ਪ੍ਰਸ਼ਾਸ਼ਨ ਅਧੀਨ ਇਕ ਅਦਾਰਾ)
8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ

ਪਬਲਿਕ ਨੋਟਿਸ

ਸਨਮੁਖ ਸਕੱਤਰ, ਸੀਐਚਬੀ, ਅਸਟੇਟ ਅਫਸਰ ਦੀਆਂ ਸ਼ਕਤੀਆਂ ਦੀ ਵਰਤੋਂ ਕਰਦਿਆ, ਯੂਟੀ, ਚੰਡੀਗੜ੍ਹ

ਵਿਸ਼ਾ:- ਰਿਹਾਇਸ਼ੀ ਯੂਨਿਟ **ਨੰਬਰ** 3187-2 ਸ਼੍ਰੇਣੀ-MIG-II ਵਿਚ ਸੈਕਟਰ 44-ਡੀ, ਚੰਡੀਗੜ੍ਹ ਦੇ 33.33% ਦੀ ਹਿਸੇਦਾਰੀ ਅਲਾਟਮੈਂਟ/ਰਜਿਸਟ੍ਰੇਸ਼ਨ ਦੀ ਤਬਾਦਲੀ ਦੇ ਆਧਾਰ 'ਤੇ ਅਲਾਟੀ/ਟ੍ਰਾਂਸਫਰੀ **ਸ੍ਰੀਮਤੀ ਊਸਾ ਅਗਰਵਾਲ ਪੁੱਤਰੀ ਸਵਰਗੀ ਸ੍ਰੀ ਓ.ਪੀ. ਗੁਪਤਾ (ਓਮ ਪ੍ਰਕਾਸ਼ ਗੁਪਤਾ), ਪਤਨੀ ਸ੍ਰੀ ਰਾਜ ਕੁਮਾਰ ਅਗਰਵਾਲ (33.33% ਦੀ ਹਿਸੇਦਾਰੀ)** ਦੇ ਬੇਵਸੀ ਦੇਹਾਂਤ ਤੋਂ ਬਾਅਦ (i) **ਸ੍ਰੀ ਰਾਜ ਕੁਮਾਰ ਅਗਰਵਾਲ ਪੁੱਤਰ ਸ੍ਰੀ ਮਨੋਹਰ ਲਾਲ,** (ii) **ਸ੍ਰੀ ਅਮਿਤ ਅਗਰਵਾਲ ਪੁੱਤਰ ਸ੍ਰੀ ਰਾਜ ਕੁਮਾਰ ਅਗਰਵਾਲ** ਅਤੇ (iii) **ਸ੍ਰੀ ਨਿਤਿਨ ਅਗਰਵਾਲ ਪੁੱਤਰ ਸ੍ਰੀ ਰਾਜ ਕੁਮਾਰ ਅਗਰਵਾਲ** ਦੇ ਨਾਮ 'ਤੇ ਤਬਦੀਲ ਕਰਨ ਸਬੰਧੀ।

ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਸੂਚਿਤ ਕੀਤਾ ਜਾਂਦਾ ਹੈ ਕਿ ਰਿਹਾਇਸ਼ੀ ਯੂਨਿਟ **ਨੰਬਰ** 3187-2 ਸ਼੍ਰੇਣੀ-MIG-II ਵਿਚ ਸੈਕਟਰ 44-ਡੀ, ਚੰਡੀਗੜ੍ਹ ਦੇ ਮਾਲਕ **ਸ੍ਰੀਮਤੀ ਊਸਾ ਅਗਰਵਾਲ ਪੁੱਤਰੀ ਸਵਰਗੀ ਸ੍ਰੀ ਓ.ਪੀ. ਗੁਪਤਾ (ਓਮ ਪ੍ਰਕਾਸ਼ ਗੁਪਤਾ), ਪਤਨੀ ਸ੍ਰੀ ਰਾਜ ਕੁਮਾਰ ਅਗਰਵਾਲ (33.33% ਦੀ ਹਿਸੇਦਾਰੀ)** ਦੀ ਮੌਤ **07.04.2026 ਨੂੰ ਪੰਚਕੁਲਾ (ਹਰਿਆਣਾ)** ਵਿਖੇ ਹੋਈ ਸੀ ਜਿਵੇਂ ਕਿ ਉਨ੍ਹਾਂ ਦੇ ਕਾਨੂੰਨੀ ਵਾਰਸਾਂ ਦੁਆਰਾ ਸੂਚਿਤ ਕੀਤਾ ਗਿਆ ਸੀ। (i) **ਸ੍ਰੀ ਰਾਜ ਕੁਮਾਰ ਅਗਰਵਾਲ ਪੁੱਤਰ ਸ੍ਰੀ ਮਨੋਹਰ ਲਾਲ,** (ii) **ਸ੍ਰੀ ਅਮਿਤ ਅਗਰਵਾਲ ਪੁੱਤਰ ਸ੍ਰੀ ਰਾਜ ਕੁਮਾਰ ਅਗਰਵਾਲ** ਅਤੇ (iii) **ਸ੍ਰੀ ਨਿਤਿਨ ਅਗਰਵਾਲ ਪੁੱਤਰ ਸ੍ਰੀ ਰਾਜ ਕੁਮਾਰ ਅਗਰਵਾਲ** ਨੇ ਸੈਕਟਰ 44-ਡੀ, ਚੰਡੀਗੜ੍ਹ ਵਿੱਚ ਸ਼੍ਰੇਣੀ-MIG-II ਦੇ ਰਿਹਾਇਸ਼ੀ ਯੂਨਿਟ **ਨੰਬਰ** 3187-2 ਦੀ **33.33% ਦੀ ਹਿਸੇਦਾਰੀ** ਮਾਲਕੀ ਨੂੰ **ਸ੍ਰੀਮਤੀ ਊਸਾ ਅਗਰਵਾਲ ਪੁੱਤਰੀ ਸਵਰਗੀ ਸ੍ਰੀ ਓ.ਪੀ. ਗੁਪਤਾ (ਓਮ ਪ੍ਰਕਾਸ਼ ਗੁਪਤਾ), ਪਤਨੀ ਸ੍ਰੀ ਰਾਜ ਕੁਮਾਰ ਅਗਰਵਾਲ** ਦੀ ਬੇਵਸੀ ਮੌਤ ਦੇ ਆਧਾਰ 'ਤੇ ਉਨ੍ਹਾਂ ਦੇ ਨਾਮ 'ਤੇ ਤਬਦੀਲ ਕਰਨ ਦੀ ਬੇਨਤੀ ਕੀਤੀ ਹੈ। ਉਨ੍ਹਾਂ ਨੇ ਅੱਗੇ ਕਿਹਾ ਹੈ ਕਿ ਕੋਈ ਹੋਰ ਕਾਨੂੰਨੀ ਵਾਰਸ ਨਹੀਂ ਛੱਡਿਆ ਗਿਆ ਹੈ।

ਜੇਕਰ ਕਿਸੇ ਨੂੰ ਰਿਹਾਇਸ਼ੀ ਇਕਾਈ ਵਿੱਚ ਦਾਅਵੇ/ਹੱਕ/ਹਿੱਤ ਬਾਰੇ ਕੋਈ ਇਤਰਾਜ਼ ਹੈ ਜੋ ਕਿ ਚੰਡੀਗੜ੍ਹ ਹਾਊਸਿੰਗ ਬੋਰਡ ਦੁਆਰਾ (i) **ਸ੍ਰੀ ਰਾਜ ਕੁਮਾਰ ਅਗਰਵਾਲ (ਪਤੀ)** ਅਤੇ (ii) **ਸ੍ਰੀ ਅਮਿਤ ਅਗਰਵਾਲ (ਪੁੱਤਰ)** ਅਤੇ (iii) **ਸ੍ਰੀ ਨਿਤਿਨ ਅਗਰਵਾਲ (ਪੁੱਤਰ)** ਦੇ ਹੱਕ ਵਿੱਚ ਤਬਦੀਲ ਕਰਨ ਦੀ ਤਜਵੀਜ਼ ਹੈ, ਤਾਂ ਉਹ ਇਸ ਨੋਟਿਸ ਦੇ ਪ੍ਰਕਾਸ਼ਨ ਦੇ 21 ਦਿਨਾਂ ਦੇ ਅੰਦਰ ਲਿਖਤੀ ਰੂਪ ਵਿੱਚ ਹੇਠ ਹਸਤਾਖਰ ਕਰਨ ਵਾਲੇ ਨੂੰ ਇਤਰਾਜ਼ ਜਮ੍ਹਾਂ ਕਰਵਾ ਸਕਦਾ ਹੈ, ਨਹੀਂ ਤਾਂ ਉਕਤ ਰਿਹਾਇਸ਼ੀ ਇਕਾਈ ਦੀ ਰਜਿਸਟ੍ਰੇਸ਼ਨ ਅਤੇ ਅਲਾਟਮੈਂਟ ਉਪਰੋਕਤ ਦਾਅਵੇਦਾਰ ਦੇ ਹੱਕ ਵਿੱਚ ਤਬਦੀਲ ਕਰ ਦਿੱਤੀ ਜਾਵੇਗੀ।

ਸਕੱਤਰ,
ਚੰਡੀਗੜ੍ਹ ਹਾਊਸਿੰਗ ਬੋਰਡ,
ਚੰਡੀਗੜ੍ਹ।

ਸਫ਼ਾ ਇੱਕ ਦੀਆਂ ਬਾਕੀ...

ਮਾਨ ਸਰਕਾਰ ਨੇ ਸਪੱਸ਼ਟ.....

ਕਰਾਰ ਦਿੱਤਾ ਹੈ। ਇਸ ਦੇ ਉਲਟ, ਪੰਜਾਬ ਸਰਕਾਰ ਨੇ ਇਨ੍ਹਾਂ ਦੋਸ਼ਾਂ ਨੂੰ ਖਾਰਜ ਕਰ ਦਿੱਤਾ ਹੈ, ਇਹ ਦਾਅਵਾ ਕਰਦੇ ਹੋਏ ਕਿ ਇਹ ਕਾਨੂੰਨ ਸੇਵਾਮੁਕਤ ਜੱਜਾਂ, ਕਾਨੂੰਨੀ ਮਾਹਿਰਾਂ ਅਤੇ ਸਿੱਖ ਬੁੱਧੀਜੀਵੀਆਂ ਨਾਲ ਵਿਆਪਕ ਸਲਾਹ-ਮਸ਼ਵਰੇ ਤੋਂ ਬਾਅਦ ਹੀ ਬਣਾਇਆ ਗਿਆ ਸੀ। ਮੁੱਖ ਮੰਤਰੀ ਮਾਨ ਨੇ ਪੁਸ਼ਟੀ ਕੀਤੀ ਕਿ ਸਰਕਾਰ ਕਿਸੇ ਵੀ ਦਬਾਅ ਹੇਠ ਕਾਨੂੰਨ ਨੂੰ ਵਾਪਸ ਨਹੀਂ ਲਵੇਗੀ, ਅਤੇ ਕਿਹਾ ਕਿ ਹੋਰ ਰਾਜਾਂ ਨੂੰ ਵੀ ਇਸੇ ਤਰ੍ਹਾਂ ਦਾ ਕਾਨੂੰਨ ਬਣਾਉਣਾ ਚਾਹੀਦਾ ਹੈ। ਇਹ ਸੋਧ ਬਿੱਲ 13 ਅਪ੍ਰੈਲ ਨੂੰ ਹੋਏ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਦੌਰਾਨ ਸਰਬਸੰਮਤੀ ਨਾਲ ਪਾਸ ਕੀਤਾ ਗਿਆ ਸੀ। ਰਾਜਪਾਲ ਦੀ ਸਹਿਮਤੀ ਤੋਂ ਬਾਅਦ, ਇਹ ਕਾਨੂੰਨ ਅਧਿਕਾਰਤ ਤੌਰ 'ਤੇ ਲਾਗੂ ਹੋ ਗਿਆ ਹੈ। ਕਾਨੂੰਨ ਵਿੱਚ ਬੇਅਦਬੀ ਦੇ ਦੋਸ਼ੀ ਪਾਏ ਜਾਣ ਵਾਲਿਆਂ ਲਈ ਉਮਰ ਕੈਦ ਦੀ ਸਜ਼ਾ - ਦੋਸ਼ੀ ਦੇ ਆਖਰੀ ਸਾਹ ਤੱਕ ਕੱਟਣ ਲਈ - 25 ਲੱਖ ਰੁਪਏ ਦੇ ਜੁਰਮਾਨੇ ਦੀ ਵਿਵਸਥਾ ਹੈ।

ਪੰਜਾਬ ਸਰਕਾਰ ਨਾਲ ਗੱਲਬਾਤ.....

ਇੱਕ ਮਹੀਨੇ ਦੀ ਸਮਾਂ-ਸੀਮਾ ਤੈਅ ਕੀਤੀ ਹੈ। ਪਿਛਲੇ ਦੋ-ਤਿੰਨ ਦਿਨਾਂ ਦੌਰਾਨ ਹੋਈ ਵਿਸਤ੍ਰਿਤ ਚਰਚਾ ਤੋਂ ਬਾਅਦ, ਸਾਰੀਆਂ ਯੂਨੀਅਨਾਂ ਸਰਕਾਰ ਨੂੰ ਉਨ੍ਹਾਂ ਦੀਆਂ ਚਿੰਤਾਵਾਂ ਨੂੰ ਗੰਭੀਰ ਅਤੇ ਯੋਜਨਾਬੱਧ ਤਰੀਕੇ ਨਾਲ ਹੱਲ ਕਰਨ ਲਈ ਸਮਾਂ ਦੇਣ 'ਤੇ ਸਹਿਮਤ ਹੋ ਗਈਆਂ ਹਨ। ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਆਈਐਸਆਈ ਏਜੰਟ ਕਹਿਣ ਬਾਰੇ ਮੀਡੀਆ ਦੇ ਸਵਾਲਾਂ ਦਾ ਜਵਾਬ ਦਿੰਦਿਆਂ ਹਰਪਾਲ ਸਿੰਘ ਚੀਮਾ ਨੇ ਇਸ ਬਿਆਨ ਦੀ ਸਖ਼ਤ ਨਿਖੇਧੀ ਕੀਤੀ ਅਤੇ ਇਸ ਨੂੰ ਪੰਜਾਬ ਦੇ ਲੋਕਾਂ ਅਤੇ ਉਨ੍ਹਾਂ ਦੇ ਜਨਾਦੇਸ਼ ਦਾ ਅਪਮਾਨ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਇਹ ਨਾ ਸਿਰਫ਼ ਮੁੱਖ ਮੰਤਰੀ ਦਾ ਸਗੋਂ ਸਮੁੱਚੇ 3 ਕਰੋੜ ਪੰਜਾਬੀਆਂ ਦਾ ਅਪਮਾਨ ਹੈ। ਭਾਜਪਾ ਨੇ ਹਮੇਸ਼ਾ ਹੀ ਪੰਜਾਬ ਵਿਰੋਧੀ ਮਾਨਸਿਕਤਾ ਦਾ ਪ੍ਰਦਰਸ਼ਨ ਕੀਤਾ ਹੈ। ਉਨ੍ਹਾਂ ਸਵਾਲ ਚੁੱਕਿਆ ਕਿ ਪਿਛਲੀ ਕਾਂਗਰਸ ਸਰਕਾਰ ਦੌਰਾਨ ਜਦੋਂ ਤਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰੀ ਰਿਹਾਇਸ਼ 'ਤੇ ਅਰੂਸਾ ਆਲਮ ਦੀ ਮੌਜੂਦਗੀ ਨੂੰ ਲੈ ਕੇ ਵਾਰ-ਵਾਰ ਦੋਸ਼ ਲੱਗ ਰਹੇ ਸਨ, ਉਦੋਂ ਭਾਜਪਾ ਆਗੂ ਚੁੱਪ ਕਿਉਂ ਰਹੇ? ਹਰਪਾਲ ਸਿੰਘ ਚੀਮਾ ਨੇ ਪੁੱਛਿਆ ਕਿ ਜੇਕਰ ਰਵਨੀਤ ਸਿੰਘ ਬਿੱਟੂ ਅਤੇ ਸੁਨੀਲ ਜਾਖੜ ਵਰਗੇ ਆਗੂਆਂ ਨੂੰ ਰਾਸ਼ਟਰੀ ਸੁਰੱਖਿਆ ਦੀ ਸੱਚਮੁੱਚ ਚਿੰਤਾ ਸੀ ਤਾਂ ਉਨ੍ਹਾਂ ਨੇ ਉਸ ਸਮੇਂ ਸਵਾਲ ਕਿਉਂ ਨਹੀਂ ਉਠਾਏ। ਉਨ੍ਹਾਂ ਕਿਹਾ ਕਿ ਭਾਜਪਾ ਆਗੂ ਹੁਣ ਸਿਆਸੀ ਲਾਹੇ ਲਈ ਬੇਬੁਨਿਆਦ ਦੋਸ਼ ਲਗਾ ਰਹੇ ਹਨ। 'ਕਾਕਰੋਚ ਜਨਤਾ ਪਾਰਟੀ' ਬਾਰੇ ਮੀਡੀਆ ਦੇ ਇੱਕ ਹੋਰ ਸਵਾਲ ਦਾ ਜਵਾਬ ਦਿੰਦਿਆਂ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਭਾਰਤ ਦਾ ਲੋਕਤੰਤਰ ਅਤੇ ਸੰਵਿਧਾਨ ਹਰ ਨਾਗਰਿਕ ਨੂੰ ਸਿਆਸੀ ਪਾਰਟੀ ਬਣਾਉਣ ਅਤੇ ਆਪਣੇ ਵਿਚਾਰ ਖੁੱਲ੍ਹ ਕੇ ਪ੍ਰਗਟ ਕਰਨ ਦਾ ਅਧਿਕਾਰ ਦਿੰਦਾ ਹੈ।

ਪੁਲਵਾਮਾ ਦੇ ਮਾਸਟਰਮਾਈਂਡ ਅੱਤਵਾਦੀ.....

ਅੱਤਵਾਦ ਲਈ ਫੰਡ ਇਕੱਠਾ ਕਰਨ ਵਿੱਚ ਸਰਗਰਮੀ ਨਾਲ ਸ਼ਾਮਲ ਸੀ। ਪੁਲਵਾਮਾ ਲੰਬੇ ਸਮੇਂ ਤੋਂ ਘਾਟੀ ਵਿੱਚ ਅੱਤਵਾਦੀ ਗਤੀਵਿਧੀਆਂ ਦਾ ਇੱਕ ਸੰਵੇਦਨਸ਼ੀਲ ਕੇਂਦਰ ਰਿਹਾ ਹੈ। ਇਸ ਖੇਤਰ ਤੋਂ ਕਈ ਪ੍ਰਮੁੱਖ ਅੱਤਵਾਦੀ ਹਸਤੀਆਂ ਉੱਭਰ ਕੇ ਸਾਹਮਣੇ ਆਈਆਂ, ਜਿਨ੍ਹਾਂ ਵਿੱਚ ਬੁਰਹਾਨ ਵਾਨੀ ਵੀ ਸ਼ਾਮਲ ਹੈ, ਜਿਸਨੇ ਸੋਸ਼ਲ ਮੀਡੀਆ ਰਾਹੀਂ ਨੌਜਵਾਨਾਂ ਨੂੰ ਕੱਟੜਪੰਥੀ ਬਣਾਇਆ। ਅਰਜਮੰਦ ਗੁਲਜ਼ਾਰ ਨੂੰ ਵੀ ਉਸੇ 'ਡਿਜੀਟਲ ਕੱਟੜਪੰਥੀ' ਮਾਡਲ ਦਾ ਹਿੱਸਾ ਮੰਨਿਆ ਜਾਂਦਾ ਹੈ, ਜੋ ਸੋਸ਼ਲ ਮੀਡੀਆ ਅਤੇ ਸਥਾਨਕ ਨੈੱਟਵਰਕਾਂ ਰਾਹੀਂ ਨੌਜਵਾਨਾਂ ਨੂੰ ਹਥਿਆਰ ਚੁੱਕਣ ਲਈ ਉਕਸਾਉਂਦਾ ਹੈ। ਸੁਰੱਖਿਆ ਏਜੰਸੀਆਂ ਦੇ ਅਨੁਸਾਰ, ਅਰਜਮੰਦ ਗੁਲਜ਼ਾਰ ਦਾ ਨੈੱਟਵਰਕ ਪੁਲਵਾਮਾ, ਸ਼ੋਪੀਆਂ ਅਤੇ ਅਵੰਤੀਪੋਰਾ ਖੇਤਰਾਂ ਵਿੱਚ ਸਰਗਰਮ ਸੀ। ਉਸ 'ਤੇ ਪਾਕਿਸਤਾਨ ਵਿੱਚ ਸਥਿਤ ਸਥਾਨਕ ਓਵਰਗਰਾਊਂਡ ਵਰਕਰਾਂ ਰਾਹੀਂ ਹਥਿਆਰ, ਫੰਡਿੰਗ ਅਤੇ ਅੱਤਵਾਦੀ ਨਿਰਦੇਸ਼ ਪ੍ਰਦਾਨ ਕਰਨ ਦਾ ਦੋਸ਼ ਸੀ। ਉਸ ਨੂੰ ਵਿਸਫੋਟਕ ਜ਼ਬਤ ਕਰਨ, ਗ੍ਰਨੇਡ ਹਮਲਿਆਂ ਅਤੇ ਅੱਤਵਾਦੀ ਭਰਤੀ ਦੇ ਕਈ ਮਾਮਲਿਆਂ ਵਿੱਚ ਫਸਾਇਆ ਗਿਆ ਸੀ।

ਨਗਰ ਕੌਂਸਲ ਚੌਣਾਂ ਦੇ.....

ਛਾਉਣੀ ਵਿੱਚ ਤਬਦੀਲ ਕਰ ਦਿੱਤਾ ਗਿਆ ਤੇ ਕਿਸਾਨਾਂ ਦੇ ਰੋਹ ਦੇ ਡਰੋਂ ਆਪਣੇ ਤਹਿ ਸਮੇਂ ਤੋਂ ਪਹਿਲਾਂ ਹੀ ਪ੍ਰੋਗਰਾਮ ਕਾਹਲੀ ਵਿੱਚ ਨਿਬੇੜ ਕੇ 'ਆਪ' ਪ੍ਰਧਾਨ ਭੱਜ ਨਿੱਕਲਿਆ। ਕਿਸਾਨਾਂ ਨੂੰ ਸੰਬੋਧਨ ਕਰਦਿਆਂ ਸੂਬਾ ਕਾਰਜਕਾਰੀ ਆਗੂ ਜਸਵਿੰਦਰ ਲੌਂਗੋਵਾਲ ਤੇ ਜ਼ਿਲਾ ਕਨਵੀਨਰ ਕੁਲਵਿੰਦਰ ਸੋਨੀ ਨੇ ਕਿਹਾ ਕਿ ਲੋਕਾਂ ਦੇ ਵਿੱਚ ਵੋਟਾਂ ਲੈਣ ਲਈ ਆਉਣ ਵਾਲਾ ਆਪ ਪ੍ਰਧਾਨ ਉਹਨਾਂ ਲੋਕਾਂ ਦੇ ਸੁਆਲਾਂ ਦੇ ਜੁਆਬ ਦੇਣ ਤੋਂ ਇਹਨਾਂ ਡਰਿਆ ਹੋਇਆ ਹੈਂ ਕਿ ਕਿਸਾਨ ਭਰਾਵਾਂ ਨੂੰ ਪਿੰਡ ਦੀ ਸੱਥ ਵਿੱਚ ਇਕੱਠੇ ਹੋਣ ਤੋਂ ਰੋਕਣ ਲਈ ਪਿੰਡ ਨੂੰ ਪੁਲਿਸ ਛਾਉਣੀ ਵਿੱਚ ਤਬਦੀਲ ਕੀਤਾ ਜਾ ਰਿਹਾ ਹੈ। ਸ਼ੰਭੂ ਖਨੌਰੀ ਮੋਰਚੇ ਦਾ 3 ਕਰੋੜ 77 ਲੱਖ ਦੇ ਕਰੀਬ ਦਾ ਸਮਾਨ ਚੋਰੀ ਕਰਕੇ ਇਹ ਟਰਾਲੀ ਚੋਰਾਂ ਦੀ ਪਾਰਟੀ ਦੇ ਮੰਤਰੀ ਤੇ ਮੁੱਖ ਮੰਤਰੀ ਜਿੱਥੇ ਵੀ ਪਾਰਟੀ ਦਾ ਭੰਡੀ ਪ੍ਰਚਾਰ ਕਰਨ ਲਈ ਜਾਣਗੇ। ਕਿਸਾਨਾਂ ਵੱਲੋਂ ਸਵਾਲ ਜਵਾਬ ਕੀਤੇ ਜਾਣਗੇ ਅਮਨ ਅਰੋੜਾ ਦੇ ਕਿਸਾਨਾਂ ਦੇ ਸਵਾਲਾਂ ਦੇ ਜੁਆਬ ਦੇਣ ਤੋਂ ਭੱਜ ਜਾਣ ਤੋਂ ਬਾਅਦ ਪੂਰੇ ਪਿੰਡ ਵਿੱਚ ਰੋਸ ਪ੍ਰਦਰਸ਼ਨ ਕੀਤਾ ਗਿਆ ਬਜ਼ਾਰ ਵਿੱਚੋਂ ਦੀ ਹੁੰਦੇ ਹੋਏ ਡਰੇਨ ਦੇ ਪੁਲ ਤੇ ਅੱਜ ਦਾ ਪ੍ਰੋਗਰਾਮ ਸਮਾਪਤ ਕੀਤਾ ਗਿਆ ਤੇ ਨਾਲ ਦੀ ਅਗਲੇ ਪ੍ਰੋਗਰਾਮ ਦਾ ਐਲਾਨ ਕੀਤਾ ਗਿਆ ਪਿਛਲੇ ਦਿਨੀਂ ਮੁੱਖ ਮੰਤਰੀ ਪੰਜਾਬਦੇ ਪਿੰਡ ਸਤੌਜ ਆਉਣ ਤੇ ਕਿਸਾਨ ਮਜ਼ਦੂਰ ਮੋਰਚੇ ਦੇ ਸੱਦੇ ਤੇ ਕਿਸਾਨ ਭਰਾ ਸੁਆਲ ਜਵਾਬ ਕਰਨ ਲਈ ਸ਼ਾਂਤਮਈ ਜਾ ਰਹੇ ਸਨ। ਅੱਜ ਦੇ ਰੋਸ ਮੁਜ਼ਾਹਰੇ ਨੂੰ ,ਹੈਪੀ ਨਮੋਲ,ਸੰਤ ਰਾਮ ਛਾਜਲੀ, ਹਰਦੇਵ ਕੁਲਾਰ, ਸੁਖਦੇਵ ਸਿੰਘ, ਦਰਬਾਰਾ ਸਿੰਘ, ਗੁਰਦੀਪ ਸਿੰਘ, ਗੋਬਿੰਦਰ ਸਿੰਘ, ਮਿੱਠੂ ਸਿੰਘ ਤੁੰਗਾਂ, ਬਲਦੇਵ ਸਿੰਘ ਆਦਿ ਨੇ ਸੰਬੋਧਨ ਕੀਤਾ।

ਕਾਕਰੋਚ ਜਨਤਾ ਪਾਰਟੀ ਦਾ.....

8.8 ਮਿਲੀਅਨ ਫਾਲੋਅਰ ਹਨ। ਇਸ ਤਰ੍ਹਾਂ ਕਾਕਰੋਚ ਜਨਤਾ ਪਾਰਟੀ ਨੇ ਪ੍ਰਭਾਵਸ਼ਾਲੀ ਢੰਗ ਨਾਲ ਭਾਜਪਾ ਦੇ ਖਾਤੇ ਨੂੰ ਵੀ ਪਛਾੜ ਦਿੱਤਾ ਹੈ। ਆਪਣੀ ਸ਼ੁਰੂਆਤ ਸਿਰਫ਼ 24 ਘੰਟਿਆਂ ਅੰਦਰ ਇਸ ਡਿਜੀਟਲ ਪਲੇਟਫਾਰਮ ਨੇ 5,000 ਤੋਂ ਵੱਧ ਆਨਲਾਈਨ ਰਜਿਸਟ੍ਰੇਸ਼ਨਾਂ ਪ੍ਰਾਪਤ

ਸਫ਼ਾ ਇੱਕ ਦੀਆਂ ਬਾਕੀ...

ਕੀਤੀਆਂ, ਲਗਪਗ ਰਾਤੋ-ਰਾਤ ਇਹ ਇੱਕ ਵਿਸ਼ਾਲ ਜਨ ਅੰਦੋਲਨ ਵਿੱਚ ਬਦਲ ਗਿਆ, ਜਿਸਨੇ ਨੌਜਵਾਨਾਂ ਦੀਆਂ ਨਿਰਾਸ਼ਾਵਾਂ ਨੂੰ ਆਵਾਜ਼ ਦਿੱਤੀ।

ਜਲੰਧਰ ਸਮੇਤ ਕਈ ਜ਼ਿਲ੍ਹਿਆਂ.....

ਸਫਲਤਾਵਾਂ ਬਾਰੇ ਦਾਅਵਿਆਂ ਦੇ ਬਾਵਜੂਦ, ਭਾਰਤ ਅੱਜ ਇਨ੍ਹਾਂ ਚੁਣੌਤੀਪੂਰਨ ਸਮਿਆਂ ਦੌਰਾਨ ਆਪਣੇ ਆਪ ਨੂੰ ਅਲੱਗ-ਥਲੱਗ ਮਹਿਸੂਸ ਕਰ ਰਿਹਾ ਹੈ। ਵਿਧਾਇਕ ਨੇ ਚੇਤਾਵਨੀ ਦਿੱਤੀ ਕਿ ਆਉਣ ਵਾਲੇ ਦਿਨਾਂ ਵਿੱਚ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਹੋਰ ਵਾਧਾ ਹੋ ਸਕਦਾ ਹੈ - ਇੱਕ ਅਜਿਹਾ ਵਿਕਾਸ ਜੋ ਗਰੀਬਾਂ, ਕਿਸਾਨਾਂ, ਮਜ਼ਦੂਰਾਂ ਅਤੇ ਆਮ ਲੋਕਾਂ 'ਤੇ ਅਨੁਪਾਤਕ ਤੌਰ 'ਤੇ ਪ੍ਰਭਾਵ ਪਾਵੇਗਾ। ਇਸ ਦੌਰਾਨ, ਪ੍ਰਗਟ ਸਿੰਘ ਨੇ ਜਲੰਧਰ ਧਮਾਕੇ ਦੇ ਮਾਮਲੇ ਦੇ ਸੰਦਰਭ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਬਾਰੇ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਦੇ ਬਿਆਨ ਦਾ ਵੀ ਜਵਾਬ ਦਿੱਤਾ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸੰਵਿਧਾਨਕ ਅਹੁਦਿਆਂ 'ਤੇ ਬੈਠੇ ਆਗੂਆਂ ਨੂੰ ਅਜਿਹੇ ਸੰਵੇਦਨਸ਼ੀਲ ਮੁੱਦਿਆਂ 'ਤੇ ਬਿਆਨ ਦਿੰਦੇ ਸਮੇਂ ਬਹੁਤ ਜ਼ਿਆਦਾ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ, ਅਤੇ ਜੋ ਵੀ ਤੱਥ ਸਾਹਮਣੇ ਆਉਣ, ਉਸ ਦੇ ਆਧਾਰ 'ਤੇ ਢੁਕਵੀਂ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਅਕਾਲੀ ਦਲ (ਪੁਨਰ ਸੁਰਜੀਤ ਧੜੇ) ਦੇ ਆਗੂਆਂ ਦੇ ਪਾਰਟੀ ਛੱਡਣ ਸੰਬੰਧੀ ਇੱਕ ਸਵਾਲ ਦੇ ਜਵਾਬ ਵਿੱਚ, ਵਿਧਾਇਕ ਨੇ ਕਿਹਾ ਕਿ ਉਨ੍ਹਾਂ ਦਾ ਇੱਕੋ ਇੱਕ ਧਿਆਨ ਪੰਜਾਬ ਦੇ ਸਾਹਮਣੇ ਆਉਣ ਵਾਲੇ ਮੁੱਦਿਆਂ ਅਤੇ ਜਨਤਾ ਨੂੰ ਦਰਪੇਸ਼ ਸਮੱਸਿਆਵਾਂ 'ਤੇ ਰਹਿੰਦਾ ਹੈ।

ਛੱਤਬੀੜ ਚਿੜੀਆਘਰ ਵਲੋਂ ਜਾਨਵਰਾਂ.....

ਕਿਲੋਗ੍ਰਾਮ ਆਈਸ ਕਿਊਬ ਪ੍ਰਦਾਨ ਕੀਤੇ ਜਾ ਰਹੇ ਹਨ। ਹਾਈਡਰੇਸ਼ਨ ਅਤੇ ਠੰਢਕ ਨੂੰ ਯਕੀਨੀ ਬਣਾਉਣ ਲਈ ਬਾਂਦਰਾਂ ਅਤੇ ਹਾਥੀਆਂ ਦੇ ਨਾਲ ਨਾਲ ਰਿੱਛਾਂ ਨੂੰ ਤਾਜ਼ੇ ਤਰਬੂਜ ਦਿੱਤੇ ਜਾ ਰਹੇ ਹਨ। ਗਰਮ ਮੌਸਮ ਵਿੱਚ ਤਰਲ ਅਤੇ ਇਲੈਕਟ੍ਰੋਲਾਈਟ ਦੀ ਹੋ ਰਹੀ ਕਮੀ ਨੂੰ ਵੇਖਦਿਆਂ, ਊਰਜਾ ਦੇ ਪੱਧਰ ਨੂੰ ਬਰਕਰਾਰ ਰੱਖਣ ਅਤੇ ਡੀਹਾਈਡਰੇਸ਼ਨ ਨੂੰ ਰੋਕਣ ਲਈ ਸਾਰੇ ਮਾਸਾਹਾਰੀ ਅਤੇ ਸਰਬ ਆਹਾਰੀ ਜਾਨਵਰਾਂ ਦੇ ਪੀਣ ਵਾਲੇ ਪਾਣੀ ਵਿੱਚ ਗਲੂਕੋਨ-ਡੀ ਪਾਊਡਰ ਮਿਲਾਇਆ ਜਾ ਰਿਹਾ ਹੈ। ਚਿੜੀਆਘਰ ਵੱਲੋਂ ਫਲਾਂ ਅਤੇ ਸਬਜ਼ੀਆਂ ਦੇ ਸੇਵਨ ਵਿੱਚ ਮੌਸਮ ਸਬੰਧੀ ਤਬਦੀਲੀਆਂ ਵੀ ਕੀਤੀਆਂ ਗਈਆਂ ਹਨ। ਕੇਲਿਆਂ ਦੀ ਥਾਂ ਪਪੀਤੇ ਦੀ ਵਰਤੋਂ ਕੀਤੀ ਜਾ ਰਹੀ ਹੈ ਕਿਉਂਕਿ ਪਪੀਤਾ ਪਚਣ ਵਿੱਚ ਆਸਾਨ ਹੁੰਦਾ ਹੈ ਅਤੇ ਇਸ ਵਿੱਚ ਪਾਣੀ ਦੀ ਮਾਤਰਾ ਜ਼ਿਆਦਾ ਹੁੰਦੀ ਹੈ। ਸ਼ਾਕਾਹਾਰੀ ਜਾਨਵਰਾਂ ਅਤੇ ਪੰਛੀਆਂ ਲਈ, ਪੱਤਾ ਗੋਭੀ ਦੇ ਪੱਤਿਆਂ ਦੀ ਥਾਂ ਪਾਲਕ ਦੇ ਪੱਤਿਆਂ ਦੀ ਵਰਤੋਂ ਕੀਤੀ ਜਾ ਰਹੀ ਹੈ ਅਤੇ ਮੂਲੀ ਦੀ ਥਾਂ ਖੀਰੇ ਦੀ ਵਰਤੋਂ ਕੀਤੀ ਜਾ ਰਹੀ ਹੈ, ਜੋ ਬਿਹਤਰ ਹਾਈਡਰੇਸ਼ਨ ਅਤੇ ਠੰਢਕ ਪ੍ਰਦਾਨ ਕਰਦਾ ਹੈ। ਇਹ ਉਪਾਅ ਛੱਤਬੀੜ ਚਿੜੀਆਘਰ ਦੇ ਗਰਮੀਆਂ ਸੰਬੰਧੀ ਤਿਆਰੀਆਂ ਦੇ ਨਿਯਮਤ ਪ੍ਰੋਟੋਕੋਲ ਦਾ ਹਿੱਸਾ ਹਨ, ਜਿਨ੍ਹਾਂ ਦੀ ਨਿਗਰਾਨੀ ਪਸ਼ੂਆਂ ਦੇ ਡਾਕਟਰਾਂ ਅਤੇ ਜਾਨਵਰਾਂ ਦੀ ਦੇਖਭਾਲ ਕਰਨ ਵਾਲੇ ਸਟਾਫ ਵੱਲੋਂ ਕੀਤੀ ਜਾਂਦੀ ਹੈ। ਚਿੜੀਆਘਰ ਸਖ਼ਤ ਗਰਮੀ ਦੇ ਮਹੀਨਿਆਂ ਦੌਰਾਨ ਚਿੜੀਆਘਰ ਵਿੱਚ ਰਹਿਣ ਵਾਲੇ ਸਾਰੇ ਜਾਨਵਰਾਂ ਲਈ ਅਨੁਕੂਲ ਪੋਸ਼ਣ ਅਤੇ ਦੇਖਭਾਲ ਨੂੰ ਯਕੀਨੀ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

ਪੰਜਾਬ ਦੇ ਰਾਜਪਾਲ ਨੇ.....

ਵਿਸ਼ੇਸ਼ ਪੱਤਰ ਵੀ ਦਿੱਤਾ ਗਿਆ ਜਿਸ ਦੇ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪੰਜਾਬ ਸਰਕਾਰ ਨੂੰ ਅਧਿਕਾਰਤ ਰੂਪ ਵਿੱਚ ਭੇਜੇ ਗਏ ਇਤਰਾਜ਼ਾਂ ਦਾ ਖਰੜਾ ਵੀ ਸ਼ਾਮਲ ਕੀਤਾ ਹੈ। ਮੁਲਾਕਾਤ ਤੋਂ ਬਾਅਦ ਮੀਡੀਆ ਨਾਲ ਗੱਲ ਕਰਦਿਆਂ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਨੇ ਕਿਹਾ ਕਿ ਜਦੋਂ ਤੋਂ ਇਹ ਕਾਨੂੰਨ ਆਇਆ ਹੈ ਉਦੋਂ ਤੋਂ ਹੀ ਕਈ ਤਰ੍ਹਾਂ ਦੀਆਂ ਟਿੱਪਣੀਆਂ ਅਤੇ ਬਿਆਨ ਸਾਹਮਣੇ ਆ ਰਹੇ ਹਨ। ਉਹ ਸੋਚ ਰਹੇ ਹਨ ਕਿ ਇਸ ਵਿਸ਼ੇ ਉੱਤੇ ਉਨ੍ਹਾਂ (ਮੁੱਖ ਮੰਤਰੀ ਪੰਜਾਬ) ਨੂੰ ਬੁਲਾ ਕੇ ਗੱਲਬਾਤ ਕਰਨਗੇ ਤਾਂ ਜੋ ਇਸ ਮਾਮਲੇ ਦਾ ਹੱਲ ਨਿਕਲੇ।

ਸੀਐਮ ਸੈਣੀ ਨੇ ਲਾਡਵਾ.....

ਜਨਭਲਾਈ ਲਈ ਸਮਰਪਿਤ ਹਨ। ਸਰਕਾਰ ਦਾ ਉਦੇਸ਼ ਸਿਰਫ਼ ਇੱਕ ਹੈ, ਇਸ ਖੇਤਰ ਦਾ ਵਿਕਾਸ ਅਤੇ ਇੱਥੋਂ ਦੇ ਹਰ ਨਾਗਰਿਕ ਦਾ ਉਥਾਨ ਕਰਨਾ। ਉਨ੍ਹਾਂ ਨੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਕਿਹਾ ਕਿ ਕੋਈ ਵੀ ਨਾਗਰਿਕ ਜਦੋਂ ਸ਼ਿਕਾਇਤ ਲੈ ਕੇ ਆਉਂਦਾ ਹੈ ਤਾਂ ਉਨ੍ਹਾਂ ਦੀ ਸੁਣਵਾਈ ਕਰਕੇ ਸ਼ਿਕਾਇਤ ਦਾ ਨਿਪਟਾਰਾ ਕਰਨ। ਉਸ ਸ਼ਿਕਾਇਤ ਨੂੰ ਲੈ ਕੇ ਕਿਸੇ ਵੀ ਨਾਗਰਿਕ ਨੂੰ ਦੁਬਾਰਾ ਚੱਕਰ ਨਾ ਲਗਾਉਣਾ ਪਵੇ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਜਲਦੀ ਤੋਂ ਜਲਦੀ ਆਨਲਾਈਨ ਨਾਮ ਠੀਕ ਕਰਨ ਦੀ ਪ੍ਰਕਿਰਿਆ ਨੂੰ ਪੂਰਾ ਕਰਨ ਤੋਂ ਬਾਅਦ ਆਰਟੀਈ ਤਹਿਤ ਬੱਚੇ ਦਾ ਪ੍ਰਾਈਵੇਟ ਸਕੂਲ ਵਿੱਚ ਦਾਖਲਾ ਕਰਵਾਉਣਾ ਯਕੀਨੀ ਬਣਾਇਆ ਜਾਵੇ। ਮੁੱਖ ਮੰਤਰੀ ਨੇ ਬਿਜਲੀ ਵਿਭਾਗ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੰਦੇ ਹੋਏ ਕਿਹਾ ਕਿ ਕਾਲੀਰਾਨੋ ਨਿਵਾਸੀ ਬਲਵਿੰਦਰ ਸਿੰਘ ਦੇ ਖੇਤ ਵਿੱਚ ਟ ?ਰਾਂਸਫਾਰਮਰ ਨੂੰ ਬਦਲਣ ਦਾ ਕੰਮ ਤੁਰੰਤ ਪੂਰਾ ਕੀਤਾ ਜਾਵੇ। ਇਸ ਦੇ ਨਾਲ ਹੀ ਮੁਨਿਆਰ ਪੁਰ ਨਿਵਾਸੀ ਭਗਤ ਸਿੰਘ ਦੇ ਚੋਰੀ ਹੋਏ ਟ੍ਰਾਂਸਫਾਰਮਰ ਦੀ ਜਗ੍ਹਾ ਨਵਾਂ ਟ੍ਰਾਂਸਫਾਰਮਰ ਲਗਾਇਆ ਜਾਵੇ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਵਿਧਾਨ ਸਭਾ ਖੇਤਰ ਦੇ 65 ਪਿੰਡਾਂ ਵਿੱਚ 11 ਕਰੋੜ 51 ਲੱਖ ਰੁਪਏ ਦੀ ਲਾਗਤ ਨਾਲ ਪੀਣ ਵਾਲੇ ਪਾਣੀ ਦੀ ਪਾਈਪ ਲਾਈਨ ਵਿਛਾਉਣ ਦਾ ਕੰਮ ਕੀਤਾ ਗਿਆ ਹੈ। ਲਾਡਵਾ ਸ਼ਹਿਰ ਵਿੱਚ ਸਹਾਰਨਪੁਰ-ਕੁਰੂਕਸ਼ੇਤਰ ਸੜਕ ਨੂੰ ਚਾਰ-ਮਾਰਗੀ ਕਰਨ ਦਾ ਕੰਮ 10 ਕਰੋੜ 20 ਲੱਖ ਰੁਪਏ ਦੀ ਲਾਗਤ ਨਾਲ ਕੀਤਾ ਗਿਆ ਹੈ। ਇਸੇ ਤਰ੍ਹਾਂ ਐਸਡੀਐਮ ਦਫ਼ਤਰ ਦਾ ਨਿਰਮਾਣ 16 ਕਰੋੜ 20 ਲੱਖ ਰੁਪਏ ਦੀ ਲਾਗਤ ਨਾਲ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਨਗਰ ਪਾਲਿਕਾ ਲਾਡਵਾ ਨੂੰ ਸੀਐਮ ਅਨਾਊਂਸਮੈਂਟ ਤੋਂ ਵੱਖ-ਵੱਖ ਵਿਕਾਸ ਕਾਰਜਾਂ ਲਈ 16 ਕਰੋੜ 37 ਲੱਖ ਰੁਪਏ ਦੀ ਰਕਮ ਦਿੱਤੀ ਗਈ ਹੈ। ਇਸ ਵਿੱਚੋਂ 7 ਕਰੋੜ 52 ਲੱਖ ਰੁਪਏ ਦੀ ਰਕਮ ਖ਼ਰਚ ਕੀਤੀ ਜਾ ਚੁੱਕੀ ਹੈ। ਬਾਕੀ ਰਕਮ ਦੇ ਵਿਕਾਸ ਕਾਰਜ ਜਾਰੀ ਹਨ। ਇਸੇ ਤਰ੍ਹਾਂ ਦਿਵਿਆ ਨਗਰ ਯੋਜਨਾ ਵਿੱਚ 2 ਕਰੋੜ 46 ਲੱਖ ਰੁਪਏ ਦੀ ਰਕਮ ਨਾਲ ਵਿਕਾਸ ਕਾਰਜ ਕੀਤੇ ਗਏ ਹਨ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਆਵਾਸ ਯੋਜਨਾ ਤਹਿਤ 364 ਮਕਾਨਾਂ ਦਾ ਨਿਰਮਾਣ ਕੀਤਾ ਗਿਆ ਹੈ ਅਤੇ 249 ਮਕਾਨ ਨਿਰਮਾਣ ਅਧੀਨ ਹਨ।

ਦੇਸ਼ ਪ੍ਰਦੇਸ਼ ਮੀਡੀਆ ਵੱਲੋਂ ਰਾਜੀਵ ਜੈਨ ਪ੍ਰਕਾਸ਼ਕ, CHANDIGARH OFFICE S.C.O 1136, SECTOR 22-B, CHANDIGARH ਅਤੇ MOHALI OFFICE ਪਲਾਟ ਨੰਬਰ 7-8, ਕਿਲ੍ਹਾ ਕੰਪਲੈਕਸ, ਐਸ.ਏ.ਐਸ ਨਗਰ (ਮੋਹਾਲੀ) 140301 ਤੋਂ ਪ੍ਰਕਾਸ਼ਿਤ ਕੀਤਾ। (ਪੀ.ਆਰ.ਬੀ ਐਕਟ ਤਹਿਤ ਖ਼ਬਰਾਂ ਦੇ ਚੋਣ ਲਈ ਜ਼ਿੰਮੇਵਾਰ) ਪ੍ਰਿੰਟਰ: ਤੰਨਮੇ ਮਹੇਸ਼ਵਰੀ ਇੰਪ੍ਰੈਸ਼ਨਜ਼ ਪ੍ਰਿੰਟਿੰਗ, ਇੰਡਸਟ੍ਰੀਅਲ ਏਰੀਆ, ਫ਼ੇਜ਼ 2, ਪੰਚਕੂਲਾ, ਹਰਿਆਣਾ 134113 ਤੋਂ ਛਪਵਾਇਆ। ਮੁੱਖ ਸੰਪਾਦਕ ਅਤੇ ਮਾਲਿਕ: ਸ਼ਸ਼ੀ ਪਾਲ ਜੈਨ, ਚੰਡੀਗੜ੍ਹ ਦਫ਼ਤਰ: ਐੱਸਸੀਓ 1136, ਸੈਕਟਰ 22-ਬੀ ਚੰਡੀਗੜ੍ਹ। ਖ਼ਬਰਾਂ ਦੀ ਜਵਾਬਦੇਹੀ ਪੱਤਰਕਾਰ ਦੀ ਹੋਵੇਗੀ। ਇਸ਼ਤਿਹਾਰਾਂ ਦੀ ਪਾਠਕ ਆਪ ਦੇਖਰੇਖ ਕਰਕੇ ਹੀ ਸਮਾਨ ਖਰੀਦਣ, ਅਦਾਰੇ ਦੀ ਕਿਸੇ ਵੀ ਸਮਾਨ ਵਿੱਚ ਸਹਿਮਤੀ ਨਹੀਂ। ਰਾਜਨੀਤੀਕ, ਸਮਾਜਿਕ ਇਸ਼ਤਿਹਾਰ ਲਈ ਪੱਤਰਕਾਰ ਜਵਾਬਦੇਹ ਹੋਵੇਗਾ। ਲੇਖ, ਆਰਟੀਕਲ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀ। ਕਿਸੇ ਵੀ ਵਿਵਾਦ ਵਿੱਚ ਖਰੜ ਦੀ ਅਦਾਲਤ ਹੀ ਮੰਨੀ ਜਾਵੇਗੀ।

ਆਈਪੀਐਲ ਨੇ ਬਣਾਇਆ ਆਲਟਾਈਮ ਰਿਕਾਰਡ, ਕੇਕੇਆਰ ਦੀ ਐਮਆਈ 'ਤੇ ਜਿੱਤ ਨੇ ਬਦਲਿਆ ਇਤਿਹਾਸ

ਨਵੀਂ ਦਿੱਲੀ, 21 ਮਈ (ਦੇਸ਼ ਪ੍ਰਦੇਸ਼ ਬਿਊਰੋ): ਆਈਪੀਐਲ ਨੇ ਇੱਕ ਸਭ ਤੋਂ ਵੱਡਾ ਰਿਕਾਰਡ ਬਣਾਇਆ ਹੈ। ਕੋਲਕਾਤਾ ਨਾਈਟ ਰਾਈਡਰਜ਼ ਦੀ ਮੁੰਬਈ ਇੰਡੀਅਨਜ਼ 'ਤੇ 4 ਵਿਕਟਾਂ ਦੀ ਜਿੱਤ ਆਈਪੀਐਲ ਦੇ ਇਤਿਹਾਸ ਵਿੱਚ ਪਹਿਲਾਂ ਕਦੇ ਨਾ ਦੇਖੇ ਗਏ ਮੀਲ ਪੱਥਰ ਵਜੋਂ ਦਰਸਾਈ ਗਈ ਹੈ। ਇਹ ਹੁਣ ਤੱਕ ਦੀ ਆਈਪੀਐਲ ਸੀਜ਼ਨ ਵਿੱਚ 42ਵਾਂ ਮੌਕਾ ਹੈ ਜਦੋਂ ਦੌੜ ਦਾ ਪਿੱਛਾ ਕਰਨ ਵਾਲੀ ਟੀਮ ਨੇ ਮੈਚ ਜਿੱਤਿਆ ਹੈ। ਕੇਕੇਆਰ ਮੌਜੂਦਾ ਸੀਜ਼ਨ ਵਿੱਚ ਦੂਜੀ ਬੱਲੇਬਾਜ਼ੀ ਕਰਦੇ ਹੋਏ ਮੈਚ ਜਿੱਤਣ ਵਾਲੀ 42ਵੀਂ ਟੀਮ ਬਣ ਗਈ ਹੈ, ਜੋ ਕਿ ਆਈਪੀਐਲ ਦੇ ਕਿਸੇ ਵੀ ਸੀਜ਼ਨ ਲਈ ਵਿਸ਼ਵ ਰਿਕਾਰਡ ਹੈ। ਦਰਅਸਲ, ਆਈਪੀਐਲ ਸੀਜ਼ਨ ਵਿੱਚ ਦੌੜ ਦਾ ਪਿੱਛਾ ਕਰਦੇ ਹੋਏ ਮੈਚ ਜਿੱਤਣ ਦਾ ਪਿਛਲਾ ਰਿਕਾਰਡ 2016 ਦੇ ਸੀਜ਼ਨ ਵਿੱਚ 41 ਸਫਲ ਪਿੱਛਾ ਸੀ। ਹਾਲਾਂਕਿ, ਆਈਪੀਐਲ 2026 ਵਿੱਚ 6 ਮੈਚ ਅਜੇ ਬਾਕੀ ਰਹਿੰਦੇ ਹਨ, ਮੌਜੂਦਾ ਸੀਜ਼ਨ ਪਹਿਲਾਂ ਹੀ ਇਸ ਅੰਕੜੇ ਨੂੰ ਪਾਰ ਕਰ ਚੁੱਕਾ ਹੈ। ਇਸ ਸੀਜ਼ਨ ਵਿੱਚ ਹੁਣ ਤੱਕ 65 ਮੈਚਾਂ ਵਿੱਚ, ਪਿੱਛਾ ਕਰਨ ਵਾਲੀਆਂ ਟੀਮਾਂ ਨੇ 42 ਵਾਰ

ਜਿੱਤ ਪ੍ਰਾਪਤ ਕੀਤੀ ਹੈ, ਭਾਵ ਪੂਰੇ ਹੋਏ ਮੈਚਾਂ ਵਿੱਚੋਂ 64.6 ਪ੍ਰਤੀਸ਼ਤ ਦੂਜੀ ਬੱਲੇਬਾਜ਼ੀ ਕਰਨ ਵਾਲੀ ਟੀਮ ਨੇ ਜਿੱਤੇ ਹਨ। ਕੇਕੇਆਰ ਅਤੇ ਪੰਜਾਬ ਕਿੰਗਜ਼ ਵਿਚਕਾਰ ਡਰਾਅ ਹੋਏ ਮੈਚ ਨੂੰ ਛੱਡ ਕੇ, ਇਹ ਪ੍ਰਤੀਸ਼ਤਤਾ ਵੱਧ ਕੇ 65.6 ਪ੍ਰਤੀਸ਼ਤ ਹੋ ਜਾਂਦੀ ਹੈ। ਇਹ ਧਿਆਨ ਦੇਣ ਯੋਗ ਹੈ ਕਿ ਆਈਪੀਐਲ ਦੇ ਇਤਿਹਾਸ ਵਿੱਚ ਸਿਰਫ ਤਿੰਨ ਸੀਜ਼ਨਾਂ ਵਿੱਚ ਹੀ ਟੀਚੇ ਦਾ ਪਿੱਛਾ ਕਰਨ ਵਾਲੀਆਂ ਟੀਮਾਂ ਨੇ 40 ਜਾਂ ਇਸ ਤੋਂ ਵੱਧ ਵਾਰ ਜਿੱਤ ਦਰਜ ਕੀਤੀ ਹੈ: 2026, 2016, ਅਤੇ 2011। ਆਈਪੀਐਲ 2011 ਵਿੱਚ 40ਵੀਂ ਜਿੱਤ (73 ਮੈਚ) ਕੇਕੇਆਰ ਨੇ ਐਮਆਈ ਨੂੰ ਹਰਾ ਕੇ ਪਲੇਆਫ ਦੀਆਂ ਉਮੀਦਾਂ ਨੂੰ ਜ਼ਿੰਦਾ ਰੱਖਿਆ ਹੈ। ਕੇਕੇਆਰ ਨੇ ਸ਼ਾਨਦਾਰ ਗੇਂਦਬਾਜ਼ੀ ਪ੍ਰਦਰਸ਼ਨ ਦੀ ਬਦੌਲਤ ਈਡਨ ਗਾਰਡਨ ਵਿੱਚ ਮੁੰਬਈ ਨੂੰ 4 ਵਿਕਟਾਂ ਨਾਲ ਹਰਾਇਆ। ਮੁੰਬਈ ਨੇ ਕੇਕੇਆਰ ਲਈ 148 ਦੌੜਾਂ ਦਾ ਟੀਚਾ ਰੱਖਿਆ ਸੀ, ਜਿਸਨੂੰ ਕੇਕੇਆਰ ਨੇ 18.5 ਓਵਰਾਂ ਵਿੱਚ 6 ਵਿਕਟਾਂ ਦੇ ਨੁਕਸਾਨ 'ਤੇ ਪ੍ਰਾਪਤ ਕਰ ਲਿਆ, ਜਿਸ ਨਾਲ ਉਨ੍ਹਾਂ ਦੀਆਂ ਪਲੇਆਫ ਦੀਆਂ ਉਮੀਦਾਂ ਜ਼ਿੰਦਾ ਰਹੀਆਂ।

ਗੁਰਪ੍ਰੀਤ ਸਿੰਘ ਕਾਂਗੜ ਨੇ ਟੀਂਨਾ ਨੂੰ ਦਿੱਤੀ ਵਧਾਈ, ਹਰਿਦੁਆਰ ਕਰਾਟੇ ਚੈਂਪੀਅਨਸ਼ਿਪ 'ਚ ਜਿੱਤਿਆ ਗੋਲਡ ਮੈਡਲ

ਬਠਿੰਡਾ, 21 ਮਈ (ਰਾਣਾ ਸ਼ਰਮਾ): ਹਰਿਦੁਆਰ (ਉਤਰਾਖੰਡ) ਵਿਖੇ 16 ਅਤੇ 17 ਮਈ ਨੂੰ ਭਾਰਤੀ ਖੇਡ ਸੰਘ ਵੱਲੋਂ ਮਨਤਾ ਪ੍ਰਾਪਤ ਅਤੇ ਯੁਵਾ ਮਾਮਲੇ ਤੇ ਖੇਡ ਮੰਤਰਾਲਾ, ਭਾਰਤ ਸਰਕਾਰ ਦੇ ਸਹਿਯੋਗ ਨਾਲ ਕਰਵਾਈ ਗਈ 8ਵੀਂ ਆਈ.ਐੱਸ.ਐੱਫ ਰਾਸ਼ਟਰੀ ਕਰਾਟੇ ਚੈਂਪੀਅਨਸ਼ਿਪ ਵਿੱਚ ਤਪਾ ਅਕੈਡਮੀ ਦੇ ਖਿਡਾਰੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਪੰਜਾਬ ਦਾ ਨਾਮ ਰੌਸ਼ਨ ਕੀਤਾ। ਇਸ ਚੈਂਪੀਅਨਸ਼ਿਪ ਵਿੱਚ ਦੇਸ਼ ਦੇ ਕਰੀਬ 14 ਸੂਬਿਆਂ ਤੋਂ ਵੱਡੀ ਗਿਣਤੀ ਵਿੱਚ ਖਿਡਾਰੀਆਂ ਨੇ ਭਾਗ ਲਿਆ। ਸਮਾਗਮ ਦੌਰਾਨ ਉਤਰਾਖੰਡ ਦੇ ਕੈਬਿਨੇਟ ਮੰਤਰੀ ਮਦਨ ਕੌਸ਼ਿਕ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ ਅਤੇ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਕੀਤੀ। ਦ ਗ੍ਰੇਟ ਫਿਸਟ ਕਰਾਟੇ ਡੋਜੋ ਤਪਾ ਅਕੈਡਮੀ ਦੀ ਖਿਡਾਰਨ ਟੀਂਨਾ ਪੁੱਤਰੀ ਰਾਕੇਸ਼ ਕੁਮਾਰ ਵਾਸੀ ਰਾਮਪੁਰਾ ਫੂਲ ਜ਼ਿਲ੍ਹਾ ਬਠਿੰਡਾ ਨੇ ਚੈਂਪੀਅਨਸ਼ਿਪ ਵਿੱਚ ਪਹਿਲਾ ਸਥਾਨ ਹਾਸਲ ਕਰਕੇ ਗੋਲਡ ਮੈਡਲ ਆਪਣੇ ਨਾਮ ਕੀਤਾ। ਟੀਨਾ ਦੀ ਇਸ ਵੱਡੀ ਉਪਲੱਬਧੀ ਨਾਲ ਪਰਿਵਾਰ, ਅਕੈਡਮੀ ਅਤੇ ਰਾਮਪੁਰਾ ਫੂਲ ਇਲਾਕੇ ਵਿੱਚ ਖ਼ੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਅਕੈਡਮੀ ਦੇ ਕੋਚ ਬੰਟੀ ਨੇ ਕਿਹਾ ਕਿ ਟੀਨਾ ਨੇ ਲਗਾਤਾਰ ਮਿਹਨਤ, ਅਨੁਸ਼ਾਸਨ ਅਤੇ ਦ੍ਰਿੜ ਇਰਾਦੇ ਨਾਲ ਇਹ ਸਫਲਤਾ ਹਾਸਲ ਕੀਤੀ ਹੈ। ਇਸ ਮੌਕੇ ਸਾਬਕਾ ਕੈਬਿਨੇਟ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ ਨੇ ਟੀਨਾ ਅਤੇ ਉਸਦੇ ਪਰਿਵਾਰ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਲਾਕੇ ਦੀਆਂ ਧੀਆਂ ਅੱਜ ਹਰ ਖੇਤਰ ਵਿੱਚ ਆਪਣੀ ਕਾਬਲੀਅਤ ਸਾਬਤ ਕਰ ਰਹੀਆਂ ਹਨ ਅਤੇ ਟੀਨਾ ਦੀ ਇਹ ਪ੍ਰਾਪਤੀ ਹੋਰ ਨੌਜਵਾਨਾਂ ਲਈ ਪ੍ਰੇਰਣਾ ਬਣੇਗੀ। ਉਨ੍ਹਾਂ ਕਿਹਾ ਕਿ ਖੇਡਾਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਦਾ ਸਭ ਤੋਂ ਵਧੀਆ ਸਾਧਨ ਹਨ। ਇਸ ਮੌਕੇ ਸੰਜੀਵ ਟੀਨਾ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ, ਤਿਤਰ ਮਾਨ,, ਡਾ. ਗੁਰਮੇਲ ਸਿੰਘ ਅਤੇ ਯੂਥ ਕਾਂਗਰਸੀ ਪ੍ਰਧਾਨ ਰਾਜਾ ਗਿੱਲ ਵੱਲੋਂ ਵੀ ਟੀਨਾ ਨੂੰ ਲੱਖ-ਲੱਖ ਵਧਾਈਆਂ ਦਿੱਤੀਆਂ ਗਈਆਂ।

ਸਰਾਭਾ ਨੌਜਵਾਨ ਕਲੱਬ ਪੀਰ ਦੀ ਸੈਨ ਵੱਲੋਂ ਚੌਥਾ ਕ੍ਰਿਕਟ ਟੂਰਨਾਮੈਂਟ ਕਰਵਾਇਆ

ਗੁਰਦਾਸਪੁਰ/ਧਾਰੀਵਾਲ, 21 ਮਈ (ਗੁਲਸ਼ਨ ਰਣੀਆ): ਸਰਾਭਾ ਨੌਜਵਾਨ ਕਲੱਬ ਪੀਰ ਦੀ ਸੈਨ ਵੱਲੋਂ ਪਿੰਡ ਦੇ ਸਰਪੰਚ ਸਿਮਰਦੀਪ ਸਿੰਘ ਸੋਹਲ, ਸਮੂਹ ਪੰਚਾਇਤ ਅਤੇ ਪਿੰਡ ਦੇ ਐਨ ਆਰ ਆਈ ਵੀਰਾਂ ਦੇ ਸਹਿਯੋਗ ਨਾਲ ਪਿੰਡ ਪੀਰ ਦੀ ਸੈਨ ਵਿਖੇ ਚਾਰ ਰੋਜ਼ਾ ਚੌਥਾ ਕ੍ਰਿਕਟ ਟੂਰਨਾਮੈਂਟ ਬੜੇ ਉਤਸ਼ਾਹ ਅਤੇ ਧੂਮਧਾਮ ਨਾਲ ਕਰਵਾਇਆ ਗਿਆ। ਇਸ ਟੂਰਨਾਮੈਂਟ ਵਿੱਚ ਇਲਾਕੇ ਦੀਆਂ ਕੁੱਲ 32 ਟੀਮਾਂ ਨੇ ਭਾਗ ਲੈ ਕੇ ਆਪਣੀ ਖੇਡ ਕਲਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਟੂਰਨਾਮੈਂਟ ਦੌਰਾਨ ਹਰ ਰੋਜ਼ ਵੱਡੀ ਗਿਣਤੀ ਵਿੱਚ ਖੇਡ ਪ੍ਰੇਮੀ ਦਰਸ਼ਕ ਮੈਚਾਂ ਦਾ ਆਨੰਦ ਲੈਣ ਲਈ ਮੈਦਾਨ ਵਿੱਚ ਪਹੁੰਚੇ ਅਤੇ ਖਿਡਾਰੀਆਂ ਦਾ ਹੌਸਲਾ ਵਧਾਇਆ। ਫਾਈਨਲ ਮੁਕਾਬਲਾ ਪਿੰਡ ਸੋਹਲ ਦੀ ਟੀਮ ਅਤੇ ਪਿੰਡ ਕੋਟਲਾ ਗੁਜਰਾ ਦੀ ਟੀਮ ਦਰਮਿਆਨ ਬਹੁਤ ਹੀ ਰੋਮਾਂਚਕ ਢੰਗ ਨਾਲ ਖੇਡਿਆ ਗਿਆ। ਦੋਵਾਂ ਟੀਮਾਂ ਦੇ ਖਿਡਾਰੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਦਰਸ਼ਕਾਂ ਦਾ ਮਨੋਰੰਜਨ ਕੀਤਾ। ਆਖਿਰਕਾਰ ਪਿੰਡ ਸੋਹਲ ਦੀ ਟੀਮ ਨੇ ਵਧੀਆ ਖੇਡ ਦਿਖਾਉਂਦੇ ਹੋਏ ਫਾਈਨਲ ਮੈਚ ਜਿੱਤ ਕੇ ਟਰੌਫੀ ਆਪਣੇ ਨਾਮ ਕੀਤੀ। ਜੇਤੂ ਟੀਮ ਨੂੰ ਟਰੌਫੀ ਅਤੇ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਕਲੱਬ ਮੈਂਬਰਾਂ ਅਤੇ ਪਿੰਡ ਦੇ ਮੋਹਤਬਰ ਵਿਅਕਤੀਆਂ ਨੇ ਕਿਹਾ ਕਿ ਅਜਿਹੇ ਖੇਡ ਟੂਰਨਾਮੈਂਟ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਅਤੇ ਖੇਡਾਂ ਨਾਲ ਜੋੜਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਖੇਡ ਪ੍ਰੇਮੀਆਂ ਵੱਲੋਂ ਵੀ ਮੈਚਾਂ ਦੌਰਾਨ ਬਿਹਤਰ ਪ੍ਰਦਰਸ਼ਨ ਕਰਨ ਵਾਲੇ ਖਿਡਾਰੀਆਂ ਨੂੰ ਨਗਦ ਰਾਸ਼ੀ ਦੇ ਕੇ ਹੌਸਲਾ ਅਫਜ਼ਾਈ ਕੀਤੀ ਗਈ। ਟੂਰਨਾਮੈਂਟ ਦੀ ਸਫਲਤਾ ਲਈ ਪਿੰਡ ਵਾਸੀਆਂ, ਐਨ ਆਰ ਆਈ ਵੀਰਾਂ ਅਤੇ ਕਲੱਬ ਮੈਂਬਰਾਂ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਟੂਰਨਾਮੈਂਟ ਦੌਰਾਨ ਸਰਪੰਚ ਸਿਮਰਦੀਪ ਸਿੰਘ ਸੋਹਲ, ਮਨਜੋਤ ਸਿੰਘ, ਵਰਿੰਦਰ ਸਿੰਘ,ਐਨ.ਆਰ.ਆਈ. ਅਮਿ?ਰੰਤਪਾਲ ਸਿੰਘ,ਅੰਗਮ ਰੰਧਾਵਾ, ਤਜਿੰਦਰ ਰੰਧਾਵਾ,ਜਗਦੀਪ, ਜੋਬਨ ਸੋਹਲ, ਗੁਰੀ ਸੋਹਲ,ਗਗਨ, ਗੁਰਬੀਰ,ਅਜੇਪਾਲ ਸਿੰਘ,ਜਸ਼ਪਾਲ ਸਿੰਘ, ਮਨਜਿੰਦਰ ਸਿੰਘ, ਗੁਰਜੋਤ ਸਿੰਘ,ਸੁਖਬੀਰ ਸਿੰਘ ਆਦਿ ਤੋਂ ਇਲਾਵਾ ਹੋਰ ਖੇਡ ਪ੍ਰੇਮੀਆਂ ਨੇ ਸਹਿਯੋਗ ਕੀਤਾ।

ਜੈਦੀਪ ਜਿੰਮੀ 'ਤੇ ਹਮਲੇ ਮਾਮਲੇ 'ਚ ਭੜਕੇ ਸੁਖਬੀਰ ਬਾਦਲ, ਕਿਹਾ ਪੰਜਾਬ 'ਚ ਕਾਨੂੰਨ ਵਿਵਸਥਾ ਪੂਰੀ ਤਰ੍ਹਾਂ ਫੇਲ

ਬਠਿੰਡਾ/ ਭੁੱਚੋ ਮੰਡੀ, 21 ਮਈ (ਰਾਣਾ ਸ਼ਰਮਾ /ਚਰਨਜੀਤ ਖੁਰਮੀ) : ਭੁੱਚੋ ਮੰਡੀ ਦੇ ਵਾਰਡ ਨੰਬਰ 2 ਤੋਂ ਸ਼?ਰੋਮਣੀ ਅਕਾਲੀ ਦਲ ਦੇ ਉਮੀਦਵਾਰ ਨਰਦੀਪ ਗਰਗ ਦੇ ਪੁੱਤਰ ਜੈਦੀਪ ਉਰਫ਼ ਜਿੰਮੀ 'ਤੇ ਹੋਏ ਭਿਆਨਕ ਹਮਲੇ ਤੋਂ ਬਾਅਦ ਸ਼?ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਉਨ੍ਹਾਂ ਦੇ ਘਰ ਪੁੱਜੇ ਅਤੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਇਸ ਮੌਕੇ ਉਨ੍ਹਾਂ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ 'ਤੇ ਤਿੱਖੇ ਸ਼ਬਦੀ ਹਮਲੇ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਕਾਨੂੰਨ ਵਿਵਸਥਾ ਦੀ ਸਥਿਤੀ ਬਹੁਤ ਹੀ ਮਾੜੀ ਹੋ ਚੁੱਕੀ ਹੈ ਅਤੇ ਲੋਕ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ। ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਪੰਜਾਬ ਵਿੱਚ ਹੁਣ ਕੁਝ ਹੀ ਮਹੀਨੇ ਬਾਕੀ ਰਹਿ ਗਏ ਹਨ ਅਤੇ ਸਰਕਾਰ ਦੀ ਹਰ ਨਾਕਾਮੀ ਦਾ ਹਿਸਾਬ ਲੋਕ ਜ਼ਰੂਰ ਲੈਣਗੇ। ਉਨ੍ਹਾਂ ਕਿਹਾ ਕਿ ਵਿਰੋਧੀਆਂ ਦੀ ਆਵਾਜ਼ ਦਬਾਉਣ ਲਈ ਧੱਕੇਸ਼ਾਹੀ ਅਤੇ ਹਿੰਸਾ ਦਾ ਸਹਾਰਾ ਲਿਆ ਜਾ ਰਿਹਾ ਹੈ, ਜਿਸਨੂੰ ਪੰਜਾਬ ਦੇ ਲੋਕ ਕਦੇ ਵੀ ਬਰਦਾਸ਼ਤ ਨਹੀਂ ਕਰਨਗੇ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਦੀ ਨਾਕਾਮ ਨੀਤੀਆਂ ਕਾਰਨ ਅਪਰਾਧਿਕ ਤੱਤਾਂ ਦੇ ਹੌਸਲੇ ਬੁਲੰਦ ਹੋ ਰਹੇ ਹਨ। ਇਸ ਦੌਰਾਨ ਉਨ੍ਹਾਂ ਭੁੱਚੋ ਮੰਡੀ ਨਗਰ ਕੌਂਸਲ ਚੋਣਾਂ ਵਿੱਚ ਸ਼?ਰੋਮਣੀ ਅਕਾਲੀ ਦਲ ਦੇ ਉਮੀਦਵਾਰਾਂ ਨੂੰ ਹੌਂਸਲਾ ਸ਼ੇਰੀ ਦਿੰਦਿਆਂ ਕਿਹਾ ਕਿ ਪਾਰਟੀ ਹਮੇਸ਼ਾਂ ਲੋਕਾਂ ਦੀ ਲੜਾਈ ਲੜਦੀ ਆਈ ਹੈ। ਇਸ ਮੌਕੇ ਉਨ੍ਹਾਂ ਨਾਲ ਹਲਕਾ ਇੰਚਾਰਜ ਡਾ. ਦਲਜੀਤ ਸਿੰਘ ਗੁਰੂ, ਬਠਿੰਡਾ ਜ਼ਿਲ੍ਹਾ ਦਿਹਾਤੀ ਪ੍ਰਧਾਨ ਜਗਸੀਰ ਕਲਿਆਣ, ਸਵਰਨ ਸਿੰਘ ਪੂਹਲੀ, ਨਰਦੀਪ ਗਰਗ, ਸ਼ਿਵਨੰਦਨ ਗਰਗ, ਸਿਕੰਦਰ ਔਲਖ, ਪਰਮਜੀਤ ਪੰਮਾ, ਸਾਧੂ ਰਾਮ ਅਤੇ ਹਰਗੋਬਿੰਦ ਚੇਅਰਮੈਨ ਲਹਿਰਾ ਖਾਨਾ ਵੀ ਮੌਜੂਦ ਸਨ।

ਰੇਲਵੇ ਮੰਤਰੀ ਅੱਗੇ ਭਾਜਪਾ ਆਗੂ ਵਿਨੋਦ ਸਿੰਗਲਾ ਨੇ ਰੱਖੀਆਂ ਮੰਗਾਂ, (ਜਲਦੀ ਹੀ ਕੀਤਾ ਜਾਵੇਗਾ ਲਹਿਰਾ ਸਟੇਸ਼ਨ ਦਾ ਦੌਰਾ) ਕੇਂਦਰੀ ਮੰਤਰੀ ਬਿੱਟੂ

ਲਹਿਰਾਗਾਗਾ, 21 ਮਈ (ਸ਼ਿਵਾ ਖਨ ਬਲਦੀ): ਭਾਜਪਾ ਦੇ ਸੂਬਾ ਕਾਰਜਕਾਰਨੀ ਮੈਂਬਰ ਵਿਨੋਦ ਕੁਮਾਰ ਸਿੰਗਲਾ ਨੇ ਰੇਲਵੇ ਮੰਤਰੀ ਰਵਨੀਤ ਬਿੱਟੂ ਨਾਲ ਦਿੱਲੀ ਵਿਖੇ ਮੁਲਾਕਾਤ ਕਰਦਿਆਂ ਲਹਿਰਾਗਾਗਾ ਸਟੇਸ਼ਨ ਦੇ ਮਸਲੇ ਸਬੰਧੀ ਵਿਚਾਰ ਚਰਚਾ ਕੀਤੀ ਅਤੇ ਮੰਗ ਰੱਖੀ ਗਈ। ਜਿਸ ਵਿੱਚ ਵਿਨੋਦ ਸਿੰਗਲਾ ਨੇ ਗੱਡੀਆਂ ਦੇ ਠਹਿਰਾਓ ਬਾਰੇ ਗੱਲਬਾਤ ਕਰਦਿਆਂ ਦੱਸਿਆ, ਕਿ ਨੰਦੇੜ ਸਾਹਿਬ ਜਾਣ ਵਾਲੀ ਗੱਡੀ ਦਾ ਠਹਿਰਾਓ ਲਹਿਰਾਗਾਗਾ ਵਿਖੇ ਕਰਵਾਇਆ ਜਾਵੇ। ਇਸ ਤੋਂ ਇਲਾਵਾ ਜੈਪੁਰ ਦਿੱਲੀ ਅਤੇ ਦਿੱਲੀ ਤੋਂ ਜੰਮੂਤਵੀ ਨੂੰ ਜਾਣ ਆਉਣ ਵਾਲੀਆਂ ਗੱਡੀਆਂ ਦਾ ਠਹਿਰਾਓ ਵੀ ਲਹਿਰਾਗਾਗਾ ਵਿਖੇ ਜ਼ਰੂਰ ਹੋਣਾ ਚਾਹੀਦਾ ਹੈ। ਕਿਉਂਕਿ ਲਹਿਰਾਗਾਗਾ ਦਾ ਰੇਲਵੇ ਸਟੇਸ਼ਨ ਬਹੁਤ ਪੁਰਾਣਾ ਹੈ। ਇਥੇ ਵਿਉਪਾਰ ਕਾਰਨ ਵੀ ਲੋਕਾਂ ਨੂੰ ਦਿੱਲੀ ਅਤੇ ਹੋਰ ਸ਼ਹਿਰਾਂ ਲਈ ਜਾਣਾ ਪੈਂਦਾ ਹੈ। ਇਸ ਤੋਂ ਇਲਾਵਾ ਉਹਨਾਂ ਮੰਗ ਰੱਖੀ ਕਿ ਸ਼ਹਿਰ ਦੇ ਇੱਕ ਪਾਸੇ ਪਲੇਟਫਾਰਮ ਹੈ, ਪਰ ਦੂਜੇ ਪਾਸੇ ਵੀ ਪਲੇਟਫਾਰਮ ਬਣਾਇਆ ਜਾਵੇ ਤਾਂ ਜੋ ਯਾਤਰੀਆਂ ਨੂੰ ਕਿਸੇ ਤਰ੍ਹਾਂ ਦੀ ਪਰੇਸ਼ਾਨੀ ਨਾ ਹੋਵੇ। ਇਸ ਸਬੰਧੀ ਰਵਨੀਤ ਸਿੰਘ ਬਿੱਟੂ ਰੇਲਵੇ ਮੰਤਰੀ ਨੇ ਕਿਹਾ ਕਿ ਜਲਦੀ ਹੀ ਲਹਿਰਾਗਾਗਾ ਦਾ ਦੌਰਾ ਕੀਤਾ ਜਾਵੇਗਾ ਅਤੇ ਉਥੇ ਜਿਸ ਕੰਮ ਦੀ ਜ਼ਰੂਰਤ ਹੋਈ ਉਸ ਦਾ ਖਾਕਾ ਤਿਆਰ ਕੀਤਾ ਜਾਵੇਗਾ। ਮੰਤਰੀ ਨੇ ਅੱਗੇ ਕਿਹਾ ਕਿ ਅੰਮ੍ਰਿਤਸਰ, ਧੂਰੀ ਸੰਗਰੂਰ ਆਦੀ ਸਟੇਸ਼ਨਾਂ ਦਾ ਨਵੀਨੀਕਰਨ ਕੀਤਾ ਜਾ ਰਿਹਾ ਹੈ, ਜਿਸ ਤੇ ਇੱਕ ਹਜ਼ਾਰ ਕਰੋੜ ਤੋਂ ਉੱਪਰ ਦੀ ਲਾਗਤ ਆਵੇਗੀ। ਇਸ ਤੋਂ ਇਲਾਵਾ ਯਾਤਰੀਆਂ ਦੀ ਸੁਵਿਧਾ ਲਈ ਮੋਦੀ ਸਰਕਾਰ ਵੱਲੋਂ ਹੋਰ ਵੀ ਯੋਜਨਾਵਾਂ ਤਿਆਰ ਕੀਤੀਆਂ ਜਾ ਰਹੀਆਂ ਹਨ। ਇਸ ਸਮੇਂ ਉਹਨਾਂ ਨਾਲ ਹੋਰ ਵੀ ਭਾਜਪਾ ਆਗੂ ਮੌਜੂਦ ਸਨ।

ਭਗਵੰਤ ਮਾਨ ਸਰਕਾਰ ਵੱਲੋਂ ਕੇਂਦਰੀ ਭਲਾਈ ਸਕੀਮਾਂ ਲਾਗੂ ਨਾ ਕਰਨ ਦਾ ਦੋਸ਼ : ਕੈਂਥ

ਨਾਭਾ, 21 ਮਈ (ਰਾਕੇਸ਼ ਜਿੰਦਲ ਸ਼ੁਭਮ ਜਿੰਦਲ): ਅੱਜ ਕਰਤਾਰ ਕਲੋਨੀ ਨਾਭਾ ਵਿਖੇ ਸੂਬਾ ਸਿੰਘ ਸੈਪਲਾ ਦੇ ਗ੍ਰਹਿ ਵਿਖੇ ਭਾਰਤੀ ਜਨਤਾ ਪਾਰਟੀ ਅਨੁਸੂਚਿਤ ਜਾਤੀ ਮੋਰਚਾ ਪੰਜਾਬ ਦੀਆਂ ਗਤੀਵਿਧੀਆਂ ਨੂੰ ਹੋਰ ਤੇਜ਼ ਅਤੇ ਮਜ਼ਬੂਤ ਕਰਨ ਸਬੰਧੀ ਇੱਕ ਅਹਿਮ ਮੀਟਿੰਗ ਆਯੋਜਿਤ ਕੀਤੀ ਗਈ। ਇਸ ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਸਰਦਾਰ ਪਰਮਜੀਤ ਸਿੰਘ ਕੈਂਥ, ਸੂਬਾਈ ਮੀਤ ਪ੍ਰਧਾਨ ਭਾਜਪਾ ਅਨੁਸੂਚਿਤ ਜਾਤੀ ਮੋਰਚਾ ਪੰਜਾਬ ਨੇ ਸ਼ਮੂਲੀਅਤ ਕੀਤੀ। ਮੀਟਿੰਗ ਨੂੰ ਸੰਬੋਧਨ ਕਰਦਿਆਂ ਪਰਮਜੀਤ ਸਿੰਘ ਕੈਂਥ ਨੇ ਕਿਹਾ ਕਿ ਪ੍ਰਧਾਨ ਮੰਤਰੀ Narendra Modi ਦੀ ਅਗਵਾਈ ਵਾਲੀ ਕੇਂਦਰ ਸਰਕਾਰ ਗਰੀਬ, ਪਿੱਛੜੇ ਅਤੇ ਅਨੁਸੂਚਿਤ ਜਾਤੀ ਵਰਗ ਦੇ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਭਲਾਈ ਸਕੀਮਾਂ ਦਾ ਲਾਭ ਸਮਾਜ ਦੇ ਹਰ ਵਰਗ ਤੱਕ ਪਹੁੰਚਾਉਣ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਕੈਂਥ ਨੇ ਦੋਸ਼ ਲਗਾਇਆ ਕਿ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਕੇਂਦਰ ਸਰਕਾਰ ਦੀਆਂ ਕਈ ਲੋਕ ਭਲਾਈ ਸਕੀਮਾਂ ਨੂੰ ਢੰਗ ਨਾਲ ਲਾਗੂ ਨਹੀਂ ਕੀਤਾ ਜਾ ਰਿਹਾ, ਜਿਸ ਕਾਰਨ ਗਰੀਬ ਅਤੇ ਲੋੜਵੰਦ ਵਰਗ ਨੂੰ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਅਨੁਸੂਚਿਤ ਜਾਤੀ ਮੋਰਚਾ ਪੰਜਾਬ ਦੇ ਪੱਧਰ 'ਤੇ ਲੋਕਾਂ ਨੂੰ ਕੇਂਦਰੀ ਯੋਜਨਾਵਾਂ ਬਾਰੇ ਜਾਗਰੂਕ ਕਰਨ ਲਈ ਜ਼ਮੀਨੀ ਪੱਧਰ 'ਤੇ ਮੁਹਿੰਮ ਹੋਰ ਤੇਜ਼ ਕੀਤੀ ਜਾਵੇਗੀ। ਇਸ ਮੌਕੇ ਹਾਜ਼ਰ ਆਗੂਆਂ ਜਿਨ੍ਹਾਂ ਹਾਲ ਹੀ ਵਿੱਚ ਭਾਜਪਾ ਵਿੱਚ ਸ਼ਾਮਿਲ ਹੋਏ ਹਨ, ਵਿੱਚ ਪੰਚਾਇਤ ਮੈਂਬਰ ਜਸਪ੍ਰੀਤ ਸਿੰਘ, ਮੈਂਬਰ ਪਰਮਜੀਤ ਰਾਮ ਜੋਸ਼ੀ, ਮੈਂਬਰ ਬਲਜੀਤ ਸਿੰਘ ਸਿੱਧੂ, ਰਣਜੀਤ ਸਿੰਘ ਰਾਣਾ, ਬਲਵਿੰਦਰ ਸਿੰਘ, ਸਰਬਜੀਤ ਸਿੰਘ ਬਾਂਸਲ ਅਤੇ ਸੁੱਚਾ ਸਿੰਘ ਸੈਪਲਾ ਸ਼ਾਮਿਲ ਸਨ। ਉਨ੍ਹਾਂ ਨੇ ਭਾਜਪਾ ਦੀਆਂ ਨੀਤੀਆਂ ਨੂੰ ਘਰ-ਘਰ ਤੱਕ ਪਹੁੰਚਾਉਣ ਅਤੇ ਸੰਗਠਨ ਨੂੰ ਹੋਰ ਮਜ਼ਬੂਤ ਕਰਨ ਦਾ ਸੰਕਲਪ ਵੀ ਲਿਆ।

ਮੁਫ਼ਤ ਸਿਹਤ ਕੈਂਪ ਬਣਿਆ ਲੋਕ ਸੇਵਾ ਦਾ ਕੇਂਦਰ, ਕੈਂਸਰ ਜਾਗਰੂਕਤਾ ਸਮੇਤ ਸੈਂਕੜਿਆਂ ਨੇ ਲਿਆ ਲਾਭ

ਬਠਿੰਡਾ, 21 ਮਈ (ਰਾਣਾ ਸ਼ਰਮਾ): ਰੇਲਵੇ ਇੰਸਟੀਚਿਊਟ ਬਠਿੰਡਾ ਵਿਖੇ ਕਰਨੈਲ ਸਿੰਘ ਮੈਮੋਰੀਅਲ ਚੈਰੀਟੇਬਲ ਟਰੱਸਟ ਅਤੇ ਸਿਲਵਰ ਓਕਸ ਗਰੁੱਪ ਆਫ ਸਕੂਲਜ਼ ਵੱਲੋਂ ਗਿਆਨਮੰਥਨ ਐਜੂਕੇਸ਼ਨਲ ਸਰਵਿਸਿਜ਼ ਪ੍ਰਾਈਵੇਟ ਲਿਮਿਟੇਡ ਦੇ ਸਹਿਯੋਗ ਅਤੇ ਵਰਲਡ ਕੈਂਸਰ ਕੇਅਰ ਸੋਸਾਇਟੀ ਦੇ ਸਾਥ ਨਾਲ ਮੁਫ਼ਤ ਸਿਹਤ ਅਤੇ ਜਾਗਰੂਕਤਾ ਕੈਂਪ ਸਫਲਤਾਪੂਰਵਕ ਆਯੋਜਿਤ ਕੀਤਾ ਗਿਆ। ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਚੱਲੇ ਇਸ ਕੈਂਪ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ ਨੇ ਪਹੁੰਚ ਕੇ ਵੱਖ-ਵੱਖ ਸਿਹਤ ਜਾਂਚਾਂ ਅਤੇ ਮੈਡੀਕਲ ਸਲਾਹ ਸੇਵਾਵਾਂ ਦਾ ਲਾਭ ਲਿਆ। ਕੈਂਪ ਦੌਰਾਨ ਕੈਂਸਰ ਜਾਗਰੂਕਤਾ, ਬਲੱਡ ਸ਼ੂਗਰ ਅਤੇ ਬਲੱਡ ਪ੍ਰੈਸ਼ਰ ਜਾਂਚ, ਥਾਇਰਾਇਡ ਟੈਸਟ, ਅੰਦਰੂਨੀ ਬਿਮਾਰੀਆਂ ਦੀ ਸਕ੍ਰੀਨਿੰਗ, ਮਹਿਲਾਵਾਂ ਲਈ ਪੈਪ ਸਮੀਅਰ ਟੈਸਟ ਅਤੇ ਪੁਰਸ਼ਾਂ ਲਈ ਪੀ.ਐਸ.ਏ. ਟੈਸਟ ਵਰਗੀਆਂ ਖ਼ਾਸ ਸਹੂਲਤਾਂ ਉਪਲਬਧ ਕਰਵਾਈਆਂ ਗਈਆਂ। ਇਸ ਤੋਂ ਇਲਾਵਾ ਮੂੰਹ ਅਤੇ ਗਲੇ ਦੀ ਜਾਂਚ, ਖੂਨ ਦੇ ਕੈਂਸਰ ਅਤੇ ਹੱਡੀਆਂ ਨਾਲ ਸੰਬੰਧਿਤ ਟੈਸਟ ਵੀ ਕੀਤੇ ਗਏ। ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਅਤੇ ਲੋੜ ਅਨੁਸਾਰ ਮੈਡੀਕਲ ਸਲਾਹ ਵੀ ਦਿੱਤੀ ਗਈ। ਇਸ ਮੌਕੇ 'ਤੇ ਸਿਲਵਰ ਓਕਸ ਗਰੁੱਪ ਆਫ ਸਕੂਲਜ਼ ਅਤੇ ਕਰਨੈਲ ਸਿੰਘ ਮੈਮੋਰੀਅਲ ਚੈਰੀਟੇਬਲ ਟਰੱਸਟ ਦੇ ਚੇਅਰਮੈਨ ਇੰਦਰਜੀਤ ਸਿੰਘ ਬਰਾੜ ਨੇ ਕਿਹਾ ਕਿ ਚੰਗੀ ਸਿਹਤ ਇੱਕ ਮਜ਼ਬੂਤ ਸਮਾਜ ਦੀ ਨੀਂਹ ਹੈ ਅਤੇ ਸਮੇਂ ਸਿਰ ਜਾਂਚ ਗੰਭੀਰ ਬਿਮਾਰੀਆਂ ਤੋਂ ਬਚਾਅ ਲਈ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਸਮਾਜ ਦੀ ਭਲਾਈ ਲਈ ਅਜਿਹੇ ਸੇਵਾ ਕਾਰਜ ਅੱਗੇ ਵੀ ਜਾਰੀ ਰਹਿਣਗੇ। ਕੈਂਪ ਵਿੱਚ ਡਾ. ਜਗਜੀਤ ਸਿੰਘ ਧੂਰੀ, ਡਾ. ਧਰਮਿੰਦਰ ਢਿੱਲੋਂ, ਮਿਸ ਬਰਨਿੰਦਰ ਪਾਲ ਸੇਖੋਂ ਅਤੇ ਨਰਿੰਦਰ ਬੱਸੀ ਸਮੇਤ ਕਈ ਮਾਹਿਰ ਡਾਕਟਰ ਅਤੇ ਸਿਹਤ ਵਿਸ਼ੇਸ਼ਗਿਆਨ ਹਾਜ਼ਰ ਰਹੇ। ਆਯੋਜਕਾਂ ਵੱਲੋਂ ਸਾਰੇ ਡਾਕਟਰਾਂ, ਵਲੰਟੀਅਰਾਂ ਅਤੇ ਸਹਿਯੋਗੀ ਸੰਸਥਾਵਾਂ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ।

ਦੁੱਖ ਦੀ ਘੜੀ ਵਿੱਚ ਐਸਬੀਆਈ ਲਾਈਫ਼ ਬਣੀ ਪਰਿਵਾਰ ਦਾ ਸਹਾਰਾ

ਸੰਗਰੂਰ, 21 ਮਈ (ਜਸਪਾਲ ਸਰਾਓ): State Bank of India ਅਤੇ SBI Life Insurance ਨੇ ਇੱਕ ਵਾਰ ਫਿਰ ਇਹ ਸਾਬਤ ਕੀਤਾ ਹੈ ਕਿ ਜੀਵਨ ਬੀਮਾ ਸਿਰਫ਼ ਇੱਕ ਪਾਲਿਸੀ ਨਹੀਂ, ਸਗੋਂ ਪਰਿਵਾਰ ਦੇ ਭਵਿੱਖ ਦੀ ਮਜ਼ਬੂਤ ਸੁਰੱਖਿਆ ਹੁੰਦੀ ਹੈ। ਜ਼ਿਲ੍ਹਾ ਸੰਗਰੂਰ ਦੇ ਪਿੰਡ ਘਨੌਰੀ ਕਲਾਂ ਦੇ ਵਸਨੀਕ ਸਵਰਗਵਾਸੀ ਗੁਰਪ੍ਰੀਤ ਸਿੰਘ, ਜੋ ਹਾਲ ਹੀ ਵਿੱਚ ਫੌਜ ਤੋਂ ਸੇਵਾਮੁਕਤ ਹੋ ਕੇ ਆਪਣੇ ਘਰ ਪਰਤੇ ਸਨ, ਨੇ ਆਪਣੇ ਪਰਿਵਾਰ ਦੇ ਸੁਰੱਖਿਅਤ ਭਵਿੱਖ ਅਤੇ ਸੁਪਨਿਆਂ ਨੂੰ ਸਾਕਾਰ ਕਰਨ ਦੇ ਉਦੇਸ਼ ਨਾਲ ਪਟਿਆਲਾ ਗੇਟ SBI ਸੰਗਰੂਰ ਸ਼ਾਖਾ ਰਾਹੀਂ SBI Life Insurance ਦੀ ?3 ਲੱਖ ਸਾਲਾਨਾ ਪ੍ਰੀਮੀਅਮ ਵਾਲੀ ਨਿਵੇਸ਼/ਬਚਤ ਯੋਜਨਾ ਲਈ ਸੀ। ਦੁਰਭਾਗਵਸ਼, ਪਾਲਿਸੀ ਵਿੱਚ ਸਿਰਫ ਪਹਿਲਾ ਪ੍ਰੀਮੀਅਮ 3 ਲੱਖ ਹੀ ਜਮਹਾਂ ਹੋਇਆ ਸੀ ਕਿ ਕੁਝ ਮਹੀਨਿਆਂ ਬਾਅਦ ਸਾਈਲੈਂਟ ਹਾਰਟ ਅਟੈਕ ਕਾਰਨ ਉਨ੍ਹਾਂ ਦਾ ਅਚਾਨਕ ਦੇਹਾਂਤ ਹੋ ਗਿਆ। ਇਸ ਦੁਖਦਾਈ ਸਮੇਂ ਦੌਰਾਨ SBI Life Insurance ਨੇ ਆਪਣਾ ਵਾਅਦਾ ਨਿਭਾਉਂਦੇ ਹੋਏ ਨਾਮਜ਼ਦ ਪਰਿਵਾਰਕ ਮੈਂਬਰ ਨੂੰ 21 ਲੱਖ ਦੀ ਬੀਮਾ ਕਲੇਮ ਰਕਮ ਸੌਂਪੀ। ਇਹ ਰਕਮ ਹੁਣ ਪਰਿਵਾਰ ਲਈ ਆਰਥਿਕ ਸੁਰੱਖਿਆ ਅਤੇ ਸਹਾਰਾ ਬਣੇਗੀ। ਗੁਰਪ੍ਰੀਤ ਸਿੰਘ ਆਪਣੇ ਪਿੱਛੇ ਘਰੇਲੂ ਮਹਿਲਾ ਪਤਨੀ ਅਤੇ ਸਕੂਲ ਵਿੱਚ ਪੜ੍ਹ ਰਹੀਆਂ ਦੋ ਛੋਟੀਆਂ ਧੀਆਂ ਛੱਡ ਗਏ ਹਨ। ਬੀਮਾ ਕਲੇਮ ਦੀ ਇਹ ਰਕਮ ਬੱਚਿਆਂ ਦੀ ਪੜ੍ਹਾਈ, ਪਰਿਵਾਰ ਦੇ ਪਾਲਣ-ਪੋਸ਼ਣ ਅਤੇ ਭਵਿੱਖ ਦੇ ਸੁਪਨਿਆਂ ਨੂੰ ਪੂਰਾ ਕਰਨ ਵਿੱਚ ਮਦਦਗਾਰ ਸਾਬਤ ਹੋਵੇਗੀ।

ਨਵਾਂ ਇਨਕਮ ਟੈਕਸ ਐਕਟ 2025 : ਟੈਕਸ ਪ੍ਰਣਾਲੀ ਵਿੱਚ ਵੱਡਾ ਬਦਲਾਅ: ਸੀਏ ਹਰਸ਼ ਜੈਨ

ਸੁਨਾਮ ਊਧਮ ਸਿੰਘ ਵਾਲਾ, 21 ਮਈ (ਰਾਜਿੰਦਰ ਕੁਮਾਰ ਸਾਹ): ਭਾਰਤ ਸਰਕਾਰ ਵੱਲੋਂ ਲਿਆਂਦਾ ਗਿਆ ਨਵਾਂ ਇਨਕਮ ਟੈਕਸ ਐਕਟ 2025 ਦੇਸ਼ ਦੀ ਟੈਕਸ ਪ੍ਰਣਾਲੀ ਨੂੰ ਆਧੁਨਿਕ, ਸੌਖਾ ਅਤੇ ਪਾਰਦਰਸ਼ੀ ਬਣਾਉਣ ਵੱਲ ਇਕ ਮਹੱਤਵਪੂਰਨ ਕਦਮ ਮੰਨਿਆ ਜਾ ਰਿਹਾ ਹੈ। ਲੰਬੇ ਸਮੇਂ ਤੋਂ ਚੱਲ ਰਹੇ ਇਨਕਮ ਟੈਕਸ ਐਕਟ 1961 ਦੀ ਥਾਂ ਹੁਣ ਨਵਾਂ ਕਾਨੂੰਨ ਲਾਗੂ ਕੀਤਾ ਗਿਆ ਹੈ, ਜਿਸ ਦਾ ਮੁੱਖ ਉਦੇਸ਼ ਆਮ ਲੋਕਾਂ ਅਤੇ ਵਪਾਰੀਆਂ ਲਈ ਟੈਕਸ ਪ੍ਰਕਿਰਿਆ ਨੂੰ ਆਸਾਨ ਬਣਾਉਣਾ ਹੈ। ਨਵੇਂ ਐਕਟ ਵਿੱਚ ਸਭ ਤੋਂ ਵੱਡਾ ਬਦਲਾਅ ਕਾਨੂੰਨੀ ਭਾਸ਼ਾ ਨੂੰ ਸਧਾਰਨ ਬਣਾਉਣਾ ਹੈ। ਪਹਿਲਾਂ ਵਰਤੇ ਜਾਂਦੇ "ਅਸੈਸਮੈਂਟ ਈਅਰ"ਅਤੇ "ਪ੍ਰੀਵਿਅਸ ਈਅਰ"ਵਰਗੇ ਜਟਿਲ ਸ਼ਬਦਾਂ ਦੀ ਥਾਂ ਹੁਣ "ਟੈਕਸ ਈਅਰ"ਵਰਤਿਆ ਜਾਵੇਗਾ, ਜਿਸ ਨਾਲ ਟੈਕਸ ਭਰਨ ਵਾਲਿਆਂ ਲਈ ਕਾਨੂੰਨ ਸਮਝਣਾ ਕਾਫ਼ੀ ਸੌਖਾ ਹੋਵੇਗਾ। ਕੁੱਲ ਮਿਲਾ ਕੇ, ਨਵਾਂ ਇਨਕਮ ਟੈਕਸ ਐਕਟ 2025 ਭਾਰਤ ਦੇ ਟੈਕਸ ਸਿਸਟਮ ਨੂੰ ਮਾਡਰਨ, ਸਿਮਪਲ ਅਤੇ ਟੈਕਸ ਭਰਨ ਵਾਲਿਆਂ ਲਈ ਸੁਵਿਧਾਜਨਕ ਬਣਾਉਣ ਵੱਲ ਇਕ ਵੱਡਾ ਕਦਮ ਹੈ, ਜਿਸ ਨਾਲ ਆਮ ਲੋਕਾਂ ਅਤੇ ਵਪਾਰੀਆਂ ਦੋਵਾਂ ਨੂੰ ਲੰਬੇ ਸਮੇਂ ਵਿੱਚ ਫਾਇਦਾ ਮਿਲਣ ਦੀ ਉਮੀਦ ਹੈ।

ਕੇਅਰ ਕੰਪੇਨੀਅਨ ਪ੍ਰੋਗਰਾਮ ਤਹਿਤ ਨਰਸਿੰਗ ਸਟਾਫ਼ ਨੂੰ ਦਿੱਤੀ ਸਿਖਲਾਈ

ਬਰਨਾਲਾ, 21 ਮਈ (ਅਵਤਾਰ ਸਿੰਘ ਫਰਵਾਹੀ): ਕੇਅਰ ਕੰਪੇਨੀਅਨ ਪ੍ਰੋਗਰਾਮ ਤਹਿਤ ਨਰਸਿੰਗ ਸਟਾਫ਼ ਸਿਵਲ ਹਸਪਤਾਲ ਬਰਨਾਲਾ ਦੀ ਟਰੇਨਿੰਗ ਸਿਵਲ ਸਰਜਨ ਬਰਨਾਲਾ ਡਾ. ਹਰੀਪਾਲ ਸਿੰਘ ਸਿੱਧੂ ਦੀ ਅਗਵਾਈ ਹੇਠ ਮਨਪ੍ਰੀਤ ਕੌਰ ਸਟੇਟ ਪ੍ਰੋਗਰਾਮ ਕੋਆਰਡੀਨੇਟਰ ਵੱਲੋਂ ਕਰਵਾਈ ਗਈ। ਇਸ ਸਿਖਲਾਈ ਪ੍ਰੋਗਰਾਮ ਵਿੱਚ ਗਰਭਵਤੀ ਔਰਤਾਂ, ਬੱਚਿਆਂ ਨੂੰ ਦੁੱਧ ਪਿਲਾਉਣ ਵਾਲੀਆਂ ਮਾਂਵਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਗਰਭ ਅਵਸਥਾ ਦੌਰਾਨ ਖਤਰੇ ਦੇ ਚਿੰਨ੍ਹ, ਦੇਖਭਾਲ ਕਰਨ ਦੇ ਤਰੀਕੇ,ਗੈਰ ਸੰਚਾਰੀ ਬਿਮਾਰੀਆਂ, ਪੌਸਟਿਕ ਖ਼ੁਰਾਕ ਅਤੇ ਮੋਬਾਇਲ ਕੇਅਰ ਕੰਪੇਨੀਅਨ ਸੇਵਾ ਸਬੰਧੀ ਜਾਣਕਾਰੀ ਦਿੱਤੀ ਗਈ। ਵਿਭਾਗ ਵੱਲੋਂ ਟੋਲ ਫਰੀ ਨੰਬਰ 18008899389 ਬਾਰੇ ਜਾਣਕਾਰੀ ਦਿੱਤੀ ਗਈ ਕਿ ਸਿਹਤ ਸਬੰਧੀ ਕੋਈ ਵੀ ਜਾਣਕਾਰੀ ਕਿਸੇ ਵੀ ਸਮੇਂ ਲਈ ਜਾ ਸਕਦੀ ਹੈ ।ਕਿਊ ਆਰ ਕੋਡ ਸਕੈਨ ਕਰਕੇ ਵੀ ਇਸ ਸੇਵਾ ਨਾਲ ਜੁੜਿਆ ਜਾ ਸਕਦਾ ਹੈ । ਸੀਨੀਅਰ ਮੈਡੀਕਲ ਅਫ਼ਸਰ ਡਾ. ਇੰਦੂ ਬਾਂਸਲ ਨੇ ਨਰਸਿੰਗ ਸਟਾਫ਼ ਨੂੰ ਰੋਜ਼ਾਨਾ ਕੇਅਰ ਕੰਪੇਨੀਅਨ ਸੈਸ਼ਨ ਲਗਾਏ ਜਾਣ ਅਤੇ ਮਰੀਜ਼ਾਂ ਨੂੰ ਛੁੱਟੀ ਤੋਂ ਪਹਿਲਾਂ ਕੇਅਰ ਕੰਪੇਨੀਅਨ ਸੇਵਾ ਨਾਲ ਰਜਿਸਟਰ ਕੀਤਾ ਜਾਵੇ ਤਾਂ ਜੋ ਉਹ ਘਰ ਬੈਠੇ ਸਿਹਤ ਸਹੂਲਤਾਂ ਬਾਰੇ ਜਾਣਕਾਰੀ ਹਾਸਲ ਕਰ ਸਕਣ ।ਇਸ ਸਮੇਂ ਸਿਵਲ ਸਰਜਨ ਬਰਨਾਲਾ ਡਾ. ਹਰੀਪਾਲ ਸਿੰਘ ਸਿੱਧੂ, ਸੀਨੀਅਰ ਮੈਡੀਕਲ ਅਫ਼ਸਰ ਡਾ. ਇੰਦੂ ਬਾਂਸਲ ਅਤੇ ਸਟੇਟ ਪ੍ਰੋਗਰਾਮ ਅਫ਼ਸਰ ਵੱਲੋਂ ਸਿਖਲਾਈ ਪ੍ਰਾਪਤ ਨਰਸਿੰਗ ਸਟਾਫ਼ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਸਮੇਂ ਕੁਲਦੀਪ ਸਿੰਘ ਮਾਨ ਜ਼ਿਲ੍ਹਾ ਮਾਸ ਮੀਡੀਆ ਤੇ ਸੂਚਨਾ ਅਫ਼ਸਰ, ਕੁਲਵੰਤ ਸਿੰਘ ਜ਼ਿਲ੍ਹਾ ਪ੍ਰੋਗਰਾਮ ਮੈਨੇਜਰ, ਬਲਰਾਜ ਸਿੰਘ ਡਿਪਟੀ ਮਾਸ ਮੀਡੀਆ ਤੇ ਸੂਚਨਾ ਅਫ਼ਸਰ, ਹਰਜੀਤ ਸਿੰਘ ਜ਼ਿਲ੍ਹਾ ਬੀ ਸੀ ਸੀ ਕੋਆਰਡੀਨੇਟਰ ਹਾਜ਼ਰ ਸਨ।

ਆਊਟ ਸੋਰਸ ਇੰਪਲਾਈਜ ਫੈਡਰੇਸ਼ਨ ਪੰਜਾਬ ਵੱਲੋਂ ਅਣਮਿੱਥੇ ਸਮੇਂ ਲਈ ਹੜਤਾਲ ਸ਼ੁਰੂ

ਲੁਧਿਆਣਾ, 21 ਮਈ (ਸਰਬਜੀਤ ਸੂਫ਼ੀ): ਬਿਜਲੀ ਨਿਗਮ ਚ ਐਨ ਸੀ ਸੀ, ਸੀ ਆਰ ਸੀ, ਸਟੋਰੇਜ਼ ਅਤੇ ਮੀਟਰਿੰਗ ਲੈਬ ਚ ਕੰਮ ਕਰਦੇ 1700 ਦੇ ਕਰੀਬ ਕੱਚੇ ਮੁਲਾਜਮਾਂ ਦੀ ਜੱਥੇਬੰਦੀ ਆਊਟ ਸੋਰਸ ਇੰਪਲਾਈਜ ਫੈਡਰੇਸ਼ਨ ਪੰਜਾਬ ਵੱਲੋਂ ਅਣਮਿੱਥੇ ਸਮੇਂ ਲਈ ਹੜਤਾਲ ਸ਼ੁਰੂ ਕਰ ਦਿੱਤੀ ਗਈ ਹੈ। ਰਾਤੀਂ 12 ਵਜੇ ਤੋਂ ਕੰਮ ਛੱਡ ਕੇ ਹੜਤਾਲ ਉੱਤੇ ਗਏ ਏਨਾ ਕਾਮਿਆਂ ਨੇ ਅੱਜ ਪੰਜਾਬ ਭਰ ਵਿੱਚ ਡਵੀਜ਼ਨ ਪੱਧਰ ਉੱਤੇ ਐਕਸੀਅਨਾਂ ਨੂੰ ਮੰਗ ਪੱਤਰ ਦੇਣ ਗੇਟ ਰੈਲੀਆਂ ਕਰਦੇ ਹੋਏ ਪੰਜਾਬ ਦੀ ਭਗਵੰਤ ਮਾਨ ਸਰਕਾਰ ਅਤੇ ਬਿਜਲੀ ਨਿਗਮ ਦੀ ਮੈਨੇਜਮੈਂਟ ਖਿਲਾਫ਼ ਜੰਮਕੇ ਰੋਸ ਪ੍ਰਦਰਸ਼ਨ ਕਰਦਿਆਂ ਹਾਲ ਦੀ ਘੜੀ ਮਹਿਕਮੇਂ ਵਿੱਚ ਕੰਟਰੈਕਟ 'ਤੇ ਲੈਣ ਦੀ ਮੰਗ ਕੀਤੀ ਤੇ ਸੇਵਾਵਾਂ ਨੂੰ ਰੈਗੂਲਰ ਕਰਨ ਲਈ ਜਲਦੀ ਕੋਈ ਨੀਤੀ ਬਣਾਉਣ ਦੀ ਮੰਗ ਕੀਤੀ। ਸੁੰਦਰ ਨਗਰ ਡਵੀਜ਼ਨ 'ਚ ਐਕਸੀਅਨ ਨੂੰ ਮੰਗ ਪੱਤਰ ਦੇਣ ਉਪਰੰਤ ਕੀਤੀ ਗੇਟ ਰੈਲੀ ਨੂੰ ਮੁਲਾਜਮ ਜੱਥੇਬੰਦੀਆਂ ਵੱਲੋਂ ਸਮੱਰਥਨ ਦਿੱਤਾ ਗਿਆ। ਉਚੇਚੇ ਤੌਰ ਤੇ ਪੁੱਜੇ ਪਾਵਰਕਾਮ ਐਂਡ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਏਟਕ ਦੇ ਸੂਬਾ ਮੀਤ ਪ੍ਰਧਾਨ ਕੇਵਲ ਸਿੰਘ ਬਨਵੈਤ ਅਤੇ ਪੀਐਸਈਬੀ ਇੰਪਲਾਈਜ ਫੈਡਰੇਸ਼ਨ ਏਟਕ ਦੇ ਸੂਬਾ ਸਕੱਤਰ ਗੁਰਪ੍ਰੀਤ ਸਿੰਘ ਮਹਿਦੂਦਾਂ ਨੇ ਕਿਹਾ ਬਿਜਲੀ ਮੁਲਾਜਮਾਂ ਦੇ ਸਾਂਝੇ ਥੜੇ ਵੱਲੋਂ ਕੱਚੇ ਮੁਲਾਜਮਾਂ ਨੂੰ ਪੱਕਾ ਕਰਨ ਦੀ ਮੰਗ ਪਹਿਲਾਂ ਹੀ ਕੀਤੀ ਜਾ ਰਹੀ ਹੈ ਅਤੇ ਅਸੀ ਅੱਜ ਵੀ ਮੰਗ ਕਰਦੇ ਹਾਂ ਕਿ ਮਹਿਜ 12/14 ਹਜਾਰ ਦੀ ਨਿਗੂਣੀ ਤਨਖਾਹ ਉੱਤੇ ਕੰਮ ਕਰਦੇ ਪੋਸਟ ਗਰੈਜੂਏਟ ਤੱਕ ਪੜੇ ਏਨਾ ਕੱਚੇ ਮੁਲਾਜਮਾਂ ਨੂੰ ਮਹਿਕਮੇ ਚ ਰੈਗੂਲਰ ਕਰਕੇ ਫੁੱਲ ਸਕੇਲ ਸਮੇਤ ਸਾਰੇ ਭੱਤੇ ਦਿੱਤੇ ਜਾਣ। ਗੌਰਵ ਕੁਮਾਰ ਸਰਕਲ ਪ੍ਰਧਾਨ, ਧਰਮਪਾਲ ਡਵੀਜ਼ਨ ਪ੍ਰਧਾਨ, ਕਮਲਦੀਪ ਸਿੰਘ ਰਣੀਆਂ ਸਬ ਡਵੀਜ਼ਨ ਪ੍ਰਧਾਨ (ਟੀਐਸਯੂ) ਨੇ ਸੰਘਰਸ਼ ਤੇ ਗਏ ਏਨਾ ਮੁਲਾਜਮਾਂ ਨੂੰ ਹਰ ਪ੍ਰਕਾਰ ਦਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਇਸ ਮੌਕੇ ਗੁਰਪ੍ਰੀਤ ਸਿੰਘ, ਇੰਦਰਜੀਤ ਸਿੰਘ, ਚਰਨਜੀਤ ਸਿੰਘ, ਗੋਪਾਲ, ਟੀਨਾ, ਸੁਨੀਤਾ, ਸੁਰੂਚੀ, ਰਿਤਿਕਾ, ਮਨਦੀਪ ਕੁਮਾਰ, ਪਰਮਜੋਤ ਸਿੰਘ, ਦਿਪੀਕਾ, ਕਾਰਤਿਕ, ਅਵਤਾਰ ਸਿੰਘ, ਰਿਤੂ, ਅਮਨਦੀਪ ਕੌਰ, ਚਰਨਪਰੀਤ ਕੌਰ, ਸੁਨੀਲ ਕੁਮਾਰ, ਲਵਕੁਸ਼, ਸੰਦੀਪ ਕੁਮਾਰ, ਯਤਨ ਪਰੀਤ ਸਿੰਘ, ਇਮਾਮ ਤਿਆਗੀ, ਅਨਿਲ ਸੈਣੀ ਤੇ ਹੋਰ ਹਾਜਰ ਸਨ।

ਕੋਟਕਪੂਰਾ ਵਿਖੇ ਬੀਡੀਪੀਓ ਦਫ਼ਤਰ ਅੱਗੇ ਨਰੇਗਾ ਕਾਮਿਆਂ ਵੱਲੋਂ ਰੋਸ਼ ਪ੍ਰਦਰਸ਼ਨ ਕੀਤਾ

ਕੋਟਕਪੂਰਾ, 21 ਮਈ (ਗੁਰਪ੍ਰੀਤ ਸਿੰਘ ਔਲਖ): ਨਰੇਗਾ ਕਾਮਿਆਂ ਦਾ ਵੱਲੋਂ ਨਰੇਗਾ ਕੰਮ ਨਾ ਮਿਲਣ ਤੇ ਵੱਖ ਵੱਖ ਜਥੇਬੰਦੀਆਂ ਵੱਲੋਂ ਬੀਡੀਪੀਓ ਓ ਦਫਤਰ ਕੋਟਕਪੂਰਾ ਵਿਖੇ ਧਰਨਾ ਨਰੇਗਾ ਆਗੂ ਗੁਰਪਾਲ ਸਿੰਘ ਨੰਗਲ,ਗੋਰਾ ਸਿੰਘ ਵੀਰਪਾਲ ਕੌਰ ਗਗਨਦੀਪ ਕੌਰ ਔਲਖ ਨਰੇਗਾ ਮੇਟ ਨੇ ਦੱਸਿਆ ਕਿ ਕੇਂਦਰ ਸਰਕਾਰ ਜੀ ਰਾਮ ਜੀ ਦੇ ਨਾਮ ਤੇ ਨਰੇਗਾ ਨੂੰ ਬੰਦ ਕਰਨਾ ਚਾਹੁੰਦੀ ਪਿਛੇ ਦੋ ਸਾਲਾਂ ਨਰੇਗਾ ਬੰਦ ਪਈ ਗਰੀਬ ਪਰਿਵਾਰਾਂ ਦੇ ਚੁੱਲ੍ਹੇ ਠੰਢੇ ਪਏ ਉਹਨਾਂ ਕਿਹਾ ਕਿ ਸਾਨੂੰ ਸਾਰਾ ਸਾਲ ਕੰਮ ਦਿੱਤਾ ਜਾਵੇ ਅਤੇ ਉਹਨਾਂ ਕਿਹਾ ਕਿ ਕੇਂਦਰ ਸਰਕਾਰ ਅਡਾਨੀ ਅੰਬਾਨੀ ਨੂੰ ਨੂੰ ਖ਼ੁਸ਼ ਕਰਨ ਲਈ ਗਰੀਬਾਂ ਦੇ ਪੇਟ ਵਿੱਚ ਲੱਤ ਮਾਰ ਰਹੀ ਹੈ ਬਲਕਾਰ ਸਿੰਘ ਔਲਖ ਦਿਹਾਤੀ ਮਜ਼ਦੂਰ ਸਭਾ ਗੁਰਪਾਲ ਸਿੰਘ ਨੰਗਲ ਪੰਜਾਬ ਖੇਤ ਮਜ਼ਦੂਰ ਸਭਾ ਜਸਵੰਤ ਸਿੰਘ ਨਿੱਕਾ ਔਲਖ, ਰੁਪਿੰਦਰ ਕੌਰ ਗਗਨਦੀਪ ਕੌਰ ਨਰੇਗਾ ਮੇਟ ਬਲਵੀਰ ਔਲਖ ਗੋਰਾ ਪਿਪਲੀ ਜ਼ਿਲ੍ਹਾ ਸਕੱਤਰ ਨਰੇਗਾ ਰੁਜਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਸਿੰਕਦਰ ਸਿੰਘ ਅਜਿੱਤਗਿੱਲ ਵੀਰਪਾਲ ਕੌਰ ਮੇਟ ਆਦਿ ਹਾਜ਼ਰ ਸਨ

ਕੰਵਰਜੀਤ ਸਿੰਘ ਰੋਜ਼ੀ ਬਰਕੰਦੀ ਵੱਲੋਂ ਧਰਮਪਾਲ ਪ੍ਰਜਾਪਤੀ ਦੇ ਚੋਣ ਦਫਤਰ ਦਾ ਉਦਘਾਟਨ

ਸ੍ਰੀ ਮੁਕਤਸਰ ਸਾਹਿਬ, 21 ਮਈ (ਆਦੇਸ਼): ਸਥਾਨਕ ਵਾਰਡ ਨੰਬਰ 3 ਤੋਂ ਨਗਰ ਕੌਂਸਲਰ ਦੀ ਚੋਣ ਲੜ ਰਹੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਉਮੀਦਵਾਰ ਸ੍ਰੀ ਧਰਮਪਾਲ ਕਾਂਤੀ ਪ੍ਰਜਾਪਤੀ ਦੇ ਦਫਤਰ ਦਾ ਉਦਘਾਟਨ ਸ੍ਰੀ ਕੰਵਰਜੀਤ ਸਿੰਘ ਰੋਜ਼ੀ ਬਰਕੰਦੀ ਸਾਬਕਾ ਵਿਧਾਇਕ ਸ੍ਰੀ ਮੁਕਤਸਰ ਸਾਹਿਬ ਵਲੋਂ ਕੀਤਾ ਗਿਆ। ਇਸ ਮੌਕੇ ਧਰਮਪਾਲ ਪ੍ਰਜਾਪਤੀ ਦੇ ਸਮਰਥਕਾਂ ਵਿੱਚ ਭਾਰੀ ਜੋਸ਼ ਤੇ ਉਤਸ਼ਾਹ ਦੇਖਿਆ ਜਾ ਰਿਹਾ ਸੀ। ਕੰਵਰਜੀਤ ਸਿੰਘ ਰੋਜ਼ੀ ਬਰਕੰਦੀ ਵਲੋਂ ਚੋਣ ਦਫਤਰ ਦੇ ਉਦਘਾਟਨ ਕਰਨ ਨਾਲ ਸ੍ਰੀ ਧਰਮਪਾਲ ਦੇ ਚੋਣ ਪ੍ਰਚਾਰ ਨੇ ਤੇਜੀ ਦੇ ਨਾਲ ਜ਼ੋਰ ਫੜ ਲਿਆ ਹੈ। ਆਪਣੇ ਸੰਬੋਧਨ ਦੌਰਾਨ ਰੋਜ਼ੀ ਬਰਕੰਦੀ ਨੇ ਬੋਲਦਿਆਂ ਕਿਹਾ ਕਿ ਨੌਜਵਾਨਾਂ ਨੂੰ ਰਾਜਨੀਤੀ ਵਿੱਚ ਅਗੇ ਆਉਣਾ ਚਾਹੀਦਾ ਹੈ। ਰੋਜ਼ੀ ਬਰਕੰਦੀ ਨੇ ਕਿਹਾ ਕਿ ਪਿਛਲੇ 10 ਸਾਲਾਂ ਵਿਚ ਸ਼ਹਿਰ ਵਿਚ ਕੋਈ ਵਿਕਾਸ ਨਹੀਂ ਹੋਇਆ, ਪੰਜਾਬ ਵਿੱਚ ਜੋ ਵਿਕਾਸ ਹੋਇਆ ਹੈ, ਉਹ ਅਕਾਲੀ ਸਰਕਾਰ ਨੇ ਕੀਤਾ ਹੈ, ਉਹਨਾਂ ਅਪੀਲ ਕੀਤੀ ਕਿ ਅਗਾਮੀ ਪੰਜਾਬ ਵਿਧਾਨ ਸਭਾ ਚੋਣਾਂ 2027 ਵਿਚ ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਸਰਕਾਰ ਬਨਾਉਣ ਲਈ ਵਧ ਤੋਂ ਵਧ ਅਕਾਲੀ ਦਲ ਦੇ ਐਮ.ਸੀ. ਬਨਾਉ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਸੀਨੀਅਰ ਆਗੂ ਸ੍ਰੀ ਪਵਨ ਪਰਜਾਪਤੀ ਚੀਫ ਜਰਨਲ ਸਕੱਤਰ ਪਰਜਾਪਤੀ ਕੁਮਹਾਰ ਮਹਾਸੰਘ ਪੰਜਾਬ ਨੇ ਕਿਹਾ ਕਿ ਸਰਵ ਸਮਾਜ ਦੇ ਜਨ ਸਮਰਥਨ ਮਿਲਣ ਨਾਲ ਇਸ ਤਿਕੋਣੇ ਮੁਕਾਬਲੇ ਵਿੱਚ ਸ੍ਰੀ ਧਰਮਪਾਲ ਪ੍ਰਜਾਪਤੀ ਦਾ ਪਲੜਾ ਭਾਰੀ ਹੈ। ਉਹਨਾਂ ਕਿਹਾ ਕਿ ਵਾਰਡ ਦੇ ਸਮਰਥਕ ਵੋਟਰ ਸ੍ਰੀ ਧਰਮਪਾਲ ਪ੍ਰਜਾਪਤੀ ਦੇ ਹੱਕ ਵਿੱਚ ਵੋਟਾਂ ਪਾਉਣ ਲਈ ਵੋਟ ਪੈਣ ਦੀ ਤਰੀਕ ਦਾ ਸ਼ਿੱਦਤ ਦੇ ਨਾਲ ਇੰਤਜਾਰ ਕਰ ਰਹੇ ਹਨ। ਪਵਨ ਪਰਜਾਪਤੀ ਨੇ ਅੱਗੇ ਆਖਿਆ ਕਿ ਪ੍ਰਜਾਪਤੀ (ਕੁੰਮਹਾਰ) ਮਹਾਸੰਘ ਪੰਜਾਬ ਦੀ ਸਮੁੱਚੀ ਟੀਮ ਪ੍ਰਜਾਪਤੀ ਸਭਾ ਸ੍ਰੀ ਮੁਕਤਸਰ ਸਾਹਿਬ ਅਤੇ ਉਮੀਦਵਾਰ ਸ੍ਰੀ ਧਰਮਪਾਲ ਪ੍ਰਜਾਪਤੀ ਦੇ ਨਾਲ ਹੈ। ਉਹਨਾਂ ਮੁਕਤਸਰ ਸਾਹਿਬ ਦੇ ਵਾਰਡ ਨੰਬਰ 3 ਦੇ ਸਾਰੇ ਵੋਟਰਾਂ ਨੂੰ ਅਪੀਲ ਕੀਤੀ ਕਿ ਮਿਤੀ 26-05-2026 ਨੂੰ ਅਪਣੀ ਇੱਕ ਇੱਕ ਕੀਮਤੀ ਵੋਟ ਸ੍ਰੀ ਧਰਮਪਾਲ ਪ੍ਰਜਾਪਤੀ ਦੇ ਚੋਣ ਨਿਸ਼ਾਨ 'ਤਕੜੀ' 'ਤੇ ਮੋਹਰਾਂ ਲਗਾ ਕੇ ਕਾਮਯਾਬ ਕਰੋ। ਇਸ ਮੋਕੇ ਹੋਰਨਾਂ ਤੋਂ ਇਲਾਵਾ ਵਰਿੰਦਰਪਾਲ ਸਿੰਘ ਗਲੋਰੀ, ਗੁਰਪ੍ਰੀਤ ਸਿੰਘ ਗੋਲਡੀ, ਉਦਮੀ ਰਾਮ, ਰਾਮ ਪ੍ਰਸਾਦ ਪਾਲੂ, ਹਰੀ ਰਾਮ, ਤਰਲੋਕ ਫਤਨਵਾਲਾ, ਸੰਤ ਰਾਮ, ਗੁਲੂ, ਸ਼ਨੀ, ਸੁੰਦਰ ਰਾਮ, ਸਾਧੂ ਸਿੰਘ, ਰਿਸ਼ੀ ਕੁਮਾਰ, ਮੋਤੀ ਰਾਮ, ਕੁਲਦੀਪ ਸਿੰਘ, ਪ੍ਰਦੀਪ ਕੁਮਾਰ, ਤਿਲਕ ਰਾਜ, ਗੰਗਾ ਰਾਮ, ਇੰਦਰਾਜ ਕੁਮਾਰ, ਪ੍ਰਵੇਸ਼ ਕੁਮਾਰ, ਸੁਨੀਲ ਕੁਮਾਰ, ਰਾਹੁਲ ਜਗਾ ਆਦਿ ਵੀ ਹਾਜ਼ਰ ਸਨ।

ਸ਼ਹਿਰ ਅੰਦਰ ਹੋ ਰਹੀ ਜਨਗਣਨਾ ਦੌਰਾਨ ਲੋਕ ਸਹੀ ਜਾਣਕਾਰੀ ਅਤੇ ਸਹਿਯੋਗ ਦੇਣ: ਹੈਪੀ ਜਿੰਦਲ

ਮੁੱਲਾਂਪੁਰ ਦਾਖਾ, 21 ਮਈ (ਤਰਸੇਮ ਸਿੰਘ ਸੇਮੀ): ਭਾਰਤ ਸਰਕਾਰ ਵੱਲੋ ਕਰਵਾਈ ਜਾ ਰਹੀ ਜਨਗਣਨਾ ਬਾਰੇ ਨਗਰ ਕੌਂਸਲ ਮੁੱਲਾਂਪੁਰ ਦਾਖਾ ਦੇ ਕਾਰਜ ਸਾਧਕ ਅਫਸਰ ਹੈਪੀ ਜਿੰਦਲ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਕਰਮਚਾਰੀਆਂ ਨੂੰ ਸਹੀ ਜਾਣਕਾਰੀ ਦੇਣ , ਤਾਂ ਜੋ ਅਗਾਉਂ ਕਿਸੇ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਉਹਨਾਂ ਦੱਸਿਆ ਕਿ ਸ਼ਹਿਰ ਦੇ 13 ਵਾਰਡਾਂ ਅੰਦਰ ਗਿਣਤੀਕਾਰਾਂ ਵੱਲੋਂ 15 ਮਈ 2026 ਤੋਂ ਜਨਗਣਨਾ ਦਾ ਕੰਮ ਸ਼ੁਰੂ ਕੀਤਾ ਹੋਇਆ ਹੈ , ਜਿਹੜਾ ਕਿ 13 ਜੂਨ 2026 ਤੱਕ ਜਾਰੀ ਰਹੇਗਾ । ਉਹਨਾਂ ਦੱਸਿਆ ਕਿ ਗਿਣਤੀਕਾਰਾਂ ਨੂੰ ਨਗਰ ਕੌਂਸਲ ਮੁੱਲਾਂਪੁਰ ਦਾਖਾ ਵੱਲੋ ਆਈ.ਡੀ ਕਾਰਡ ਵੀ ਜਾਰੀ ਕੀਤੇ ਗਏ ਹਨ ਅਤੇ ਕਰਮਚਾਰੀਆਂ ਵੱਲੋ ਪੁੱਛੇ ਗਏ ਸਾਰੇ ਸਵਾਲ ਅਤੇ ਲੋਕਾਂ ਵੱਲੋ ਦਿੱਤੇ ਗਏ ਸਾਰੇ ਜਵਾਬ ਗੁਪਤ ਰੱਖੇ ਜਾਣਗੇ। ਉਹਨਾਂ ਸਮੂਹ ਸ਼ਹਿਰ ਵਾਸੀਆਂ ਨੂੰ ਇਹ ਵੀ ਅਪੀਲ ਕੀਤੀ ਕਿ ਜਨਗਣਨਾ ਦੇ ਕੰਮ ਲਈ ਸਹਿਯੋਗ ਦਿੱਤਾ ਜਾਵੇ।

ਮੁਕਤਸਰ ਦੀ ਹਰ ਗਲੀ-ਮੁਹੱਲੇ 'ਚ ਆਵਾਰਾ ਕੁੱਤਿਆਂ ਕਾਰਨ ਲੋਕਾਂ ਦਾ ਘਰੋਂ ਨਿਕਲਣਾ ਮੁਸ਼ਕਲ

ਸ੍ਰੀ ਮੁਕਤਸਰ ਸਾਹਿਬ, 21 ਮਈ (ਆਦੇਸ਼): ਮੁਕਤਸਰ 'ਚ ਆਵਾਰਾ ਕੁੱਤਿਆਂ ਨੇ ਲੋਕਾਂ ਦਾ ਜੀਣਾ ਮੁਹਾਲ ਕਰ ਰੱਖਿਆ ਹੈ। ਗਲੀ-ਮੁਹੱਲਿਆਂ ਤੋਂ ਲੈ ਕੇ ਪਾਰਕਾਂ ਤੱਕ, ਹਰ ਜਗ ?ਹਾ ਖੂੰਖਾਰ ਕੁੱਤਿਆਂ ਦੇ ਝੁੰਡ ਘੁੰਮਦੇ ਦਿਖਾਈ ਦੇ ਜਾਂਦੇ ਹਨ। ਸੁਪਰੀਮ ਕੋਰਟ ਨੇ ਰੇਬੀਜ਼ ਸੰਕਰਮਿਤ ਅਤੇ ਖ਼ਤਰਨਾਕ ਕੁੱਤਿਆਂ ਨੂੰ ਖ਼ਤਮ ਕਰਨ ਦੀ ਸਖ਼ਤ ਟਿੱਪਣੀ ਕੀਤੀ ਹੈ, ਹਾਲਾਂਕਿ ਮੁਕਤਸਰ ਪ੍ਰਸ਼ਾਸਨ ਨੇ ਅਜੇ ਇਸ 'ਤੇ ਕੰਮ ਸ਼ੁਰੂ ਨਹੀਂ ਕੀਤਾ ਹੈ। ਸ਼ਹਿਰ ਵਾਸੀਆਂ ਨੇ ਮੰਗ ਕੀਤੀ ਹੈ ਕਿ ਰੇਬੀਜ਼ ਵਾਲੇ ਅਤੇ ਹਿੰਸਕ ਕੁੱਤਿਆਂ ਨੂੰ ਤੁਰੰਤ ਫੜਿਆ ਜਾਵੇ, ਤਾਂ ਜੋ ਲੋਕਾਂ ਦੀ ਜਾਨ ਦਾ ਖ਼ਤਰਾ ਟਲ ਸਕੇ। ਸਿਹਤ ਵਿਭਾਗ ਦੇ ਅੰਕੜੇ ਡਰਾਉਣੇ ਹਨ। ਜ਼ਿਲ੍ਹੇ ਵਿੱਚ ਹਰ ਰੋਜ਼ ਔਸਤਨ 20 ਲੋਕਾਂ ਨੂੰ ਆਵਾਰਾ ਕੁੱਤੇ ਕੱਟ ਰਹੇ ਹਨ। ਇਸ ਸਾਲ ਹੁਣ ਤੱਕ ਡੌਗ ਬਾਈਟ (ਕੁੱਤਿਆਂ ਦੇ ਕੱਟਣ) ਦੇ ਮਾਮਲੇ ਚਾਰ ਹਜ਼ਾਰ ਤੋਂ ਜ਼ਿਆਦਾ ਹਨ। ਪਿਛਲੇ ਪੰਜ ਸਾਲਾਂ ਵਿੱਚ ਇਹ ਗ੍ਰਾਫ ਲਗਾਤਾਰ ਉੱਪਰ ਗਿਆ ਹੈ। 2021 ਵਿੱਚ 2,958 ਕੇਸ ਸਨ, ਜੋ 2025 ਵਿੱਚ ਵਧ ਕੇ 12,402 ਹੋ ਗਏ। 2024 ਵਿੱਚ ਵੀ 5,521 ਲੋਕਾਂ ਨੂੰ ਕੁੱਤਿਆਂ ਨੇ ਕੱਟਿਆ ਸੀ। ਸ਼ਹਿਰ ਦਾ ਕੋਈ ਕੋਨਾ ਨਹੀਂ ਬਚਿਆ ਸੁਰੱਖਿਅਤ ਗੋਨਿਆਣਾ ਰੋਡ, ਰੇਲਵੇ ਰੋਡ, ਅਬੋਹਰ ਰੋਡ, ਬੱਸ ਸਟੈਂਡ, ਗੁਰੂ ਗੋਬਿੰਦ ਸਿੰਘ ਪਾਰਕ, ਬਠਿੰਡਾ ਰੋਡ, ਕੋਟਕਪੂਰਾ ਰੋਡ, ਸ਼ੇਰ ਸਿੰਘ ਚੌਂਕ, ਜਲਾਲਾਬਾਦ ਰੋਡ, ਆਦਰਸ਼ ਨਗਰ, ਮਾਡਲ ਟਾਊਨ, ਬੂੜਾ ਗੁੱਜਰ ਰੋਡ, ਮੇਨ ਬਾਜ਼ਾਰ ਅਤੇ ਸਦਰ ਬਾਜ਼ਾਰ ਸਮੇਤ ਸਬਜ਼ੀ ਮੰਡੀ ਵਿੱਚ ਵੀ ਸਵੇਰੇ-ਸਵੇਰੇ ਲੋਕਾਂ 'ਤੇ ਕੁੱਤਿਆਂ ਦੇ ਝੁੰਡ ਹਮਲਾ ਕਰ ਦਿੰਦੇ ਹਨ। ਰਾਹਗੀਰਾਂ, ਬੱਚਿਆਂ ਅਤੇ ਬਜ਼ੁਰਗਾਂ ਦਾ ਘਰੋਂ ਨਿਕਲਣਾ ਮੁਸ਼ਕਲ ਹੋ ਗਿਆ ਹੈ। ਪਛਾਣ ਕਰਕੇ ਹੋਵੇਗੀ ਕਾਰਵਾਈ : ਈਓ ਨਗਰ ਕੌਂਸਲ ਦੇ ਈ.ਓ. ਵਰੁਣ ਸਹੋਤਾ ਨੇ ਕਿਹਾ ਕਿ ਉਨ੍ਹਾਂ ਨੂੰ ਸੁਪਰੀਮ ਕੋਰਟ ਦੇ ਹੁਕਮਾਂ ਦੀ ਜਾਣਕਾਰੀ ਹੈ। ਆਵਾਰਾ ਅਤੇ ਖ਼ਤਰਨਾਕ ਕੁੱਤਿਆਂ ਦੀ ਪਛਾਣ ਕੀਤੀ ਜਾਵੇਗੀ, ਫਿਰ ਅਗਲੀ ਕਾਰਵਾਈ ਹੋਵੇਗੀ।

ਡੀਬੀਯੂ ਦੇ ਖੇਤੀਬਾੜੀ ਵਿਦਿਆਰਥੀਆਂ ਨੇ ਟਿਵਾਣਾ ਬੀ ਫਾਰਮ ਦੇ ਅਨੁਭਵੀ ਦੌਰੇ ਨਾਲ ਵਿਸ਼ਵ ਮਧੂ ਮੱਖੀ ਦਿਵਸ ਮਨਾਇਆ

ਫ਼ਤਹਿਗੜ੍ਹ ਸਾਹਿਬ, 21 ਮਈ (ਅਭਿਸ਼ੇਕ ਮਲਹੋਤਰਾ): ਦੇਸ਼ ਭਗਤ ਯੂਨੀਵਰਸਿਟੀ (ਡੀਬੀਯੂ) ਦੇ ਫੈਕਲਟੀ ਆਫ ਐਗਰੀਕਲਚਰ ਐਂਡ ਲਾਈਫ ਸਾਇੰਸਜ਼ ਦੇ ਐਗ੍ਰਿਮ ਕਲੱਬ ਵੱਲੋਂ ਵਿਸ਼ਵ ਮਧੂ ਮੱਖੀ ਦਿਵਸ 2026 ਮੌਕੇ ਦੋਰਾਹਾ ਸਥਿਤ ਟਿਵਾਣਾ ਬੀ ਫਾਰਮ ਦਾ ਸਿੱਖਿਆਤਮਕ ਦੌਰਾ ਕਰਵਾਇਆ ਗਿਆ। ਇਸ ਦੌਰੇ ਦੌਰਾਨ ਵਿਦਿਆਰਥੀਆਂ ਨੂੰ ਸ਼ਹਿਦ ਦੀ ਮੱਖੀ ਪਾਲਣ ਦੀਆਂ ਤਕਨੀਕਾਂ ਅਤੇ ਪ੍ਰਕਿਰਿਆਵਾਂ ਬਾਰੇ ਪ੍ਰਯੋਗਾਤਮਕ ਜਾਣਕਾਰੀ ਪ੍ਰਾਪਤ ਹੋਈ, ਜਿਸ ਨਾਲ ਟਿਕਾਊ ਖੇਤੀਬਾੜੀ ਅਤੇ ਪਰਿਆਵਰਨਕ ਸੰਤੁਲਨ ਵਿੱਚ ਪਰਾਗਣ ਕਰਨ ਵਾਲੀਆਂ ਮੱਖੀਆਂ ਦੀ ਮਹੱਤਵਪੂਰਨ ਭੂਮਿਕਾ ਹੋਰ ਮਜ਼ਬੂਤ ਹੋਈ। ਪ੍ਰੋਗਰਾਮ ਦੀ ਸ਼ੁਰੂਆਤ ਵਾਈਸ ਚਾਂਸਲਰ ਪ੍ਰੋ. (ਡਾ.) ਹਰਸ਼ ਸਦਾਵਰਤੀ ਦੇ ਪ੍ਰੇਰਨਾਦਾਇਕ ਸੰਬੋਧਨ ਨਾਲ ਹੋਈ। ਉਨ੍ਹਾਂ ਨੇ ਸ਼ਹਿਦ ਦੀਆਂ ਮੱਖੀਆਂ ਦੀ ਸੁਰੱਖਿਆ ਦੇ ਮਹੱਤਵ ਉੱਤੇ ਜ਼ੋਰ ਦਿੰਦਿਆਂ ਖੇਤੀਬਾੜੀ ਸਮੂਹਾਂ ਲਈ ਮੱਖੀ ਪਾਲਣ ਦੇ ਆਰਥਿਕ ਅਤੇ ਪਰਿਆਵਰਨਕ ਲਾਭਾਂ ਬਾਰੇ ਚਰਚਾ ਕੀਤੀ। ਫੈਕਲਟੀ ਆਫ ਐਗਰੀਕਲਚਰ ਐਂਡ ਲਾਈਫ ਸਾਇੰਸਜ਼ ਦੇ ਡੀਨ ਪ੍ਰੋ. (ਡਾ.) ਐਚ.ਕੇ. ਸਿੱਧੂ ਨੇ ਇਸ ਸਾਲ ਦੇ ਵਿਸ਼ਵ ਮਧੂ ਮੱਖੀ ਦਿਵਸ ਦੇ ਥੀਮ "ਲੋਕਾਂ ਅਤੇ ਧਰਤੀ ਲਈ ਇਕੱਠੇ ਮੱਖੀਆਂ ਦੀ ਰੱਖਿਆ: ਇੱਕ ਭਾਗੀਦਾਰੀ ਜੋ ਸਾਨੂੰ ਸਾਰਿਆਂ ਨੂੰ ਕਾਇਮ ਰੱਖਦੀ ਹੈ"ਬਾਰੇ ਜਾਣਕਾਰੀ ਦਿੱਤੀ ਅਤੇ ਪਰਿਆਵਰਨਕ ਸੰਤੁਲਨ ਅਤੇ ਖਾਧ ਸੁਰੱਖਿਆ ਵਿੱਚ ਮੱਖੀਆਂ ਦੇ ਅਹਿਮ ਯੋਗਦਾਨ ਨੂੰ ਉਜਾਗਰ ਕੀਤਾ। ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ ਅਤੇ ਪ੍ਰੋ-ਚਾਂਸਲਰ ਡਾ. ਤਜਿੰਦਰ ਕੌਰ ਨੇ ਵਿਭਾਗ ਦੀ ਇਸ ਪਹਿਲ ਦੀ ਸ਼ਲਾਘਾ ਕਰਦਿਆਂ ਐਗ੍ਰਿਮ ਕਲੱਬ ਦੀ ਪ੍ਰਸ਼ੰਸਾ ਕੀਤੀ, ਜਿਸ ਨੇ ਸਿੱਖਿਆਤਮਕ ਗਿਆਨ ਨੂੰ ਅਸਲ ਖੇਤੀਬਾੜੀ ਅਭਿਆਸ ਨਾਲ ਜੋੜਦਾ ਮੁੱਲ-ਆਧਾਰਿਤ ਅਤੇ ਜਾਗਰੂਕਤਾ ਕੇਂਦਰਿਤ ਪ੍ਰੋਗਰਾਮ ਆਯੋਜਿਤ ਕੀਤਾ।

ਆਨ-ਸਕ੍ਰੀਨ ਮਾਰਕਿੰਗ ਨਾਲ ਪ੍ਰੀਖਿਆ ਮੁਲਾਂਕਣ ਵਿੱਚ ਆਈ ਪਾਰਦਰਸ਼ਿਤਾ ਦੀ ਨਵੀਂ ਲਹਿਰ : ਡਾ. ਰਾਮ ਕਿਸ਼ਨ ਯਾਦਵ

ਸਰਦੂਲਗੜ੍ਹ, 21 ਮਈ (ਧਰਮ ਚੰਦ ਸਿੰਗਲਾ) ਮੀਰਾ ਪਬਲਿਕ ਸਕੂਲ ਦੇ ਪ੍ਰਿੰਸੀਪਲ ਡਾ. ਰਾਮ ਕਿਸ਼ਨ ਯਾਦਵ ਨੇ ਕਿਹਾ ਕਿ ਦੇਸ਼ ਦੀ ਸਿੱਖਿਆ ਪ੍ਰਣਾਲੀ ਵਿੱਚ ਸੁਧਾਰ ਲਈ ਆਨ-ਸਕ੍ਰੀਨ ਮਾਰਕਿੰਗ (OSM) ਇੱਕ ਮਹੱਤਵਪੂਰਨ ਅਤੇ ਆਧੁਨਿਕ ਕਦਮ ਵਜੋਂ ਸਾਹਮਣੇ ਆ ਰਹੀ ਹੈ ਉਨ੍ਹਾਂ ਦੱਸਿਆ ਕਿ ਵੱਖ-ਵੱਖ ਸਿੱਖਿਆ ਬੋਰਡਾਂ ਵੱਲੋਂ ਅਪਣਾਈ ਜਾ ਰਹੀ ਇਹ ਡਿਜੀਟਲ ਮੁਲਾਂਕਣ ਪ੍ਰਣਾਲੀ ਪ੍ਰੀਖਿਆ ਨਤੀਜਿਆਂ ਵਿੱਚ ਪਾਰਦਰਸ਼ਿਤਾ ਅਤੇ ਭਰੋਸੇਯੋਗਤਾ ਨੂੰ ਮਜ਼ਬੂਤ ਕਰ ਰਹੀ ਹੈ। ਡਾ. ਯਾਦਵ ਨੇ ਦੱਸਿਆ ਕਿ ਰਵਾਇਤੀ ਕਾਪੀ ਜਾਂਚ ਪ੍ਰਣਾਲੀ ਵਿੱਚ ਮਨੁੱਖੀ ਗਲਤੀਆਂ ਅਤੇ ਪੱਖਪਾਤ ਦੀ ਸੰਭਾਵਨਾ ਰਹਿੰਦੀ ਸੀ, ਪਰ ਆਨ-ਸਕ੍ਰੀਨ ਮਾਰਕਿੰਗ ਪ੍ਰਣਾਲੀ ਨਾਲ ਇਨ੍ਹਾਂ ਸਮੱਸਿਆਵਾਂ ਵਿੱਚ ਵੱਡੀ ਕਮੀ ਆਈ ਹੈ। ਇਸ ਤਹਿਤ ਪਰੀਖਿਅਕ ਉੱਤਰ-ਪੁਸਤਿਕਾਵਾਂ ਨੂੰ ਕੰਪਿਊਟਰ ਸਕ੍ਰੀਨ 'ਤੇ ਜਾਂਚਦੇ ਹਨ, ਜਿਸ ਨਾਲ ਹਰ ਅੰਕਣ ਦੀ ਡਿਜੀਟਲ ਰਿਕਾਰਡਿੰਗ ਸੁਰੱਖਿਅਤ ਰਹਿੰਦੀ ਹੈ ਅਤੇ ਪੂਰੀ ਪ੍ਰਕਿਰਿਆ ਹੋਰ ਵਧੇਰੇ ਪਾਰਦਰਸ਼ੀ ਬਣਦੀ ਹੈ। ਉਨ੍ਹਾਂ ਕਿਹਾ ਕਿ ਇਸ ਪ੍ਰਣਾਲੀ ਦੇ ਲਾਗੂ ਹੋਣ ਨਾਲ ਨਤੀਜਿਆਂ ਦਾ ਐਲਾਨ ਸਮੇਂ ਸਿਰ ਅਤੇ ਹੋਰ ਸਟੀਕ ਢੰਗ ਨਾਲ ਹੋ ਰਿਹਾ ਹੈ। ਨਾਲ ਹੀ ਕਿਸੇ ਵੀ ਤਰ੍ਹਾਂ ਦੀ ਗੜਬੜ ਜਾਂ ਬੇਨਿਯਮੀ ਦੀ ਜਾਂਚ ਕਰਨਾ ਵੀ ਪਹਿਲਾਂ ਨਾਲੋਂ ਆਸਾਨ ਹੋ ਗਿਆ ਹੈ।ਡਾ. ਰਾਮ ਕਿਸ਼ਨ ਯਾਦਵ ਨੇ ਵਿਸ਼ਵਾਸ ਜਤਾਇਆ ਕਿ ਆਉਣ ਵਾਲੇ ਸਮੇਂ ਵਿੱਚ ਆਨ-ਸਕ੍ਰੀਨ ਮਾਰਕਿੰਗ ਦੇਸ਼ ਭਰ ਵਿੱਚ ਇੱਕ ਮਿਆਰੀ ਪ੍ਰਣਾਲੀ ਵਜੋਂ ਸਥਾਪਿਤ ਹੋ ਸਕਦੀ ਹੈ, ਜਿਸ ਨਾਲ ਸਿੱਖਿਆ ਖੇਤਰ ਵਿੱਚ ਪਾਰਦਰਸ਼ਿਤਾ, ਨਿਰਪੱਖਤਾ ਅਤੇ ਗਤੀ ਦੇ ਨਵੇਂ ਮਾਪਦੰਡ ਬਣਨਗੇ।

ਪੰਜਾਬ ਸਰਕਾਰ ਮੁਲਾਜ਼ਮਾਂ ਤੇ ਪੈਨਸ਼ਨਰਾਂ ਦਾ 18 ਪ੍ਰਤੀਸ਼ਤ ਡੀ ਏ ਜਾਰੀ ਕਰੇ : ਅਧਿਆਪਕ ਦਲ ਪੰਜਾਬ

ਨਾਭਾ ਮਈ 21 ਰਾਕੇਸ਼ ਜਿੰਦਲ ਸ਼ੁਭਮ ਜਿੰਦਲ ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ 18 ਪ੍ਰਤੀਸ਼ਤ ਡੀ ਏ ਘੱਟ ਦਿੱਤਾ ਜਾ ਰਿਹਾ ਹੈ ਮਾਨਯੋਗ ਹਾਈ ਕੋਰਟ ਵੱਲੋਂ ਮੁਲਾਜ਼ਮਾਂ ਨੂੰ ਪੂਰਾ ਡੀ ਏ ਦੇਣ ਦੇ ਹੁਕਮ ਕੀਤੇ ਹੋਏ ਹਨ ਪਰ ਪੰਜਾਬ ਸਰਕਾਰ ਡੀ ਏ ਦੇਣ ਦੇ ਵਿਰੁੱਧ ਹਾਈ ਕੋਰਟ ਵਿੱਚ ਪਟੀਸ਼ਨ ਪਾ ਕੇ ਮਸਲੇ ਨੂੰ ਲਮਕਾਉਣ ਦੀ ਕੋਸ਼ਿਸ਼ ਕਰ ਰਹੀ ਹੈ ਜੋ ਮੁਲਾਜ਼ਮ ਵਰਗ ਨਾਲ ਧੋਖਾ ਹੈ ਆਮ ਆਦਮੀ ਪਾਰਟੀ ਦੀ ਮਾਨ ਸਰਕਾਰ ਬਣੀ ਨੂੰ ਸਵਾ ਚਾਰ ਸਾਲ ਦਾ ਸਮਾਂ ਬੀਤ ਚੁੱਕਿਆ ਹੈ ਪਰ ਅਜੇ ਤੱਕ ਪੰਜਾਬ ਸਰਕਾਰ ਨੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀ ਇੱਕ ਵੀ ਮੰਗ ਨਹੀਂ ਮੰਨੀ ਗਈ ਸੱਤਾ ਸੰਭਾਲਣ ਤੋਂ ਪਹਿਲਾਂ ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮੁਲਾਜ਼ਮ ਵਰਗ ਨਾਲ ਬਹੁਤ ਵੱਡੇ ਵਾਅਦੇ ਕੀਤੇ ਸਨ ਪਰ ਪੂਰਾ ਇੱਕ ਵੀ ਨਹੀਂ ਕੀਤਾ ਅਧਿਆਪਕ ਦਲ ਪੰਜਾਬ ਦੇ ਮੁੱਖ ਸਲਾਹਕਾਰ ਪਰਸ਼ੋਤਮ ਸਿੰਘ ਧਾਲੀਵਾਲ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਚੇਤੇ ਕਰਵਾਉਂਦਿਆਂ ਕਿਹਾ ਕਿ ਤੁਸੀਂ ਕਹਿੰਦੇ ਸੀ ਮੈਂ ਕੋਈ ਮੰਗ ਪੱਤਰ ਨਹੀਂ ਲੈਣ ਦਿਆਂਗਾ ਸਰਕਾਰ ਦਾ ਖਜ਼ਾਨਾ ਕਦੇ ਖਾਲੀ ਨਹੀਂ ਹੁੰਦਾ ਨੀਅਤ ਸਾਫ਼ ਹੋਣੀ ਚਾਹੀਦੀ ਹੈ ਮੁੱਖ ਮੰਤਰੀ ਜੀ ਤੁਹਾਡੀ ਨੀਅਤ ਤੇ ਕਿਸੇ ਨੂੰ ਕੋਈ ਵੀ ਸ਼ੱਕ ਨਹੀਂ ਹੈ ਮੁਲਾਜ਼ਮ ਵਰਗ ਨੂੰ ਅਜੇ ਵੀ ਤੁਹਾਡੇ ਤੇ ਬਹੁਤ ਵੱਡੀਆਂ ਆਸਾਂ ਹਨ ਡੀ ਏ ਲੈਣਾ ਮੁਲਾਜ਼ਮਾਂ ਦਾ ਹੱਕ ਹੈ ਕੋਈ ਭੀਖ ਨਹੀਂ ਇਨ੍ਹਾਂ ਵਿਚਾਰਾਂ ਦਾ ਪੱਤਰਕਾਰਾਂ ਨਾਲ ਪ੍ਰਗਟਾਵਾ ਕਰਦਿਆਂ ਅਧਿਆਪਕ ਦਲ ਪੰਜਾਬ ਦੇ ਮੁੱਖ ਸਲਾਹਕਾਰ ਪਰਸ਼ੋਤਮ ਸਿੰਘ ਧਾਲੀਵਾਲ ਨੇ ਪੰਜਾਬ ਸਰਕਾਰ ਤੋਂ ਪੁਰਜ਼ੋਰ ਮੰਗ ਕਰਦਿਆਂ ਕਿਹਾ ਕਿ 18 ਪ੍ਰਤੀਸ਼ਤ ਡੀ ਏ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਜਾਵੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇ 4 9 14 ਸਕੀਮ ਮੁੜ ਲਾਗੂ ਕੀਤੀ ਜਾਵੇ ਕੱਚੇ ਮੁਲਾਜ਼ਮ ਪੱਕੇ ਕੀਤੇ ਜਾਣ ਬੰਦ ਕੀਤੇ ਭੱਤੇ ਮੁੜ ਬਹਾਲ ਕੀਤੇ ਜਾਣ 646 ਪੀ ਟੀ ਆਈ ਟੀਚਰਾਂ ਨੂੰ ਨਿਯੁਕਤੀ ਪੱਤਰ ਦਿੱਤੇ ਜਾਣ ਇਸ ਮੌਕੇ ਸੀਨੀਅਰ ਮੀਤ ਪ੍ਰਧਾਨ ਬਲਜੀਤ ਸਿੰਘ ਧਾਰੌਂਕੀ ਜਗਦੇਵ ਸਿੰਘ ਬੌੜਾ ਨਰਿੰਦਰ ਸਿੰਘ ਰੌਣੀ ਜਗਤਾਰ ਸਿੰਘ ਟਿਵਾਣਾ ਪ੍ਰਵੀਨ ਕੁਮਾਰ ਸੁਖਵਿੰਦਰਜੀਤ ਸਿੰਘ ਰੈਹਿਲ ਹਰਿੰਦਰ ਸਿੰਘ ਸੋਹੀ ਬਿਕਮਜੀਤ ਸਿੰਘ ਜਸਪਾਲ ਸਿੰਘ ਧਾਰੌਂਕੀ ਗੁਰਪ੍ਰੀਤ ਸਿੰਘ ਟਿਵਾਣਾ ਜਸਵਿੰਦਰ ਸਿੰਘ ਸੰਧੂ ਗੁਰਪ੍ਰੀਤ ਸਿੰਘ ਢਿੱਲੋਂ ਭਜਨ ਸਿੰਘ ਖਹਿਰਾ ਤਰਸੇਮ ਸਿੰਘ ਤੇਜਾ ਅਸ਼ੋਕ ਕੁਮਾਰ ਮਨਮੋਹਨ ਕੁਮਾਰ ਪਰਮਜੀਤ ਬਾਵਾ ਅਮਰੀਕ ਸਿੰਘ ਸੁੱਧੇਵਾਲ ਕੁਲਵੰਤ ਸਿੰਘ ਢਕੜੱਬਾ ਲਾਲ ਚੰਦ ਅੰਮ੍ਰਿਤਪਾਲ ਸਿੰਘ ਰਵਿੰਦਰ ਸੋਰੀ ਕ੍ਰਿਸ਼ਨ ਲਾਲ ਵੀ ਮਜੂਦ ਸਨ

ਆਨਲਾਈਨ ਦਵਾਈਆਂ ਦੀ ਵਿਕਰੀ ਖ਼ਿਲਾਫ਼ ਕੈਮਿਸਟਾਂ ਦੀ ਹੜਤਾਲ, ਸੰਗਰੂਰ ਜ਼ਿਲ੍ਹਾ ਮੁਕੰਮਲ ਬੰਦ

ਡੀਸੀ ਨੂੰ ਸੌਂਪਿਆ ਪ੍ਰਧਾਨ ਮੰਤਰੀ ਦੇ ਨਾਮ ਮੰਗ ਪੱਤਰ; ਬੇਮਿਆਦੀ ਹੜਤਾਲ ਦੀ ਚੇਤਾਵਨੀ

ਸੁਨਾਮ ਊਧਮ ਸਿੰਘ ਵਾਲਾ (ਰਾਜਿੰਦਰ ਕੁਮਾਰ ਸਾਹ) ਇੰਟਰਨੈੱਟ ਅਤੇ ਕਾਰਪੋਰੇਟ ਕੰਪਨੀਆਂ ਵੱਲੋਂ ਬਿਨਾਂ ਕਿਸੇ ਪੱਕੇ ਨਿਯਮ ਕਾਨੂੰਨ ਦੇ ਧੜੱਲੇ ਨਾਲ ਆਨਲਾਈਨ ਦਵਾਈਆਂ ਵੇਚਣ ਦੇ ਵਿਰੋਧ ਵਿੱਚ ਬੁੱਧਵਾਰ ਨੂੰ ਸੰਗਰੂਰ ਜ਼ਿਲ੍ਹੇ ਦੇ ਦਵਾਈ ਕਾਰੋਬਾਰੀਆਂ ਨੇ ਮੁਕੰਮਲ ਹੜਤਾਲ ਕੀਤੀ। ਆਲ ਇੰਡੀਆ ਆਰਗੇਨਾਈਜ਼ੇਸ਼ਨ ਆਫ਼ ਕੈਮਿਸਟਸ ਐਂਡ ਡਰੱਗਿਸਟਸ ਦੇ ਸੱਦੇ 'ਤੇ ਜ਼ਿਲ੍ਹਾ ਸੰਗਰੂਰ ਕੈਮਿਸਟ ਐਸੋਸੀਏਸ਼ਨ ਦੀ ਅਗਵਾਈ ਹੇਠ ਜ਼ਿਲ੍ਹਾ ਮੁੱਖ ਦਫ਼ਤਰ ਸਮੇਤ ਸਾਰੇ ਕਸਬਿਆਂ ਵਿੱਚ ਦਵਾਈਆਂ ਦੀਆਂ ਦੁਕਾਨਾਂ ਪੂਰੀ ਤਰ੍ਹਾਂ ਬੰਦ ਰਹੀਆਂ, ਜਿਸ ਕਾਰਨ ਕਰੋੜਾਂ ਰੁਪਏ ਦਾ ਦਵਾਈ ਵਪਾਰ ਠੱਪ ਰਿਹਾ। ਇਸ ਦੌਰਾਨ ਐਸੋਸੀਏਸ਼ਨ ਦਾ ਇੱਕ ਪ੍ਰਤੀਨਿਧੀਮੰਡਲ ਜ਼ਿਲ੍ਹਾ ਪ੍ਰਧਾਨ ਨਰੇਸ਼ ਜਿੰਦਲ ਅਤੇ ਜ਼ਿਲ੍ਹਾ ਸਕੱਤਰ ਰਾਜੀਵ ਜੈਨ ਦੀ ਅਗਵਾਈ ਵਿੱਚ ਡਿਪਟੀ ਕਮਿਸ਼ਨਰ ਦਫ਼ਤਰ ਪਹੁੰਚਿਆ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਮ ਮੰਗ ਪੱਤਰ ਸੌਂਪਿਆ। ਕੈਮਿਸਟਾਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਗੈਰਕਾਨੂੰਨੀ ਆਨਲਾਈਨ ਫਾਰਮੇਸੀਆਂ ਅਤੇ ਕਵਿਕ ਕਾਮਰਸ ਕੰਪਨੀਆਂ 'ਤੇ ਤੁਰੰਤ ਕਾਰਵਾਈ ਨਾ ਕੀਤੀ ਗਈ ਤਾਂ ਉਹ ਦੇਸ਼-ਪੱਧਰੀ ਅਣਮਿਆਦੀ ਹੜਤਾਲ ਕਰਨ ਲਈ ਮਜਬੂਰ ਹੋਣਗੇ।

ਕੈਮਿਸਟ ਐਸੋਸੀਏਸ਼ਨ ਦੀਆਂ 4 ਮੁੱਖ ਮੰਗਾਂ

ਗੈਰਕਾਨੂੰਨੀ ਆਨਲਾਈਨ ਵਿਕਰੀ 'ਤੇ ਤੁਰੰਤ ਰੋਕ ਲੱਗੇ।

ਡਰੱਗਸ ਐਂਡ ਕਾਸਮੈਟਿਕਸ ਐਕਟ ਦੀ ਉਲੰਘਣਾ ਕਰਕੇ ਇੰਟਰਨੈੱਟ ਐਪਸ ਰਾਹੀਂ ਵੇਚੀਆਂ ਜਾ ਰਹੀਆਂ ਦਵਾਈਆਂ 'ਤੇ ਪੂਰੀ ਪਾਬੰਦੀ ਲਗਾਈ ਜਾਵੇ।

ਕੋਰੋਨਾ ਕਾਲ ਦੀ ਐਮਰਜੈਂਸੀ ਵਿਵਸਥਾ ਤਹਿਤ ਜਾਰੀ ਨੋਟੀਫਿਕੇਸ਼ਨ 220(ਈ) ਅਤੇ 817(ਈ) ਨੂੰ ਤੁਰੰਤ ਰੱਦ ਕੀਤਾ ਜਾਵੇ।

ਆਨਲਾਈਨ ਕੰਪਨੀਆਂ ਵੱਲੋਂ ਦਵਾਈਆਂ 'ਤੇ ਦਿੱਤੀਆਂ ਜਾ ਰਹੀਆਂ ਭਾਰੀ ਅਤੇ ਗੈਰ-ਨੈਤਿਕ ਛੂਟਾਂ 'ਤੇ ਰੋਕ ਲੱਗੇ।

ਬਿਨਾਂ ਵੈਧ ਡਾਕਟਰੀ ਸਲਾਹ (ਪ੍ਰਿਸਕ੍ਰਿਪਸ਼ਨ) ਤੋਂ ਦਵਾਈਆਂ ਦੀ ਹੋਮ ਡਿਲਿਵਰੀ ਕਰਨ ਵਾਲੀਆਂ ਕੰਪਨੀਆਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ।

ਨਰੇਸ਼ ਜਿੰਦਲ ਨੇ ਕਿਹਾ ਕਿ ਆਨਲਾਈਨ ਕੰਪਨੀਆਂ ਬਿਨਾਂ ਪੱਤਰ ਦੀ ਪੁਸ਼ਟੀ ਕੀਤੇ ਸਿੱਧਾ ਘਰ-ਘਰ ਦਵਾਈਆਂ ਪਹੁੰਚਾ ਰਹੀਆਂ ਹਨ। ਫਰਜ਼ੀ ਈ-ਪ੍ਰਿਸਕ੍ਰਿਪਸ਼ਨ ਦੇ ਸਹਾਰੇ ਨਸ਼ੀਲੀਆਂ ਦਵਾਈਆਂ ਨੌਜਵਾਨਾਂ ਤੱਕ ਆਸਾਨੀ ਨਾਲ ਪਹੁੰਚ ਰਹੀਆਂ ਹਨ, ਜੋ ਲੋਕਾਂ ਦੀ ਸਿਹਤ ਅਤੇ ਨੌਜਵਾਨ ਪੀੜ੍ਹੀ ਦੇ ਭਵਿੱਖ ਨਾਲ ਖਿਲਵਾੜ ਹੈ। ਉਨ੍ਹਾਂ ਕਿਹਾ ਕਿ ਕੋਰੋਨਾ ਕਾਲ ਅਤੇ ਲਾਕਡਾਊਨ ਦੌਰਾਨ ਜਦੋਂ ਵੱਡੀਆਂ ਕੰਪਨੀਆਂ ਗਾਇਬ ਸਨ, ਤਦ ਛੋਟੇ ਕੈਮਿਸਟਾਂ ਨੇ ਆਪਣੀ ਜਾਨ ਜੋਖਮ ਵਿੱਚ ਪਾ ਕੇ ਦਵਾਈਆਂ ਦੀ ਸਪਲਾਈ ਜਾਰੀ ਰੱਖੀ ਸੀ। ਅੱਜ ਉਹੀ ਛੋਟੇ ਦੁਕਾਨਦਾਰਾਂ ਨੂੰ ਕਾਰਪੋਰੇਟ ਘਰਾਣੇ ਗੈਰ-ਨੈਤਿਕ ਨੀਤੀਆਂ ਨਾਲ ਬਾਜ਼ਾਰ ਤੋਂ ਬਾਹਰ ਕਰ ਰਹੇ ਹਨ।ਇਸ ਮੌਕੇ ਕੈਮਿਸਟ ਆਗੂ ਹਾਜ਼ਰ ਸਨ-ਸੰਜੇ ਬਾਂਸਲ ਸਤੀਸ਼ ਕੁਮਾਰ ਦਿੜਬਾ ਬਲਵਿੰਦਰ ਸਿੰਘ ਬਬਲਾ ਸੰਜੇ ਭੱਲਾ ਰਾਜ ਕੁਮਾਰ ਜਿੰਦਲ ਹਰਦੀਪ ਸਿੰਘ ਪ੍ਰੇਮ ਕੁਮਾਰ ਧਰਮਿੰਦਰ ਸੋਮਨਾਥ ਬਾਂਸਲ ਗੁਰਵਿੰਦਰ ਸ਼ਰਮਾ ਕੌਰ ਸਿੰਘ ਅਮਨਿੰਦਰ ਗੁਪਤਾ ਸੁਖਦੇਵ ਸਿੰਘ ਨਾਗਰਾ ਗੁਰਜੰਟ ਸਿੰਘ ਮੌੜਾ ਅਸ਼ੋਕ ਕੁਮਾਰ ਮੌੜਾਦੀਪਕ ਮਿੱਤਲ ਤਰਲੋਕ ਗੋਇਲ ਅਜੈਬ ਸਿੰਘ ਰਾਜੀਵ ਜੈਨ ਹਾਜ਼ਰ ਸਨ

ਕਾਂਗਰਸੀਆਂ ਨੂੰ ਕਦੋਂ ਆਵੇਗੀ ਮਤ ..... ਮਰਹੂਮ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਜੀ ਦੀ 35ਵੀਂ ਬਰਸੀ ਬਾਵਾ ਦੀ ਸਰਪ੍ਰਸਤੀ ਹੇਠ ਵਿਕਟਰੀ ਦੇ ਨਿਸ਼ਾਨ ਬਣਾ ਕੇ ਮਨਾਈ

ਲੁਧਿਆਣਾ, 21 ਮਈ (ਸੂਰਜ)- ਪਿਛਲੇ ਕਾਫੀ ਸਮੇਂ ਤੋਂ ਖਾਸ ਕਰਕੇ ਵਿਧਾਨ ਸਭਾ ਹਲਕਾ ਤਰਨਤਾਰਨ ਦੀ ਜਿਮਨੀ ਚੋਣ ਸਮੇਂ ਕੀਤੇ ਗਏ ਚੋਣ ਪਰਚਾਰ ਦੇ ਸਮੇਂ ਤੋਂ ਬਹੁਤੇ ਕਾਂਗਰਸੀ ਆਗੂਆਂ ਦਾ ਕਥਿਤ ਤੌਰ ਤੇ ਦਿਮਾਗ ਵਿਚ ਕੁਝ ਫਰਕ ਪੈ ਗਿਆ ਜਾਪਦਾ ਹੈ। ਜਿਸ ਦੀਆਂ ਉਦਾਹਰਨਾਂ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਸ. ਅਮਰਿੰਦਰ ਸਿੰਘ ਰਾਜਾ ਵੜਿੰਗ ਵਲੋਂ ਸਵ: ਗ੍ਰਹਿ ਮੰਤਰੀ ਬੂਟਾ ਸਿੰਘ ਬਾਰੇ ਅਭਦਰ ਟਿੱਪਣੀ, 12 ਪਾਂਜੇ 48, ਆਪਣੇ ਉਮੀਦਵਾਰ ਦੀ ਬਰਾਬਰੀ ਕੁੱਤੇ ਨਾਲ ਕਰਨਾ, ਇਸੇ ਤਰਾਂ ਕਈ ਹੋਰ ਆਗੂਆਂ ਵਲੋਂ ਵੀ ਇਹੋ ਜਿਹੀਆਂ ਹਰਕਤਾਂ ਕੀਤੀਆਂ ਗਈਆਂ ਜੋ ਕਿ ਇਕ ਸਿਆਣਾ ਆਗੂ ਨਹੀਂ ਕਰ ਸਕਦਾ ਅਤੇ ਅੱਜ ਹਲਕਾ ਦੱਖਣੀ ਵਿਖੇ ਕਾਂਗਰਸੀ ਵਰਕਰਾਂ ਵਲੋਂ ਮਰਹੂਮ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਜੀ ਦੀ 35ਵੀਂ ਬਰਸੀ ਤੇ ÷ਰਾਜੀਵ ਗਾਂਧੀ ਦੀ ਭਾਰਤ ਨੂੰ ਦੇਣ÷ ਵਿਸ਼ੇ @ਤੇ ਸੀਨੀਅਰ ਕਾਂਗਰਸੀ ਨੇਤਾ ਕ੍ਰਿਸ਼ਨ ਕੁਮਾਰ ਬਾਵਾ ਕੋਆਰਡੀਨੇਟਰ ਕੁੱਲ ਹਿੰਦ ਕਾਂਗਰਸ (ਓ.ਬੀ.ਸੀ) ਇੰਚਾਰਜ ਹਿਮਾਚਲ ਪ੍ਰਦੇਸ਼ ਦੀ ਸਰਪ੍ਰਸਤੀ ਹੇਠ ਇਕ ਸੈਮੀਨਾਰ ਕਰਵਾਇਆ ਗਿਆ। ਜਿਸ ਵਿੱਚ ਸੀਨੀਅਰ ਨੇਤਾ (ਓ.ਬੀ.ਸੀ) ਜਨਰਲ ਸਕੱਤਰ ਗੁਰਨਾਮ ਸਿੰਘ ਕਲੇਰ, ਵਰਿੰਦਰ ਭੱਲਾ ਪ੍ਰਧਾਨ ਜਿਲ੍ਹਾ ਕਾਂਗਰਸ (ਓ.ਬੀ.ਸੀ), ਜਨਰਲ ਸਕੱਤਰ ਜ਼ਿਲ੍ਹਾ ਕਾਂਗਰਸ ਮਾਸਟਰ ਹਰੀਦੇਵ ਬਾਵਾ, ਰਤਨੇਸ਼ ਸਿੰਘ ਵਾਈਸ ਪ੍ਰਧਾਨ, ਕੈਪਟਨ ਮਲਕੀਤ ਸਿੰਘ ਆਦਿ ਸ਼ਾਮਲ ਹੋਏ ਅਤੇ ਸਵ: ਰਾਜੀਵ ਗਾਂਧੀ ਨੂੰ ਵਿਕਟਰੀ ਦਾ ਨਿਸ਼ਾਨ ਬਣਾ ਕੇ ਸ਼ਰਧਾਂਜਲੀ ਭੇਂਟ ਕੀਤੀ ਗਈ। ਹੁਣ ਇਨ੍ਹਾਂ ਕਥਿਤ ਸਮਝਦਾਰ ਆਗੂਆਂ ਨੂੰ ਕੋਈ ਮਤ ਦੇਵੇ ਕਿ ਬਰਸੀ ਤੇ ਵਿਕਟਰੀ ਦੇ ਨਿਸ਼ਾਨ ਨਹੀਂ ਬਣਾਏ ਜਾਂਦੇ ਸਗੋਂ ਸ਼ਰਧਾ ਦੇ ਫੁੱਲ ਭੇਂਟ ਕੀਤੇ ਜਾਂਦੇ ਹਨ। ਹੁਣ ਸੋਚਣ ਵਾਲੀ ਗੱਲ ਤਾਂ ਇਹ ਹੈ ਕਿ ਇਨ੍ਹਾਂ ਤੇ ਪੰਜਾਬ ਦੇ ਵੱਡੇ ਆਗੂਆਂ ਦਾ ਅਸਰ ਹੋਇਆ ਹੈ ਜਾਂ ਵੱਧ ਪੈ ਰਹੀ ਗਰਮੀ ਕਾਰਨ ਇਨ੍ਹਾਂ ਨੂੰ ਪਤਾ ਨਹੀਂ ਲੱਗਾ।

ਜਿੱਥੇ ਸਿਮਰਨ ਤੇ ਸੇਵਾ ਹੁੰਦੀ ਹੈ, ਉੱਥੇ ਪਿਆਰ, ਏਕਤਾ ਅਤੇ ਖੁਸ਼ਹਾਲੀ ਆਪਣੇ ਆਪ ਵੱਸ ਜਾਂਦੀ ਹੈ: ਬਾਬਾ ਬਾਲ

ਸੰਗਤਾਂ ਨੂੰ ਨਾਮ ਬਾਣੀ ਅਤੇ ਮਨੁੱਖਤਾ ਨਾਲ ਜੁੜਨ ਦਾ ਸੰਦੇਸ਼ ਦੇ ਗਏ ਬਾਬਾ ਬਾਲ ਜੀ ਮਹਾਰਾਜ

ਨੂਰਪੁਰਬੇਦੀ: 21 ਮਈ ਮਨਦੀਪ ਬਾਲੀ ਨੂਰਪੁਰ ਬੇਦੀ ਵਿਖੇ ਅੱਜ ਸ਼੍ਰੋਮਣੀ ਸੰਤ 1008 ਬਾਬਾ ਬਾਲ ਜੀ ਮਹਾਰਾਜ ਦੀ ਅਗਵਾਈ ਹੇਠ ਵਿਸ਼ਾਲ ਆਧਿਆਤਮਿਕ ਸਤਿਸੰਗ ਸਮਾਗਮ ਸ਼ਰਧਾ ਅਤੇ ਭਗਤੀ ਭਾਵਨਾ ਨਾਲ ਸੰਪੰਨ ਹੋਇਆ। ਸਮਾਗਮ ਦੌਰਾਨ ਇਲਾਕੇ ਭਰ ਤੋਂ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਭਰੀ ਅਤੇ ਸੰਤ ਮਹਾਰਾਜ ਦੇ ਅੰਮ੍ਰਿਤਮਈ ਪ੍ਰਵਚਨਾਂ ਦਾ ਲਾਭ ਪ੍ਰਾਪਤ ਕੀਤਾ। ਸੰਗਤਾਂ ਨੂੰ ਸੰਦੇਸ਼ ਦਿੰਦਿਆਂ ਬਾਬਾ ਬਾਲ ਜੀ ਮਹਾਰਾਜ ਨੇ ਕਿਹਾ ਕਿ ਅੱਜ ਦਾ ਮਨੁੱਖ ਭੌਤਿਕਤਾ ਦੀ ਚਮਕ ਵਿੱਚ ਆਪਣੀ ਆਤਮਿਕ ਸ਼ਾਂਤੀ ਅਤੇ ਮਨੁੱਖੀ ਮੁੱਲਾਂ ਤੋਂ ਦੂਰ ਹੁੰਦਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਧਨ-ਦੌਲਤ ਅਤੇ ਦਿਖਾਵਾ ਕਦੇ ਵੀ ਮਨ ਨੂੰ ਸਕੂਨ ਨਹੀਂ ਦੇ ਸਕਦੇ, ਸੱਚੀ ਖੁਸ਼ੀ ਕੇਵਲ ਪਰਮਾਤਮਾ ਦੇ ਨਾਮ, ਸੱਚੇ ਕਰਮ ਅਤੇ ਮਨੁੱਖਤਾ ਦੀ ਸੇਵਾ ਨਾਲ ਹੀ ਮਿਲਦੀ ਹੈ। ਉਨ੍ਹਾਂ ਸੰਗਤਾਂ ਨੂੰ ਅਪੀਲ ਕੀਤੀ ਕਿ ਹਰ ਵਿਅਕਤੀ ਆਪਣੇ ਜੀਵਨ ਵਿੱਚ ਰੋਜ਼ਾਨਾ ਕੁਝ ਸਮਾਂ ਨਾਮ ਸਿਮਰਨ, ਗੁਰਬਾਣੀ ਪਾਠ ਅਤੇ ਸਮਾਜ ਸੇਵਾ ਲਈ ਜ਼ਰੂਰ ਕੱਢੇ। ਉਨ੍ਹਾਂ ਕਿਹਾ ਕਿ ਜੋ ਮਨੁੱਖ ਲੋੜਵੰਦਾਂ ਦੇ ਦੁੱਖ ਵਿੱਚ ਸਾਥ ਦਿੰਦਾ ਹੈ, ਪਰਮਾਤਮਾ ਵੀ ਉਸ ਦੇ ਜੀਵਨ ਨੂੰ ਕਿਰਪਾ ਨਾਲ ਭਰ ਦਿੰਦਾ ਹੈ। ਬਾਬਾ ਬਾਲ ਜੀ ਮਹਾਰਾਜ ਨੇ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ, ਫਿਜ਼ੂਲ ਖਰਚੀ ਅਤੇ ਪੱਛਮੀ ਚਮਕ-ਧਮਕ ਤੋਂ ਦੂਰ ਰਹਿਣ ਦਾ ਸੰਦੇਸ਼ ਦਿੰਦਿਆਂ ਕਿਹਾ ਕਿ ਨੌਜਵਾਨ ਧਾਰਮਿਕ ਅਤੇ ਸਮਾਜਿਕ ਕਾਰਜਾਂ ਨਾਲ ਜੁੜ ਕੇ ਸਮਾਜ ਨੂੰ ਨਵੀਂ ਦਿਸ਼ਾ ਦੇ ਸਕਦੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਜਿੱਥੇ ਨਾਮ ਸਿਮਰਨ ਅਤੇ ਸੇਵਾ ਹੁੰਦੀ ਹੈ, ਉੱਥੇ ਪਰਿਵਾਰਾਂ ਵਿੱਚ ਪਿਆਰ, ਏਕਤਾ ਅਤੇ ਖੁਸ਼ਹਾਲੀ ਆਪਣੇ ਆਪ ਵੱਸ ਜਾਂਦੀ ਹੈ। ਸਮਾਗਮ ਦੇ ਅੰਤ ਵਿੱਚ ਸੰਗਤਾਂ ਲਈ ਅਟੁੱਟ ਲੰਗਰ ਵਰਤਾਇਆ ਗਿਆ। ਇਸ ਮੌਕੇ ਵੱਖ-ਵੱਖ ਧਾਰਮਿਕ, ਸਮਾਜਿਕ ਅਤੇ ਇਲਾਕਾਈ ਆਗੂਆਂ ਸਮੇਤ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

ਬੱਚਿਆਂ ਨੂੰ ਪੋਕਸੋ ਐਕਟ ਅਤੇ ਬੱਚਿਆਂ ਦੇ ਅਧਿਕਾਰਾਂ ਸੰਬੰਧੀ ਜਾਣਕਾਰੀ ਦਿੱਤੀ

ਬਰਨਾਲਾ, 21 ਮਈ (ਅਵਤਾਰ ਸਿੰਘ ਫਰਵਾਹੀ) ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹਾ ਪ੍ਰੋਗਰਾਮ ਅਫਸਰ ਰਵਿੰਦਰਪਾਲ ਕੌਰ ਧਾਲੀਵਾਲ ਅਤੇ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਗੁਰਜੀਤ ਕੌਰ ਦੀ ਅਗਵਾਈ ਹੇਠ ਜ਼ਿਲ੍ਹਾ ਬਰਨਾਲਾ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੋਟਦੁੱਨਾ ਵਿੱਚ ਵਿਦਿਆਰਥੀਆਂ ਲਈ ਵਿਸ਼ੇਸ਼ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ। ਇਨ੍ਹਾਂ ਪ੍ਰੋਗਰਾਮਾਂ ਦਾ ਮੁੱਖ ਉਦੇਸ਼ ਬੱਚਿਆਂ ਨੂੰ ਪੋਕਸੋ ਐਕਟ ਅਤੇ ਬੱਚਿਆਂ ਦੇ ਅਧਿਕਾਰਾਂ ਸਬੰਧੀ ਪੂਰੀ ਜਾਣਕਾਰੀ ਪ੍ਰਦਾਨ ਕਰਨਾ ਅਤੇ ਉਨ੍ਹਾਂ ਵਿੱਚ ਆਪਣੀ ਸੁਰੱਖਿਆ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਸੀ। ਇਸ ਦੌਰਾਨ ਵਿਦਿਆਰਥੀਆਂ ਨੂੰ ਬੱਚਿਆਂ ਨਾਲ ਸਬੰਧਿਤ ਲਿੰਗ ਅਪਰਾਧਾਂ ਤੋਂ ਸੁਰੱਖਿਆ ਲਈ ਬਣੇ ਕਾਨੂੰਨ ਬਾਰੇ ਸੌਖੀ ਭਾਸ਼ਾ ਵਿੱਚ ਸਮਝਾਇਆ ਗਿਆ ਅਤੇ ਚੰਗੀ ਤੇ ਮਾੜੀ ਛੂਹ ਦੀ ਪਹਿਚਾਣ ਕਰਨ ਦੇ ਤਰੀਕਿਆਂ ਬਾਰੇ ਜਾਣੂ ਕਰਵਾਇਆ ਗਿਆ। ਇਸ ਦੇ ਨਾਲ ਹੀ ਬੱਚਿਆਂ ਨੂੰ ਦੱਸਿਆ ਗਿਆ ਕਿ ਕਿਸੇ ਵੀ ਅਣਚਾਹੀ, ਡਰਾਉਣੀ ਜਾਂ ਗੰਭੀਰ ਘਟਨਾ ਦੀ ਸਥਿਤੀ ਵਿੱਚ ਚੁੱਪ ਨਾ ਰਹਿ ਕੇ ਤੁਰੰਤ ਆਪਣੇ ਮਾਤਾ-ਪਿਤਾ, ਅਧਿਆਪਕ ਜਾਂ ਕਿਸੇ ਭਰੋਸੇਯੋਗ ਵੱਡੇ ਵਿਅਕਤੀ ਨੂੰ ਸੂਚਿਤ ਕਰਨਾ ਬਹੁਤ ਜ਼ਰੂਰੀ ਹੈ। ਬੱਚਿਆਂ ਨੂੰ ਚਾਈਲਡ ਹੈਲਪਲਾਈਨ ਨੰਬਰ 1098 ਬਾਰੇ ਵੀ ਜਾਣਕਾਰੀ ਦਿੱਤੀ ਗਈ ਅਤੇ ਜ਼ਰੂਰਤ ਪੈਣ 'ਤੇ ਇਸ ਦੀ ਵਰਤੋਂ ਕਰਨ ਲਈ ਪ੍ਰੇਰਿਤ ਕੀਤਾ ਗਿਆ।ਇਸ ਤੋਂ ਇਲਾਵਾ ਬੱਚਿਆਂ ਦੇ ਮੁੱਢਲੇ ਅਧਿਕਾਰਾਂ ਜਿਵੇਂ ਸੁਰੱਖਿਆ ਦਾ ਅਧਿਕਾਰ, ਸਿੱਖਿਆ ਦਾ ਅਧਿਕਾਰ, ਸਨਮਾਨ ਨਾਲ ਜੀਵਨ ਜਿਊਣ ਦਾ ਅਧਿਕਾਰ ਅਤੇ ਸ਼ੋਸ਼ਣ ਤੋਂ ਬਚਾਅ ਦੇ ਅਧਿਕਾਰ ਬਾਰੇ ਵਿਸਥਾਰ ਨਾਲ ਸਮਝਾਇਆ ਗਿਆ। ਅੱਜ ਦੇ ਡਿਜ਼ੀਟਲ ਯੁੱਗ ਨੂੰ ਧਿਆਨ ਵਿੱਚ ਰੱਖਦੇ ਹੋਏ ਵਿਦਿਆਰਥੀਆਂ ਨੂੰ ਸੋਸ਼ਲ ਮੀਡੀਆ ਅਤੇ ਇੰਟਰਨੈੱਟ ਦੀ ਸੁਰੱਖਿਅਤ ਵਰਤੋਂ, ਅਣਜਾਣ ਵਿਅਕਤੀਆਂ ਨਾਲ ਜਾਣਕਾਰੀ ਸਾਂਝੀ ਨਾ ਕਰਨ ਅਤੇ ਆਨਲਾਈਨ ਖਤਰਿਆਂ ਤੋਂ ਸਚੇਤ ਰਹਿਣ ਬਾਰੇ ਵੀ ਜਾਗਰੂਕ ਕੀਤਾ ਗਿਆ। ਇਸ ਮੌਕੇ ਦੱਸਿਆ ਗਿਆ ਕਿ ਬੱਚਿਆਂ ਦੀ ਸੁਰੱਖਿਆ ਅਤੇ ਉਨ੍ਹਾਂ ਦੇ ਅਧਿਕਾਰਾਂ ਦੀ ਰੱਖਿਆ ਸਮਾਜ ਦੀ ਸਾਂਝੀ ਜ਼ਿੰਮੇਵਾਰੀ ਹੈ ਅਤੇ ਸਕੂਲ ਪੱਧਰ 'ਤੇ ਇਸ ਤਰ੍ਹਾਂ ਦੇ ਜਾਗਰੂਕਤਾ ਪ੍ਰੋਗਰਾਮ ਕਰਵਾਉਣਾ ਬਹੁਤ ਜ਼ਰੂਰੀ ਹੈ, ਤਾਂ ਜੋ ਬੱਚੇ ਆਪਣੇ ਅਧਿਕਾਰਾਂ ਬਾਰੇ ਸਚੇਤ ਹੋ ਕੇ ਕਿਸੇ ਵੀ ਤਰ੍ਹਾਂ ਦੇ ਸ਼ੋਸ਼ਣ ਜਾਂ ਅਪਰਾਧ ਤੋਂ ਆਪਣੇ ਆਪ ਨੂੰ ਬਚਾ ਸਕਣ। ਉਨ੍ਹਾਂ ਨੇ ਦੱਸਿਆ ਕਿ ਵਿਭਾਗ ਵੱਲੋਂ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਜਾਗਰੂਕਤਾ ਪ੍ਰੋਗਰਾਮ ਲਗਾਤਾਰ ਜਾਰੀ ਰੱਖੇ ਜਾਣਗੇ, ਤਾਂ ਜੋ ਬੱਚਿਆਂ ਲਈ ਸੁਰੱਖਿਅਤ, ਸਿਹਤਮੰਦ ਅਤੇ ਸਹਾਇਕ ਵਾਤਾਵਰਣ ਯਕੀਨੀ ਬਣਾਇਆ ਜਾ ਸਕੇ। ਪ੍ਰੋਗਰਾਮ ਵਿੱਚ ਸਕੂਲ ਪ੍ਰਬੰਧਕ, ਅਧਿਆਪਕ ਤੇ ਜ਼ਿਲ੍ਹਾ ਬਾਲ ਸੁਰੱਖਿਆ ਦਫ਼ਤਰ ਵੱਲੋਂ ਬਲਵਿੰਦਰ ਸਿੰਘ ਘਲੋਵਾਂ, ਲਖਵੀਰ ਸਿੰਘ ਵੱਲੋਂ ਵੀ ਸਰਗਰਮ ਭਾਗੀਦਾਰੀ ਨਿਭਾਈ ਗਈ ਅਤੇ ਬੱਚਿਆਂ ਨੂੰ ਸੁਰੱਖਿਅਤ ਰਹਿਣ ਸੰਬੰਧੀ ਜ਼ਰੂਰੀ ਸਲਾਹਾਂ ਦਿੱਤੀਆਂ ਗਈਆਂ।

ਮਮਤਾ ਦਿਵਸ ਮੌਕੇ ਸਿਹਤ ਬਲਾਕ ਮਹਿਲ ਕਲਾਂ ਦੇ ਪਿੰਡਾਂ ਵਿੱਚ ਦਿੱਤੀਆਂ ਟੀਕਾਕਰਨ ਸੇਵਾਵਾਂ

ਮਹਿਲ ਕਲਾਂ, 21 ਮਈ (ਅਵਤਾਰ ਸਿੰਘ ਫਰਵਾਹੀ)

ਸਿਵਲ ਸਰਜਨ ਬਰਨਾਲਾ ਡਾ. ਹਰੀਪਾਲ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸੀਨੀਅਰ ਮੈਡੀਕਲ ਅਫ਼ਸਰ ਡਾ. ਗੁਰਤੇਜਿੰਦਰ ਕੌਰ ਦੀ ਅਗਵਾਈ ਹੇਠ ਬਲਾਕ ਮਹਿਲ ਕਲਾਂ ਅਧੀਨ ਵੱਖ-ਵੱਖ ਸਿਹਤ ਕੇਂਦਰਾਂ 'ਤੇ ਮਮਤਾ ਦਿਵਸ ਮਨਾਇਆ ਗਿਆ। ਇਸ ਮੌਕੇ ਪਿੰਡ ਵਜੀਦਕੇ ਖੁਰਦ ਵਿਖੇ ਟੀਕਾਕਰਨ ਦੀਆਂ ਸੇਵਾਵਾਂ ਦੇ ਰਹੇ ਮਲਟੀਪਰਪਜ਼ ਹੈਲਥ ਵਰਕਰ ਰਮਨਦੀਪ ਸ਼ਰਮਾ ਨੇ ਕਿਹਾ ਕਿ ਮਮਤਾ ਦਿਵਸ @ਤੇ ਗਰਭਵਤੀ ਮਹਿਲਾਵਾਂ ਅਤੇ ਬੱਚਿਆਂ ਦਾ ਟੀਕਾਕਰਨ ਕੀਤਾ ਜਾਂਦਾ ਹੈ, ਤਾਂ ਜੋ ਜੱਚਾ ਬੱਚਾ ਦੋਵੇਂ ਤੰਦਰੁਸਤ ਰਹਿਣ ਅਤੇ ਬੱਚਿਆਂ ਨੂੰ ਟੀਕਾਕਰਨ ਕਰਵਾ ਕੇ 10 ਮਾਰੂ ਰੋਗਾਂ ਤੋਂ ਬਚਾਇਆ ਜਾ ਸਕੇ। ਉਨ੍ਹਾਂ ਦੱਸਿਆ ਕਿ ਨਵ ਜਨਮੇਂ ਬੱਚੇ ਤੋਂ ਲੈ ਕੇ ਡੇਢ ਸਾਲ ਤੱਕ ਦੇ ਬੱਚਿਆਂ ਨੂੰ ਪੋਲੀਓ, ਗਲ਼-ਘੋਟੂ, ਕਾਲ਼ੀ ਖਾਂਸੀ, ਟੈਟਨਸ, ਦਿਮਾਗੀ ਬੁਖਾਰ, ਪੀਲ਼ੀਆ, ਖਸਰਾ, ਰੁਬੇਲਾ ਤੇ ਨਿਮੋਨੀਆ ਦੀ ਬਿਮਾਰੀ ਤੋਂ ਬਚਾਅ ਲਈ ਟੀਕੇ ਲਗਾਏ ਜਾਂਦੇ ਹਨ ਅਤੇ ਪੋਲੀਓ ਬੂੰਦਾਂ ਤੇ ਰੋਟਾਵਾਇਰਸ ਦੀ ਬਿਮਾਰੀ ਤੋਂ ਬਚਾਅ ਲਈ ਬੂੰਦਾਂ ਪਿਲਾਈਆਂ ਜਾਂਦੀਆਂ ਹਨ।ਇਸ ਮੌਕੇ @ਤੇ ਸੀ ਐਚ ਓ ਮਨਦੀਪ ਕੌਰ ਨੇ ਦੱਸਿਆ ਕਿ ਟੀਕਾਕਰਨ ਕਰਵਾਉਣ ਲਈ ਆਉਣ ਵਾਲੀ ਮਾਵਾਂ ਤੇ ਗਰਭਵਤੀ ਔਰਤਾਂ ਨੂੰ ਸਿਹਤ ਸੰਭਾਲ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਵੀ ਦਿੱਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਨਵਜਨਮੇ ਬੱਚੇ ਨੂੰ ਗੁੜਤੀ ਨਾ ਦਿੱਤੀ ਜਾਵੇ ਅਤੇ ਬੱਚੇ ਨੂੰ ਇੰਨਫੈਕਸ਼ਨ ਤੋਂ ਦੂਰ ਰੱਖਣ ਲਈ ਹੱਥਾਂ ਨੂੰ ਚੰਗੀ ਤਰ੍ਹਾਂ ਸਾਬਣ ਨਾਲ ਧੋ ਕੇ ਸਾਫ ਕਰਿਆ ਜਾਵੇ ਫਿਰ ਬੱਚੇ ਨੂੰ ਚੁੱਕਿਆ ਜਾਵੇ। ਇਸ ਦੇ ਨਾਲ ਹੀ ਗਰਭਵਤੀ ਔਰਤਾਂ ਨੂੰ ਲਗਾਤਾਰ ਸਮੇਂ ਸਮੇਂ @ਤੇ ਆਪਣਾ ਚੈੱਕਅਪ ਨੇੜਲੇ ਸਿਹਤ ਕੇਂਦਰ ਵਿੱਚ ਕਰਵਾਉਣਾ ਚਾਹੀਦਾ ਹੈ ਤਾਂ ਜੋ ਬੱਚੇ ਦੇ ਜਨਮ ਸਮੇਂ ਕੋਈ ਮੁਸ਼ਕਲ ਪੇਸ਼ ਨਾ ਆਵੇ। ਇਸ ਮੌਕੇ ਸਿਹਤ ਵਰਕਰ ਗੁਰਮੇਲ ਸਿੰਘ ਅਤੇ ਆਸ਼ਾ ਵਰਕਰਾਂ ਹਾਜ਼ਰ ਸਨ।

ਆਲ ਇੰਡੀਆ ਕਬਾਈਨ ਐਸੋਸੀਏਸਨ ਦੇ ਪ੍ਰਧਾਨ ਅਵਤਾਰ ਸਿੰਘ ਨੰਨੜੇ ਗਵਰਨਰ ਕੋਲ ਮੋਟਰ ਵਹੀਕਲ ਨਿਯਮਾ ਚ ਕੀਤੀ ਸੋਧ ਦੀ ਮੰਗ

ਨਾਭਾ, 21 ਮਈ (ਰਾਕੇਸ਼ ਜਿੰਦਲ ਸ਼ੁਭਮ ਜਿੰਦਲ) ਆਲ ਇੰਡੀਆ ਕੰਬਾਈਨ ਐਸੋਸੀਏਸਨ ਅਤੇ ਖੇਤੀਬਾੜੀ ਉਪਕਰਣ ਨਿਰਮਾਤਾ ਵੈਲਫੇਅਰ ਐਸੋਸੀਏਸ਼ਨ ਵੱਲੋਂ ਕੰਬਾਈਨ ਉਦਯੋਗ ਨੂੰ ਦਰਪੇਸ਼ ਆ ਰਹੀਆਂ ਸਮੱਸਿਆਵਾਂ ਸਬੰਧੀ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੂੰ ਇੱਕ ਮੰਗ ਪੱਤਰ ਸੌਂਪਿਆ ਗਿਆ। ਐਸੋਸੀਏਸ਼ਨ ਦੇ ਪ੍ਰਧਾਨ ਅਵਤਾਰ ਸਿੰਘ ਨਨੜੇ ਨੇ ਦੱਸਿਆ ਕਿ ਹਾਰਵੇਸਟਰ ਕੰਬਾਈਨ ਸਿਰਫ ਪੱਕੀ ਹੋਈ ਫਸਲ ਦੀ ਕਟਾਈ ਕਰਦੀ ਹੈ, ਜਿਸ ਨੂੰ ਮੌਜੂਦਾ ਸਮੇਂ ਵਿੱਚ ਨਿਰਮਾਣ ਉਪਕਰਣਾਂ ਦੀ ਸ਼੍ਰੇਣੀ ਵਿੱਚ ਰੱਖਿਆ ਗਿਆ ਹੈ।

ਉਨ੍ਹਾਂ ਮੰਗ ਕੀਤੀ ਕਿ ਕੰਬਾਈਨ ਨੂੰ ਮੋਟਰ ਵਾਹਨ ਨਿਯਮਾਂ ਵਿੱਚ ਸ਼ਾਮਲ ਕਰਕੇ ਇਸ ਲਈ ਵੱਖਰਾ ਨਿਯਮ ਬਣਾਇਆ ਜਾਵੇ।ਉਨ੍ਹਾਂ ਦੱਸਿਆ ਕਿ ਹਾਰਵੇਸਟਰ ਕੰਬਾਈਨ ਸਾਲ ਵਿੱਚ ਸਿਰਫ ਦੋ ਸੀਜ਼ਨਾਂ ਦੌਰਾਨ ਖਰੀਫ ਅਤੇ ਰਬੀ ਦੀਆਂ ਫਸਲਾਂ ਦੀ ਕਟਾਈ ਕਰਦੀ ਹੈ। ਕੰਬਾਈਨ ਸਾਲ ਵਿੱਚ ਕਰੀਬ ਪੰਜ ਮਹੀਨੇ ਖੜ੍ਹੀ ਰਹਿੰਦੀ ਹੈ ਅਤੇ ਸਿਰਫ ਅਪ੍ਰੈਲ ਅਤੇ ਸਤੰਬਰ-ਅਕਤੂਬਰ ਮਹੀਨਿਆਂ ਵਿੱਚ ਖੇਤਾਂ ਵਿੱਚ ਚੱਲਦੀ ਹੈ। ਕੰਬਾਈਨ ਦੇ ਟਰੈਮ-4 ਇੰਜਣ ਵਿੱਚ ਯੂਰੀਆ ਪੈਂਦਾ ਹੈ ਅਤੇ ਪੰਜ ਮਹੀਨੇ ਤੱਕ ਮਸ਼ੀਨ ਖੜ੍ਹੀ ਰਹਿਣ ਕਾਰਨ ਯੂਰੀਆ ਜਮ ਜਾਂਦਾ ਹੈ, ਜਿਸ ਨਾਲ ਯੂਰੀਆ ਟੈਂਕੀ ਖਰਾਬ ਹੋ ਜਾਂਦੀ ਹੈ। ਇਸ ਤੋਂ ਇਲਾਵਾ ਕੰਬਾਈਨ ਵਿੱਚ ਲੱਗੇ ਸੈਂਸਰ ਖੇਤਾਂ ਵਿੱਚ ਧੂੜ ਕਾਰਨ ਕੰਮ ਕਰਨਾ ਛੱਡ ਦਿੰਦੇ ਹਨ, ਜਿਸ ਨਾਲ ਮਸ਼ੀਨ ਵਿੱਚ ਬ੍ਰੇਕਡਾਊਨ ਆ ਜਾਂਦਾ ਹੈ ਅਤੇ ਮਸ਼ੀਨ ਕਈ ਦਿਨਾਂ ਤੱਕ ਬੰਦ ਰਹਿੰਦੀ ਹੈ। ਉਨ੍ਹਾਂ ਕਿਹਾ ਕਿ ਖੇਤਾਂ ਵਿੱਚ ਇਨ੍ਹਾਂ ਇੰਜਣਾਂ ਕਾਰਨ ਅੱਗ ਲੱਗਣ ਦੀਆਂ ਘਟਨਾਵਾਂ ਵੀ ਸਾਹਮਣੇ ਆ ਚੁੱਕੀਆਂ ਹਨ।ਉਨ੍ਹਾਂ ਮੰਗ ਕੀਤੀ ਕਿ ਮੋਟਰ ਵ੍ਹੀਕਲ ਨਿਯਮਾਂ ਦੀਆਂ ਧਾਰਾਵਾਂ ਵਿੱਚ ਸੋਧ ਕਰਕੇ ਹਾਰਵੇਸਟਰ ਕੰਬਾਈਨ ਲਈ ਵੱਖਰਾ ਕਾਲਮ ਬਣਾਇਆ ਜਾਵੇ ਅਤੇ ਇਸ ਨੂੰ ਯੂਰੀਆ ਵਰਤਣ ਵਾਲੇ ਇੰਜਣਾਂ ਤੋਂ ਵੱਖ ਰੱਖਿਆ ਜਾਵੇ। ਨਨੜੇ ਨੇ ਕਿਹਾ ਕਿ ਕੰਬਾਈਨ ਸਾਲ ਭਰ ਵੱਧ ਨਹੀਂ ਚੱਲਦੀ, ਇਸ ਲਈ ਇਹ ਪ੍ਰਦੂਸ਼ਣ ਵੀ ਘੱਟ ਕਰਦੀ ਹੈ। ਇਸ ਕਰਕੇ ਕਿਸਾਨਾਂ ਦੀ ਸਹੂਲਤ ਲਈ ਕੇਂਦਰੀ ਮੋਟਰ ਵਾਹਨ ਨਿਯਮ 1989 ਵਿੱਚ ਸੋਧ ਕਰਕੇ ਰਾਹਤ ਦਿੱਤੀ ਜਾਵੇ।

ਵੋਟਰ ਆਪਣੀ ਪਛਾਣ ਲਈ ਈਪਿਕ (EPIC) ਕਾਰਡ ਤੋਂ ਇਲਾਵਾ ਹੋਰ 15 ਦਸਤਾਵੇਜ਼ ਵੀ ਕਰ ਸਕਣਗੇ ਵਰਤੋਂ : ਰਿੰਪੀ ਗਰਗ

- **ਨਗਰ ਕੌਂਸਲ/ਨਗਰ ਪੰਚਾਇਤ ਚੋਣਾਂ-2026 ਸਬੰਧੀ ਹਦਾਇਤਾਂ ਜਾਰੀ**

ਮਾਲੇਰਕੋਟਲਾ, 21 ਮਈ : (ਮੁਨਸ਼ੀ ਫ਼ਾਰੂਕ) - ਵਧੀਕ ਡਿਪਟੀ ਕਮਿਸ਼ਨਰ-ਕਮ- ਵਧੀਕ ਜ਼ਿਲ੍ਹਾ ਚੋਣਕਾਰ ਅਫ਼ਸਰ ਰਿੰਪੀ ਗਰਗ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਰਾਜ ਚੋਣ ਕਮਿਸ਼ਨ ਵੱਲੋਂ ਨਗਰ ਕੌਂਸਲਾਂ ਅਤੇ ਨਗਰ ਪੰਚਾਇਤਾਂ ਦੀਆਂ ਆਮ ਚੋਣਾਂ-2026 ਲਈ ਵੋਟਰਾਂ ਦੀ ਪਛਾਣ ਸਬੰਧੀ ਜ਼ਰੂਰੀ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਚੋਣਾਂ ਦੌਰਾਨ ਵੋਟਰ ਆਪਣੀ ਪਛਾਣ ਲਈ ਇਲੈਕਟੋਰਲ ਫੋਟੋ ਆਈਡੈਂਟੀਟੀ ਕਾਰਡ (5♦93) ਤੋਂ ਇਲਾਵਾ ਹੋਰ ਵਿਕਲਪਿਕ ਦਸਤਾਵੇਜ਼ ਵੀ ਵਰਤ ਸਕਣਗੇ। ਉਨ੍ਹਾਂ ਦੱਸਿਆ ਕਿ ਜਿਨ੍ਹਾਂ ਵੋਟਰਾਂ ਕੋਲ ਈਪਿਕ ਕਾਰਡ ਉਪਲਬਧ ਹੈ, ਉਹ ਆਪਣੇ ਕਾਰਡ ਰਾਹੀਂ ਵੋਟ ਪਾ ਸਕਣਗੇ। ਇਸ ਤੋਂ ਇਲਾਵਾ ਜਿਨ੍ਹਾਂ ਵੋਟਰਾਂ ਕੋਲ ਈਪਿਕ ਕਾਰਡ ਨਹੀਂ ਹੈ, ਉਹ ਆਧਾਰ ਕਾਰਡ, ਭਾਰਤੀ ਪਾਸਪੋਰਟ, ਡਰਾਈਵਿੰਗ ਲਾਇਸੈਂਸ, ਫੋਟੋ ਵਾਲਾ ਪੈਨ ਕਾਰਡ, ਮਗਨਰੇਗਾ ਜਾਬ ਕਾਰਡ, ਰਾਸ਼ਨ ਕਾਰਡ/ਨੀਲਾ ਕਾਰਡ, ਫੋਟੋ ਸਮੇਤ ਆਰਮਜ਼ ਲਾਇਸੈਂਸ, ਪੈਨਸ਼ਨ ਦਸਤਾਵੇਜ਼, ਆਜ਼ਾਦੀ ਘੁਲਾਟੀਏ ਪਛਾਣ ਪੱਤਰ, ਬੈਂਕ ਜਾਂ ਡਾਕਖਾਨੇ ਦੀ ਫੋਟੋ ਵਾਲੀ ਪਾਸਬੁੱਕ, ਮਜ਼ਦੂਰੀ ਮੰਤਰਾਲੇ ਵੱਲੋਂ ਜਾਰੀ ਹੈਲਥ ਇੰਸ਼ੋਰੈਂਸ ਸਮਾਰਟ ਕਾਰਡ, ਸੰਸਦ ਮੈਂਬਰਾਂ ਅਤੇ ਵਿਧਾਇਕਾਂ ਨੂੰ ਜਾਰੀ ਸਰਕਾਰੀ ਪਛਾਣ ਪੱਤਰ, ਯੂਨੀਕ ਡਿਸਏਬਿਲਟੀ ਆਈਡੀ ਕਾਰਡ (”494), ਕੇਂਦਰ/ਰਾਜ ਸਰਕਾਰ, ਪੀਐੱਸਯੂ ਜਾਂ ਪਬਲਿਕ ਲਿਮਟਿਡ ਕੰਪਨੀਆਂ ਵੱਲੋਂ ਜਾਰੀ ਸਰਵਿਸ ਆਈਡੀ ਕਾਰਡ ਅਤੇ ਮਾਨਤਾ ਪ੍ਰਾਪਤ ਵਿਦਿਅਕ ਸੰਸਥਾਵਾਂ ਵੱਲੋਂ ਜਾਰੀ ਵਿਦਿਆਰਥੀ ਪਛਾਣ ਪੱਤਰ ਦੀ ਵਰਤੋਂ ਕਰ ਸਕਦੇ ਹਨ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜੇਕਰ ਕੋਈ ਦਸਤਾਵੇਜ਼ ਪਰਿਵਾਰ ਦੇ ਮੁਖੀ ਦੇ ਨਾਮ 'ਤੇ ਹੈ ਤਾਂ ਉਸ ਦੇ ਆਧਾਰ 'ਤੇ ਪਰਿਵਾਰ ਦੇ ਹੋਰ ਮੈਂਬਰਾਂ ਦੀ ਵੀ ਪਛਾਣ ਕੀਤੀ ਜਾ ਸਕਦੀ ਹੈ, ਬਸ਼ਰਤੇ ਉਨ੍ਹਾਂ ਦੀ ਪਛਾਣ ਸਪੱਸ਼ਟ ਹੋਵੇ। ਉਨ੍ਹਾਂ ਕਿਹਾ ਕਿ ਚੋਣ ਪ੍ਰਕਿਰਿਆ ਨੂੰ ਸੁਚਾਰੂ ਅਤੇ ਪਾਰਦਰਸ਼ੀ ਢੰਗ ਨਾਲ ਨੇਪਰੇ ਚਾੜ੍ਹਨ ਲਈ ਚੋਣ ਕਮਿਸ਼ਨ ਦੀਆਂ ਹਦਾਇਤਾਂ ਦੀ ਪਾਲਣਾ ਯਕੀਨੀ ਬਣਾਈ ਜਾਵੇਗੀ। ਉਨ੍ਹਾਂ ਸਮੂਹ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ ਵੋਟਿੰਗ ਵਾਲੇ ਦਿਨ ਆਪਣੇ ਨਾਲ ਲਾਜ਼ਮੀ ਪਛਾਣ ਦਸਤਾਵੇਜ਼ ਜ਼ਰੂਰ ਲੈ ਕੇ ਆਉਣ ਤਾਂ ਜੋ ਕਿਸੇ ਕਿਸਮ ਦੀ ਅਸੁਵਿਧਾ ਤੋਂ ਬਚਿਆ ਜਾ ਸਕੇ।

ਸਫਾਈ ਕਰਮਚਾਰੀ ਯੂਨੀਅਨ (ਪੰਜਾਬ) ਦੀ ਸਰਕਾਰ ਨਾਲ ਦੁਵੱਲੀ ਗੱਲਬਾਤ ਤੋਂ ਬਾਅਦ, 17ਵੇਂ ਦਿਨ ਚ ਪਹੁੰਚੀ ਹੜਤਾਲ ਹੋਈ ਸਮਾਪਤ

ਮੂਣਕ 21 ਮਈ (ਪ੍ਰਤਾਪ ਸਿੰਘ ਖੁਰਾਣਾ) ਸਫਾਈ ਕਰਮਚਾਰੀ ਯੂਨੀਅਨ ਪੰਜਾਬ ਦੇ ਸੱਦੇ ਤੇ ਨਗਰ ਪੰਚਾਇਤ ਮੂਣਕ ਦੇ ਹੜਤਾਲੀ ਸਫਾਈ ਕਰਮਚਾਰੀਆਂ ਨੇ ਅੱਜ ਸਰਕਾਰ ਨਾਲ ਦੁਵੱਲੀ ਗੱਲਬਾਤ ਤੋਂ ਬਾਅਦ, ਸਰਕਾਰ ਵੱਲੋਂ ਵਿਸ਼ਵਾਸ ਦਿਵਾਉਂਣ ਤੇ ਪਿਛਲੇ 17 ਦਿਨਾਂ ਤੋਂ ਚਲੀ ਆ ਰਹੀ ਹੜਤਾਲ ਪੋਸਟਪੋਨ ਕਰ ਦਿੱਤੀ ਹੈ। ਇਸ ਦੌਰਾਨ ਸਫਾਈ ਕਰਮਚਾਰੀ ਯੂਨੀਅਨ ਮੂਣਕ ਦੇ ਪ੍ਰਧਾਨ ਜਮਾਂਦਾਰ ਸ਼੍ਰੀ ਮਾਈ ਬਖਸ਼ ਅਤੇ ਸ਼੍ਰੀ ਮੁਨੀਸ਼ ਮੜੀਆ ਨੇ ਇਸ ਪੱਤਰਕਾਰ ਨੂੰ ਦੱਸਿਆ ਕਿ ਸਰਕਾਰ ਨੇ ਆਊਟ ਸੋਰਸ ਤੇ ਕੰਮ ਕਰਦੇ ਮੁਲਾਜ਼ਮਾਂ ਨੂੰ ਕੋਂਨਟੈਕਟ ਬੇਸ ਤੇ ਕਰਨ ਤੇ ਸਹਿਮਤੀ ਦੇ ਦਿੱਤੀ ਹੈ। ਅਤੇ ਉਨਾਂ ਦੀ ਮਹੀਨਾਵਾਰ ਤਨਖਾਹ 12 ਹਜਾਰ ਤੋਂ ਵਧਾ ਕੇ 18000 ਪ੍ਰਤੀ ਮਹੀਨਾ ਕਰ ਦਿੱਤੀ ਹੈ ਇਸੇ ਤਰ੍ਹਾਂ ਕੋਂਨਟੈਕਟ ਬੇਸ ਤੇ ਕੰਮ ਕਰਦੇ ਕਰਮਚਾਰੀਆਂ ਨੂੰ ਇੱਕ ਮਹੀਨੇ ਦੇ ਅੰਦਰ ਅੰਦਰ ਰੈਗੂਲਰ ਕਰਨ ਦਾ ਵਿਸ਼ਵਾਸ ਦਵਾਇਆ ਹੈ ਉਹਨਾਂ ਅੱਗੇ ਕਿਹਾ ਕਿ ਬਾਕੀ ਸਾਡੇ ਯੂਨੀਅਨ ਦੇ ਅਹੁੰਦੇਦਾਰ ਚੰਡੀਗੜ੍ਹ ਵਿਖੇ ਸਰਕਾਰ ਨਾਲ ਗੱਲਬਾਤ ਕਰ ਰਹੇ ਹਨ ਨੋਟੀਫਿਕੇਸ਼ਨ ਆਉਣ ਤੇ ਪੂਰਾ ਵੇਰਵਾ ਪੱਤਰਕਾਰਾਂ ਨੂੰ ਨੂੰ ਦੇ ਦਿੱਤਾ ਜਾਵੇਗਾ ਉਹਨਾਂ ਅੱਗੇ ਦੱਸਿਆ ਕਿ ਕੱਲ ਤੋਂ ਪੰਜਾਬ ਦਾ ਸਮੁੱਚਾ ਸਫਾਈ ਕਰਮਚਾਰੀ ਆਪਣੀਆਂ ਆਪਣੀਆਂ ਡਿਊਟੀਆਂ ਤੇ ਹਾਜ਼ਰ ਹੋ ਜਾਵੇਗਾ। ਇੱਥੇ ਇਹ ਦੱਸਣਾ ਵੀ ਜਰੂਰੀ ਬਣਦਾ ਹੈ ਹੈ ਕਿ ਬੱਕਰੀ ਦੁੱਧ ਵੀ ਦਿੰਦੀ ਹੈ ਪਰ ਮੇਂਗਨਾ ਪਾ ਕੇ, ਅਗਰ ਸਰਕਾਰ ਨੇ ਜੋ 17 ਦਿਨਾਂ ਬਾਅਦ ਇਹਨਾਂ ਦੀਆਂ ਹੱਕੀ ਮੰਗਾਂ ਮੰਨੀਆਂ ਹਨ ਤਾਂ ਇਹ ਹੜਤਾਲ ਤੋਂ ਪਹਿਲਾਂ ਵੀ ਮੰਨੀਆਂ ਜਾ ਸਕਦੀਆਂ ਹਨ ਅਤੇ ਪੰਜਾਬ ਦੀ ਜਨਤਾ ਨੂੰ ਇਨਾ ਡਾਢ੍ਹਾ ਪਰੇਸ਼ਾਨ ਵੀ ਨਾ ਹੁੰਦੀ ਅਤੇ ਪੰਜਾਬ ਦੇ ਸਮੁੱਚੇ ਸ਼ਹਿਰਾਂ ਦੇ ਅੰਦਰ ਇਨਾ ਵੱਡੀ ਗੰਦਗੀ ਵੀ ਨਾ ਫੈਲਦੀ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕੀ ਸਫਾਈ ਕਰਮਚਾਰੀਆਂ ਦੀ ਹੜਤਾਲ ਦਾ ਦੂਸਰੇ ਸਿਆਸੀ ਪਾਰਟੀਆਂ ਦੇ ਲੀਡਰ ਵੀ ਲਾਹਾ ਲੈਣ ਨੂੰ ਫਿਰਦੇ ਸਨ ਉਹ ਇਹਨਾਂ ਦੀਆਂ ਰੈਲੀਆਂ ਧਰਨਿਆਂ ਵਿੱਚ ਜਾ ਜਾ ਕੇ ਇਹਨਾਂ ਦੀ ਹਮਾਇਤ ਕਰਦੇ ਸਨ ਕਿ ਸਾਡੀ ਸਰਕਾਰ ਆਉਣ ਤੇ ਅਸੀਂ ਆਹ ਕੁਝ ਕਰ ਦਿਆਂਗੇ, ਆਹਾ ਕਰ ਦਿਆਂਗੇ, ਸਾਨੂੰ ਵੋਟਾਂ ਪਾਇਆ ਜੇ।ਪਰ ਇਹ ਲੋਕ ਆਪ ਭੁੱਲ ਗਏ ਹਨ ਕੀ ਅਸੀਂ ਆਪਣੀ ਸਰਕਾਰ ਦੇ ਹੁੰਦੇ ਹੋਏ ਇਹਨਾਂ ਗਰੀਬ ਸਫਾਈ ਕਰਮਚਾਰਿਆਂ ਦਾ ਕੁਝ ਵੀ ਨਹੀਂ ਕੀਤਾ ਸੀ ਅੱਜ ਉਹ ਇਹਨਾਂ ਦੀਆਂ ਸਟੇਜਾਂ ਤੇ ਜਾ ਜਾ ਕੇ ਵੱਡੀਆਂ ਵੱਡੀਆਂ ਡੀਗਾਂ ਮਾਰਦੇ ਨਹੀਂ ਥੱਕਦੇ ਸਨ ਜਿਸ ਨੂੰ ਹੁਣ ਵਿਰਾਮ ਲੱਗ ਗਿਆ ਹੈ। ਹੁਣ ਅੱਗੇ ਦੇਖੋ ਕੀ ਬਣਦਾ ਹੈ ਉਹ ਆਉਣ ਵਾਲਾ ਸਮਾਂ ਹੀ ਦੱਸੇਗਾ ਇਸ ਮੌਕੇ ਸਮੁੱਚਾ ਹੜਤਾਲੀ ਮੁਲਾਜ਼ਮ ਵੀ ਹਾਜ਼ਰ ਸੀ।

ਭਾਰਤ ਵਿਕਾਸ ਪਰੀਸ਼ਦ ਤਖ਼ਤਗੜ੍ਹ ਦੀ ਵਰਚੁਅਲ ਬੈਠਕ ਚ ਵੱਖ-ਵੱਖ ਪ੍ਰੋਜੈਕਟ ਸ਼ੁਰੂ ਕਰਨ 'ਤੇ ਸਹਿਮਤੀ ਬਣੀ

ਨੂਰਪੁਰਬੇਦੀ, 21 ਮਈ (ਮਨਦੀਪ ਬਾਲੀ) ਭਾਰਤ ਵਿਕਾਸ ਪਰੀਸ਼ਦ ਦੀ ਤਖ਼ਤਗੜ੍ਹ ਇਕਾਈ ਦੀ ਵਰਚੁਅਲ ਮੀਟਿੰਗ ਦੀ ਸ਼ੁਰੂਆਤ ਵੰਦੇ ਮਾਤਰਮ ਦੇ ਸਾਂਝੇ ਗਾਇਨ ਨਾਲ ਕੀਤੀ ਗਈ। ਇਸ ਤੋਂ ਬਾਅਦ ਮੀਟਿੰਗ ਵਿੱਚ ਗੁਰੂ ਵੰਦਨ ਵਿਦਿਆਰਥੀ ਅਭਿਨੰਦਨ ਪ੍ਰੋਜੈਕਟ ਤਹਿਤ ਸਕੂਲਾਂ ਵਿੱਚ ਅਧਿਆਪਕਾਂ ਦੇ ਸਨਮਾਨ ਅਤੇ ਹੋਣਹਾਰ ਵਿਦਿਆਰਥੀਆਂ ਦੇ ਅਭਿਨੰਦਨ ਲਈ ਸਮਾਗਮ ਕਰਵਾਉਣ ਦਾ ਫੈਸਲਾ ਲਿਆ ਗਿਆ। ਇਸ ਤੋਂ ਇਲਾਵਾ ਆਰਥਿਕ ਤੌਰ 'ਤੇ ਕਮਜ਼ੋਰ ਅਤੇ ਲੋੜਵੰਦ ਲੋਕਾਂ ਨੂੰ ਆਤਮਨਿਰਭਰ ਬਣਾਉਣ ਲਈ ਸਵਰੋਜ਼ਗਾਰ ਯੋਜਨਾਵਾਂ ਵਿੱਚ ਸਹਿਯੋਗ ਦੇਣ 'ਤੇ ਵੀ ਸਹਿਮਤੀ ਬਣੀ। ਮੈਂਬਰਾਂ ਨੂੰ ਅਜਿਹੇ ਲੋੜਵੰਦ ਵਿਅਕਤੀਆਂ ਦੀ ਜਾਣਕਾਰੀ ਸਾਂਝੀ ਕਰਨ ਦੀ ਅਪੀਲ ਕੀਤੀ ਗਈ। ਇਸ ਦੌਰਾਨ ਮਹਿਲਾਵਾਂ ਅਤੇ ਨੌਜਵਾਨ ਲੜਕੀਆਂ ਨੂੰ ਆਤਮਨਿਰਭਰ ਬਣਾਉਣ ਦੇ ਉਦੇਸ਼ ਨਾਲ ਸਿਲਾਈ ਸੈਂਟਰ ਸ਼ੁਰੂ ਕਰਨ 'ਤੇ ਵੀ ਸਹਿਮਤੀ ਬਣੀ। ਇਸ ਲਈ ਲੋੜੀਂਦੇ ਸਰੋਤਾਂ ਅਤੇ ਥਾਂ ਦੀ ਵਿਵਸਥਾ ਸਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ। ਮੀਟਿੰਗ ਵਿੱਚ ਗਰਮੀ ਦੇ ਮੌਸਮ ਨੂੰ ਧਿਆਨ ਵਿੱਚ ਰੱਖਦੇ ਹੋਏ ਜਲ ਸੇਵਾ ਪ੍ਰੋਜੈਕਟ ਤਹਿਤ ਲੋੜਵੰਦ ਥਾਵਾਂ 'ਤੇ ਪਾਣੀ ਦੀ ਵਿਵਸਥਾ ਕਰਨ ਦਾ ਫੈਸਲਾ ਵੀ ਕੀਤਾ ਗਿਆ। ਇਸ ਦੇ ਨਾਲ ਹੀ ਸ਼ਾਖਾ ਵੱਲੋਂ ਘੱਟ-ਘੱਟ 10 ਗਮਲਿਆਂ ਵੰਡਣ ਦਾ ਟੀਚਾ ਵੀ ਨਿਰਧਾਰਤ ਕੀਤਾ ਗਿਆ ਅਤੇ ਸਾਰੇ ਮੈਂਬਰਾਂ ਨੂੰ ਇਸ ਵਿੱਚ ਸਰਗਰਮ ਸਹਿਯੋਗ ਦੇਣ ਦੀ ਅਪੀਲ ਕੀਤੀ ਗਈ। ਮੀਟਿੰਗ ਵਿੱਚ ਪ੍ਰਧਾਨ ਸੀਮਾ ਸ਼ਰਮਾ, ਜਨਰਲ ਸੈਕਟਰੀ ਅਨਾਮਿਕਾ, ਸਾਬਕਾ ਪ੍ਰਧਾਨ ਸੰਜੀਵ ਭੰਡਾਰੀ, ਵਰਿੰਦਰ ਸ਼ਰਮਾ, ਸ਼ਸ਼ੀਕਾਂਤ ਚੰਦਨ, ਸੰਤੋਸ਼ ਰਾਣਾ, ਦਿਨੇਸ਼ ਕੌਸ਼ਿਕ, ਰਾਜਕੁਮਾਰ ਘੋਸਲਾ, ਦਵਿੰਦਰ ਸੈਣੀ ਅਤੇ ਲੋਕੇਸ਼ ਮੋਹਨ ਸ਼ਰਮਾ ਮੌਜੂਦ ਸਨ। ਭਾਰਤ ਵਿਕਾਸ ਪਰੀਸ਼ਦ ਦੀ ਵਰਚੁਅਲ ਮੀਟਿੰਗ @ਚ ਸ਼ਾਮਲ ਸੰਸਥਾ ਦੇ ਮੈਂਬਰ।

ਸ.ਫਾਈ ਕਾਮਿਆਂ ਦੀ ਹੜਤਾਲ ਨੂੰ ਸਮਰਥਨ ਲੋਕ ਚੇਤਨਾ ਮੰਚ

ਲਹਿਰਾਗਾਗਾ 21 ਮਈ (ਮਨਪ੍ਰੀਤ ਕੌਰ ਸੈਣੀ ਚੂੜਲ ਕਲਾਂ) ਲੋਕ ਚੇਤਨਾ ਮੰਚ ਲਹਿਰਾਗਾਗਾ ਨੇ ਸਫ਼ਾਈ ਮਜ਼ਦੂਰਾਂ ਦੀ ਹੜਤਾਲ ਦਾ ਡਟਵਾਂ ਸਮਰਥਨ ਕਰਦਿਆਂ ਜਥੇ ਵੱਲੋਂ ਪਹੁੰਚ ਕੇ ਹਾਜ਼ਰੀ ਲਵਾਈ ਗਈ। ਇਸ ਤੋਂ ਇਲਾਵਾ ਹੋਰ ਵੀ ਅਹਿਮ ਮੰਗਾਂ ਮਸਲਿਆਂ ਸਬੰਧੀ ਗੁਰਦੁਆਰਾ ਧੰਨਾ ਭਗਤ ਵਿਖੇ ਮੰਚ ਦੀ ਇਕੱਤਰਤਾ ਹੋਈ। ਆਗੂਆਂ ਨੇ ਦੱਸਿਆ ਕਿ ਦੇਸ਼ ਭਰ ਵਿੱਚ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਅਸਮਾਨੀ ਚੜ੍ਹ ਗਈਆਂ ਹਨ। ਨਵੇਂ ਵਾਧੇ ਮੁਤਾਬਿਕ ਪੈਟਰੋਲ 297 ਲਗਭਗ ਤਿੰਨ ਰੁਪਏ ਪ੍ਰਤੀ ਲੀਟਰ ਅਤੇ ਡੀਜ਼ਲ 2.94 ਰੁਪਏ ਪ੍ਰਤੀ ਲੀਟਰ ਮਹਿੰਗਾ ਹੋ ਗਿਆ ਹੈ। ਡੀਜ਼ਲ ਦੀਆਂ ਕੀਮਤਾਂ ਵਿੱਚ ਹੋਏ ਭਾਰੀ ਵਾਧੇ ਦਾ ਸਿੱਧਾ ਅਤੇ ਮਾਰੂ ਅਸਰ ਆਮ ਆਦਮੀ ਦੀ ਜੇਬ ਅਤੇ ਘਰ ਦੀ ਰਸੋਈ @ਤੇ ਪੈਣਾ ਤੈਅ ਹੈ। ਮੰਚ ਨੇ ਚੰਡੀਗੜ੍ਹ ਵਿਖੇ ਰਾਜ ਭਵਨ ਵੱਲ ਜਾਂਦੇ ਕਿਸਾਨਾਂ ਉਪਰ ਚੰਡੀਗੜ੍ਹ ਪੁਲਿਸ ਵੱਲੋਂ ਕੀਤੇ ਲਾਠੀਚਾਰਜ ਅਤੇ ਅੱਥਰੂ ਗੈਸ ਦੇ ਗੋਲੇ ਸੁੱਟਣ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਅਤੇ ਕਿਹਾ ਕਿ ਕਿਸਾਨਾਂ-ਮਜ਼ਦੂਰਾਂ ਦੀਆਂ ਮੰਗਾਂ ਤੁਰੰਤ ਪੂਰੀਆਂ ਕੀਤੀਆਂ ਜਾਣ। ਮੰਚ ਦੇ ਆਗੂਆਂ ਨੇ ਸਥਾਨਕ ਸ਼ਹਿਰ ਦੇ ਸਰਕਾਰੀ ਅਤੇ ਪ੍ਰਾਈਵੇਟ ਬੈਂਕ ਸ਼ਾਖਾਵਾਂ ਦੇ ਏਟੀਐੱਮ ਨਕਦੀ ਕਿੱਲਤ ਕਾਰਨ @ਸਫੈਦ ਹਾਥੀ ਬਣੇ ਹੋਏ ਹਨ। ਲੋਕ ਕੈਸ਼ ਲਈ ਵਾਰ ਵਾਰ ਗੇੜੇ ਕੱਟ ਰਹੇ ਹਨ। ਇਸ ਦੌਰਾਨ ਜਗਜੀਤ ਭੁਟਾਲ, ਹਰਭਗਵਾਨ ਗੁਰਨੇ, ਜਗਦੀਸ਼ ਪਾਪੜਾ, ਗੁਰਚਰਨ ਸਿੰਘ, ਰਘਬੀਰ ਭੁਟਾਲ, ਪੂਰਨ ਖਾਈ, ਸ਼ਮਿੰਦਰ ਸਿੰਘ, ਸੁਖਦੇਵ ਚੰਗਾਲੀਵਾਲਾ, ਮਹਿੰਦਰ ਸਿੰਘ, ਸੁਖਜਿੰਦਰ ਲਾਲੀ ਅਤੇ ਰਣਦੀਪ ਸੰਗਤਪੁਰਾ ਆਦਿ ਹਾਜ਼ਰ ਸਨ।

ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਬੁੱਢਾ ਦਰਿਆ ਦੀ ਸਫਾਈ ਲਈ ਉਦਯੋਗਪਤੀਆਂ ਨੂੰ ਸਮਰਥਨ ਦੇਣ ਦੀ ਕੀਤੀ ਅਪੀਲ

ਲੁਧਿਆਣਾ, 21 ਮਈ – (ਝ ੱ ਜ ਉਮੈਦਪੁਰ)– ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਵੀਰਵਾਰ ਨੂੰ ਉਦਯੋਗਿਕ ਵਿਕਾਸ ਅਤੇ ਵਾਤਾਵਰਣ ਸੁਰੱਖਿਆ ਵਿਚਕਾਰ ਸੰਤੁਲਨ ਬਣਾਈ ਰੱਖਣ ਦੀ ਜ਼ਰੂਰਤ @ਤੇ ਜ਼ੋਰ ਦਿੱਤਾ। ਉਨ੍ਹਾਂ ਉਦਯੋਗ ਨੂੰ ਦੇਸ਼ ਦੀ ਰੀੜ੍ਹ ਦੀ ਹੱਡੀ ਦੱਸਿਆ ਅਤੇ ਉਦਯੋਗਪਤੀਆਂ ਨੂੰ ਜਨਤਕ ਸਿਹਤ ਅਤੇ ਵਾਤਾਵਰਣ ਨੂੰ ਬਿਹਤਰ ਬਣਾਉਣ ਲਈ ਬੁੱਢਾ ਦਰਿਆ ਦੀ ਸਫਾਈ ਲਈ ਸਰਗਰਮੀ ਨਾਲ ਸਮਰਥਨ ਕਰਨ ਦੀ ਅਪੀਲ ਕੀਤੀ। ਹੋਟਲ ਪਾਰਕ ਪਲਾਜ਼ਾ ਲੁਧਿਆਣਾ ਵਿਖੇ ਸਮਾਗਮ 4.0 ਲੀਡਰਜ਼ ਕਨਕਲੇਵ 2026 ਫੈਸ਼ਨ ਅਤੇ ਟੈਕਸਟਾਈਲ ਨੂੰ ਸੰਬੋਧਨ ਕਰਦੇ ਹੋਏ ਸ੍ਰੀ ਗੁਲਾਬ ਚੰਦ ਕਟਾਰੀਆ ਨੇ ਲੁਧਿਆਣਾ ਦੇ ਉਦਯੋਗਿਕ ਭਾਈਚਾਰੇ ਦੀ ਤਕਨੀਕੀ ਮੁਹਾਰਤ ਅਤੇ ਨਵੀਨਤਾਕਾਰੀ ਮਾਨਸਿਕਤਾ ਲਈ ਪ੍ਰਸ਼ੰਸਾ ਕੀਤੀ। ਉਨ੍ਹਾਂ ਨੇ ਉਜਾਗਰ ਕੀਤਾ ਕਿ ਕਿਵੇਂ ਪੰਜਾਬੀ ਉੱਦਮੀਆਂ ਨੇ ਚੁਣੌਤੀਪੂਰਨ ਸਮੇਂ ਦੌਰਾਨ ਲਗਾਤਾਰ ਵਿਹਾਰਕ ਹੱਲ ਪ੍ਰਦਾਨ ਕੀਤੇ ਹਨ, ਜਿਸ ਦੌਰਾਨ ਪੰਜਾਬ ਵਿੱਚ ਹੜ੍ਹਾਂ ਦੌਰਾਨ ਲੋਕਾਂ ਨੂੰ ਬਚਾਉਣ ਵਿੱਚ ਮਦਦ ਕਰਨ ਵਾਲੇ ਉਭਰੀ ਆਲ-ਟੇਰੇਨ ਵਾਹਨਾਂ ਦਾ ਵਿਕਾਸ ਸ਼ਾਮਲ ਹੈ। ਬੁੱਢਾ ਦਰਿਆ ਦੀ ਸਫਾਈ ਨੂੰ ਆਪਣਾ ÷ਸੁਪਨੇ ਦਾ ਪ੍ਰੋਜੈਕਟ÷ ਦੱਸਦੇ ਹੋਏ, ਰਾਜਪਾਲ ਨੇ ਕਿਹਾ ਕਿ ਪ੍ਰਦੂਸ਼ਣ ਨਿਵਾਸੀਆਂ ਲਈ ਇੱਕ ਵੱਡੀ ਸਿਹਤ ਚਿੰਤਾ ਬਣ ਗਿਆ ਹੈ। ਉਨ੍ਹਾਂ ਨੇ ਉਦਯੋਗਪਤੀਆਂ ਨੂੰ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ - ÷ਪਵਨ ਗੁਰੂ, ਪਾਣੀ ਪਿਤਾ, ਮਾਤਾ ਧਰਤਿ ਮਹੱਤ÷ ਅਤੇ ÷ਸਰਬੱਤ ਦਾ ਭਲਾ÷ ਤੋਂ ਪ੍ਰੇਰਨਾ ਲੈਂਦੇ ਹੋਏ, ਮਿਸ਼ਨ ਵਿੱਚ ਸਮੂਹਿਕ ਤੌਰ @ਤੇ ਸ਼ਾਮਲ ਹੋਣ ਦੀ ਅਪੀਲ ਕੀਤੀ। ਗੁਲਾਬ ਚੰਦ ਕਟਾਰੀਆ ਨੇ ਪੰਜਾਬ ਵਿੱਚ ਸਟਾਰਟਅੱਪਸ ਅਤੇ ਨਵੀਨਤਾ ਸੰਚਾਲਿਤ ਉੱਦਮਤਾ ਨੂੰ ਉਤਸ਼ਾਹਿਤ ਕਰਨ ਦੀ ਜ਼ੋਰਦਾਰ ਵਕਾਲਤ ਕੀਤੀ। ਉਨ੍ਹਾਂ ਕਿਹਾ ਕਿ ਸਟਾਰਟਅੱਪਸ ਵਿੱਚ ਨੌਜਵਾਨਾਂ ਲਈ ਨਵੇਂ ਮੌਕੇ ਪੈਦਾ ਕਰਕੇ ਅਤੇ ਸਵੈ-ਨਿਰਭਰਤਾ ਨੂੰ ਉਤਸ਼ਾਹਿਤ ਕਰਕੇ ਬੇਰੁਜ਼ਗਾਰੀ ਨਾਲ ਨਜਿੱਠਣ ਵਿੱਚ ਇੱਕ ਵੱਡੀ ਸ਼ਕਤੀ ਬਣਨ ਦੀ ਸਮਰੱਥਾ ਹੈ। ਨਿਰੰਤਰ ਵਿੱਤੀ ਸਹਾਇਤਾ, ਸਲਾਹ ਅਤੇ ਇਨਕਿਊਬੇਸ਼ਨ ਸਹਾਇਤਾ ਦੀ ਜ਼ਰੂਰਤ @ਤੇ ਜ਼ੋਰ ਦਿੰਦੇ ਹੋਏ, ਉਨ੍ਹਾਂ ਨੇ ਵੱਡੇ ਉਦਯੋਗਿਕ ਘਰਾਣਿਆਂ ਅਤੇ ਸਥਾਪਿਤ ਵਪਾਰਕ ਨੇਤਾਵਾਂ ਨੂੰ ਨੌਜਵਾਨ ਉੱਦਮੀਆਂ ਨੂੰ ਸਰਗਰਮੀ ਨਾਲ ਮਾਰਗਦਰਸ਼ਨ ਅਤੇ ਨਿਵੇਸ਼ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਨੌਜਵਾਨਾਂ ਕੋਲ ਅਥਾਹ ਪ੍ਰਤਿਭਾ, ਤਕਨੀਕੀ ਹੁਨਰ ਅਤੇ ਉੱਦਮੀ ਭਾਵਨਾ ਹੈ, ਪਰ ਵਿਚਾਰਾਂ ਨੂੰ ਸਫਲ ਉੱਦਮਾਂ ਵਿੱਚ ਬਦਲਣ ਲਈ ਇੱਕ ਸਹਾਇਕ ਵਾਤਾਵਰਣ ਦੀ ਲੋੜ ਹੈ। ਰਾਜਪਾਲ ਨੇ ਵਿਦਿਅਕ ਸੰਸਥਾਵਾਂ, ਉਦਯੋਗਾਂ ਅਤੇ ਸਰਕਾਰੀ ਸੰਸਥਾਵਾਂ ਨੂੰ ਨਵੀਨਤਾ ਕੇਂਦਰਾਂ ਅਤੇ ਸਟਾਰਟਅੱਪ ਅਨੁਕੂਲ ਨੀਤੀਆਂ ਬਣਾਉਣ ਵਿੱਚ ਇਕੱਠੇ ਕੰਮ ਕਰਨ ਲਈ ਉਤਸ਼ਾਹਿਤ ਕੀਤਾ ਤਾਂ ਜੋ ਪੰਜਾਬ ਨੂੰ ਤਕਨਾਲੋਜੀ, ਨਿਰਮਾਣ ਅਤੇ ਟਿਕਾਊ ਉੱਦਮਾਂ ਲਈ ਇੱਕ ਮੋਹਰੀ ਮੰਜ਼ਿਲ ਵਜੋਂ ਉਭਰਨ ਵਿੱਚ ਮਦਦ ਕਰ ਸਕਦੀਆਂ ਹਨ। ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਜੋ ਸਿਰਫ਼ ਤਿੰਨ ਸਰਕਾਰੀ ਵਾਹਨਾਂ ਦੇ ਕਾਫ਼ਲੇ ਨਾਲ ਲੁਧਿਆਣਾ ਆਏ ਸਨ ਨੇ ਨੌਜਵਾਨ ਉੱਦਮੀਆਂ ਨੂੰ ਪੈਟਰੋਲ ਅਤੇ ਡੀਜ਼ਲ ਦੇ ਟਿਕਾਊ ਵਿਕਲਪ ਵਿਕਸਤ ਕਰਨ @ਤੇ ਧਿਆਨ ਕੇਂਦਰਿਤ ਕਰਨ ਲਈ ਉਤਸ਼ਾਹਿਤ ਕੀਤਾ। ਉਨ੍ਹਾਂ ਇਸ ਗੱਲ @ਤੇ ਜ਼ੋਰ ਦਿੱਤਾ ਕਿ ਦੁਨੀਆ ਇੱਕ ਗੰਭੀਰ ਊਰਜਾ ਸੰਕਟ ਦਾ ਸਾਹਮਣਾ ਕਰ ਰਹੀ ਹੈ। ਸਾਫ਼ ਅਤੇ ਨਵਿਆਉਣਯੋਗ ਊਰਜਾ ਵਿੱਚ ਨਵੀਨਤਾ ਸਮੇਂ ਦੀ ਲੋੜ ਹੈ। ਭਵਿੱਖ ਦੀਆਂ ਚੁਣੌਤੀਆਂ ਨੂੰ ਉਜਾਗਰ ਕਰਦੇ ਹੋਏ, ਉਨ੍ਹਾਂ ਨੌਜਵਾਨ ਨਵੀਨਤਾਕਾਰਾਂ ਨੂੰ ਪੈਟਰੋਲ ਅਤੇ ਡੀਜ਼ਲ ਦੇ ਵਿਕਲਪਾਂ ਦੀ ਖੋਜ ਕਰਨ ਅਤੇ ਹਰੀ ਤਕਨਾਲੋਜੀਆਂ, ਨਵਿਆਉਣਯੋਗ ਊਰਜਾ ਅਤੇ ਵਾਤਾਵਰਣ ਪੱਖੋਂ ਟਿਕਾਊ ਉਦਯੋਗਿਕ ਅਭਿਆਸਾਂ @ਤੇ ਧਿਆਨ ਕੇਂਦਰਿਤ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਆਉਣ ਵਾਲਾ ਦਹਾਕਾ ਉਨ੍ਹਾਂ ਉੱਦਮੀਆਂ ਦਾ ਹੋਵੇਗਾ ਜੋ ਨਵੀਨਤਾ ਨੂੰ ਸਥਿਰਤਾ ਨਾਲ ਜੋੜਦੇ ਹਨ। ਰਾਜਪਾਲ ਨੇ ਅੱਗੇ ਕਿਹਾ ਕਿ ਜਿੱਥੇ ਪੰਜਾਬ ਨੂੰ ਭਾਰਤ ਦੇ ਭੋਜਨ ਕਟੋਰੇ ਵਜੋਂ ਜਾਣਿਆ ਜਾਂਦਾ ਹੈ, ਉੱਥੇ ਰਾਜ ਨੂੰ ਹੁਣ ਪੌਸ਼ਟਿਕ ਅਤੇ ਸਿਹਤਮੰਦ ਭੋਜਨ ਉਤਪਾਦਨ ਦਾ ਕੇਂਦਰ ਬਣਨ ਲਈ ਵੀ ਯਤਨਸ਼ੀਲ ਰਹਿਣਾ ਚਾਹੀਦਾ ਹੈ। ਸੰਮੇਲਨ ਵਿੱਚ ਪੁਰਸਕਾਰ ਜੇਤੂਆਂ ਨੂੰ ਵਧਾਈ ਦਿੰਦੇ ਹੋਏ, ਉਨ੍ਹਾਂ ਨੇ ਉਨ੍ਹਾਂ ਨੂੰ ਪੰਜਾਬ ਅਤੇ ਭਾਰਤ ਨੂੰ ਆਰਥਿਕ ਤੌਰ @ਤੇ ਮਜ਼ਬੂਤ ਅਤੇ ਵਿਸ਼ਵ ਪੱਧਰ @ਤੇ ਪ੍ਰਤੀਯੋਗੀ ਬਣਾਉਣ ਵਿੱਚ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ।